Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.
Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 839, 30 Jan. to 05 Feb., 2025, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਦੇ ਪਰਿਵਾਰਕ ਵੀਜ਼ਾ ਬੁਲੇਟਿਨ 'ਚ ਹੋਈ ਹਿਲਜੁਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**-ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਫਰਵਰੀ 2025 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ ਬੁਲੇਟਿਨ 'ਚ ਕਾਫੀ ਹਿਲਜੁਲ ਦੇਖਣ ਨੂੰ ਮਿਲੀ। ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 8 ਅਪ੍ਰੈਲ, 2006 ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 1 ਜੁਲਾਈ 2010 ਹੈ।




ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 22 ਮਈ 2016 ਚੱਲ ਰਹੀ ਹੈ। ਇਸ ਵਾਰ ਇਸ ਵਿਚ ਵੀ ਤਬਦੀਲੀ ਦੇਖਣ ਨੂੰ ਮਿਲੀ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਜਨਵਰੀ 2022 ਹੈ। ਇਸ ਵਾਰ ਇਸ ਵਿਚ ਵੀ ਕੋਈ ਤਬਦੀਲੀ ਦੇਖਣ ਨੂੰ ਨਹੀਂ ਮਿਲੀ।

ਅਮਰੀਕਨ ਸਿਟੀਜ਼ਨ ਦੇ ਅਣਵਿਆਹੇ ਬੱਚੇ, ਜਿਹੜੇ ਕਿ 21 ਸਾਲ ਤੋਂ ਵੱਧ ਹਨ, ਜੋ ਕਿ F-1 ਕੈਟਾਗਰੀ ਨਾਲ ਸੰਬੰਧਤ ਹਨ, ਉਨ੍ਹਾਂ ਦੀ ਸਮਾਂ ਸੂਚੀ 22 ਨਵੰਬਰ 2015 ਹੈ, ਇਸ ਵਿਚ ਵੀ ਵਾਧਾ ਦੇਖਣ ਨੂੰ ਮਿਲਿਆ ਹੈ।


ਨੈਸ਼ਨਲ ਵੀਜ਼ਾ ਸੈਂਟਰ ਵੱਲੋਂ ਇੰਟਰਵਿਊ ਦਾ ਸਮਾਂ F-4 ਕੈਟਾਗਰੀ ਲਈ 15 ਅਗਸਤ, 2006 ਤੋਂ ਪਹਿਲਾਂ ਅਪਲਾਈ ਹੋਏ ਅਰਜ਼ੀਕਾਰਾਂ ਤੋਂ ਪੇਪਰ ਮੰਗੇ ਜਾ ਰਹੇ ਹਨ।

F-3 ਕੈਟਾਗਰੀ ਲਈ 22 ਅਪ੍ਰੈਲ, 2012, F-2B ਕੈਟਾਗਰੀ ਲਈ 1 ਜਨਵਰੀ, 2017, F-2A ਕੈਟਾਗਰੀ ਲਈ 15 ਜੁਲਾਈ, 2024 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਮਹਾਕੁੰਭ 'ਚ ਭਾਜੜ : 22 ਸ਼ਰਧਾਲੂਆਂ ਦੀ ਮੌਤ; 50 ਤੋਂ ਵੱਧ ਗੰਭੀਰ ਜ਼ਖਮੀ

**ਪ੍ਰਯਾਗਰਾਜ, (ਪੰਜਾਬ ਮੇਲ)**-ਪ੍ਰਯਾਗਰਾਜ ਮਹਾਕੁੰਭ 'ਚ ਸੰਗਮ ਘਾਟ 'ਤੇ ਅਚਾਨਕ ਮਚੀ ਭਾਜੜ ਕਾਰਨ ਵੱਡਾ ਹਾਦਸਾ ਵਾਪਰ ਗਿਆ, ਜਿਸ ਕਾਰਨ 22 ਸ਼ਰਧਾਲੂਆਂ ਦੇ ਮਾਰੇ ਜਾਣ ਦੀ ਖ਼ਬਰ ਹੈ। ਇਸ ਦਾ ਮੁੱਖ ਕਾਰਨ 144 ਸਾਲਾਂ ਬਾਅਦ 'ਤ੍ਰਿਵੇਣੀ ਯੋਗ' ਹੋਣਾ ਵੀ ਮੰਨਿਆ ਜਾ ਰਿਹਾ ਹੈ, ਇਸ ਯੋਗ ਕਾਰਨ ਇਸ਼ਨਾਨ ਦੀ ਅਧਿਆਤਮਿਕ ਮਹੱਤਤਾ ਹੋਰ ਵਧ ਗਈ ਸੀ।


ਪਰ ਇਸ਼ਨਾਨ ਤੋਂ ਪਹਿਲਾਂ ਬੁੱਧਵਾਰ ਤੜਕਸਾਰ ਮਹਾਕੁੰਭ ਲਈ ਨਦੀ ਦੇ ਕਿਨਾਰਿਆਂ ਦੀ 12 ਕਿਲੋਮੀਟਰ ਲੰਬੀ ਲਾਈਨ ਦੇ ਨਾਲ ਬਣਾਏ ਗਏ ਸੰਗਮ ਅਤੇ ਹੋਰ ਸਾਰੇ ਘਾਟਾਂ 'ਤੇ ਭਾਰੀ ਭੀੜ ਵਿਚਕਾਰ ਭਗਦੜ ਦਾ ਮਾਹੌਲ ਬਣ ਗਿਆ, ਜਿਸ ਕਾਰਨ ਉਥੇ ਕਈ ਸ਼ਰਧਾਲੂਆਂ ਦੇ ਮਾਰੇ ਜਾਣ ਅਤੇ ਜ਼ਖਮੀ ਹੋਣ ਦਾ ਖਦਸ਼ਾ ਹੈ। ਇਹ ਹਾਦਸਾ ਜ਼ਿਆਦਾ ਭੀੜ ਕਾਰਨ ਵਾਪਰਿਆ। ਅਚਾਨਕ ਮਚੀ ਭਾਜੜ ਤੋਂ ਕਿਸੇ ਨੂੰ ਉਭਰਨ ਦਾ ਮੌਕਾ ਨਹੀਂ ਮਿਲਿਆ।

ਰਾਹਤ ਅਤੇ ਬਚਾਅ ਕਾਰਜ ਦੌਰਾਨ ਜ਼ਖ਼ਮੀਆਂ ਨੂੰ ਹਸਪਤਾਲ ਲੈ ਕੇ ਜਾਂਦੇ ਹੋਏ ਸੈਨਾ ਦੇ ਜਵਾਨ।

ਜ਼ਖਮੀਆਂ ਨੂੰ ਮਹਾਕੁੰਭ ਹਸਪਤਾਲ ਪਹੁੰਚਾਉਣ ਲਈ ਐਂਬੂਲੈਂਸਾਂ ਦੀ ਭੀੜ ਲੱਗੀ ਹੋਈ ਹੈ। ਪੂਰਾ ਪ੍ਰਸ਼ਾਸਨ ਰਾਹਤ ਅਤੇ ਬਚਾਅ ਕਾਰਜ 'ਚ ਲੱਗਾ ਹੋਇਆ ਹੈ। ਇਹ ਦਰਦਨਾਕ ਹਾਦਸਾ ਰਾਤ ਕਰੀਬ 2 ਵਜੇ ਸੰਗਮ ਬੀਚ ਨੇੜੇ ਵਾਪਰਿਆ। ਮੇਲਾ ਅਧਿਕਾਰੀ ਵਿਜੇ ਕਿਰਨ ਆਨੰਦ ਨੇ ਦੱਸਿਆ ਕਿ ਇੱਕ ਅਫ਼ਵਾਹ ਕਾਰਨ ਭਾਜੜ ਮੱਚ ਗਈ, ਜਿਸ ਵਿਚ 22 ਸ਼ਰਧਾਲੂਆਂ ਦੀ ਮੌਤ ਹੋ ਗਈ। 50 ਤੋਂ ਵੱਧ ਲੋਕ ਗੰਭੀਰ ਜ਼ਖਮੀ ਹਨ। ■ ਬਾਕੀ ਖਬਰ ਸਫਾ 15 'ਤੇ

## ਗੁਰਜਤਿੰਦਰ ਰੰਧਾਵਾ ਦੀ ਡਾ. ਉਬਰਾਏ ਨਾਲ ਚੰਡੀਗੜ੍ਹ ਵਿਖੇ ਹੋਈ ਅਹਿਮ ਮੁਲਾਕਾਤ




**ਚੰਡੀਗੜ੍ਹ, (ਪੰਜਾਬ ਮੇਲ)**- ਵਿਸ਼ਵ ਪ੍ਰਸਿੱਧ ਦਾਨੀ ਡਾ. ਐੱਸ.ਪੀ. ਸਿੰਘ ਉਬਰਾਏ ਦੀ ਜੀਵਨੀ ਅਤੇ ਉਨ੍ਹਾਂ ਦੇ ਕੰਮਾਂ ਬਾਰੇ ਪਹਿਲਾਂ ਵੀ ਬਹੁਤ ਸਾਰੀਆਂ ਕਿਤਾਬਾਂ ਵੱਖ-ਵੱਖ ਲੇਖਕਾਂ ਵੱਲੋਂ ਲਿਖੀਆਂ ਜਾ ਚੁੱਕੀਆਂ ਹਨ। ਹੁਣ ਇਸ ਸੰਬੰਧੀ ਇਕ ਨਵੀਂ ਕਿਤਾਬ ਡਾ. ਸਰਬਜੀਤ ਸਿੰਘ ਛੀਨਾ ਨੇ ਉਨ੍ਹਾਂ ਬਾਰੇ ਲਿਖੀ ਹੈ, ਜਿਸ ਦਾ ਸਿਰਲੇਖ ਹੈ 'ਸੇਵੀਅਰ ਸਿੰਘ', ਜਿਸ ਦਾ ਮਤਲਬ ਹੈ, 'ਜਾਨਾਂ ਬਚਾਉਣ ਵਾਲਾ ਸਿੱਖ'। ਇਹ ਪੁਸਤਕ ਕਾਫੀ ਪ੍ਰਸਿੱਧੀ ਪ੍ਰਾਪਤ ਕਰ ਗਈ ਹੈ।

ਇਹ ਪੁਸਤਕ ਡਾ. ਐੱਸ.ਪੀ. ਸਿੰਘ ਉਬਰਾਏ ਨੇ ਆਪਣੇ ਚੰਡੀਗੜ੍ਹ ਸਥਿਤ ਗ੍ਰਹਿ ਵਿਖੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਕੈਲੀਫੋਰਨੀਆ ਦੇ ਪ੍ਰਧਾਨ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਭੇਟ ਕੀਤੀ। ਇਸ ਪੁਸਤਕ ਵਿਚ ਡਾ. ਸਰਬਜੀਤ ਸਿੰਘ ਛੀਨਾ ਨੇ ਡਾ. ਐੱਸ.ਪੀ. ਸਿੰਘ ਉਬਰਾਏ ਬਾਰੇ ਬਹੁਤ ਹੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਹੈ। ਉਨ੍ਹਾਂ ਵੱਲੋਂ ਦੁਬਈ ਵਿਚ ਨੌਜਵਾਨਾਂ ਦੀਆਂ ਬਚਾਈਆਂ ਗਈਆਂ ਜਾਨਾਂ, ਉਨ੍ਹਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਦਿੱਤੀਆਂ ਗਈਆਂ ਸਿਹਤ ਸੇਵਾਵਾਂ, ਬਜ਼ੁਰਗਾਂ ਅਤੇ ਬੇਸਹਾਰਾ ਨੂੰ ਦਿੱਤੀ ਜਾਂਦੀ ਪੈਨਸ਼ਨ, ਗਰੀਬਾਂ ਲਈ ਬਣਾਏ ਗਏ ਘਰਾਂ ਅਤੇ ਅਜਿਹੇ ਹੋਰ ਵੀ ਬਹੁਤ ਸਾਰੇ ਕਾਰਜ ਜੋ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਕੀਤੇ ਜਾਂਦੇ ਹਨ, ਉਹ ਇਸ ਪੁਸਤਕ ਵਿਚ ਵਿਸਥਾਰਪੂਰਵਕ ਦੱਸੇ ਗਏ ਹਨ।

ਇਸ ਦੌਰਾਨ ਡਾ. ਉਬਰਾਏ ਅਤੇ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਦੁਨੀਆਂ ਭਰ ਵਿਚ ਚੱਲ ਰਹੇ ਕੰਮਾਂ ਬਾਰੇ ਵਿਚਾਰ-ਵਟਾਂਦਰੇ ਕੀਤੇ ਅਤੇ ਸ. ਰੰਧਾਵਾ ਨੇ ਡਾ. ਉਬਰਾਏ ਨੂੰ ਅਮਰੀਕਾ ਆਉਣ ਦਾ ਸੱਦਾ ਦਿੱਤਾ। ਜਿੱਥੇ ਕਿ ਪਹਿਲਾਂ ਵਾਂਗ ਵੱਖ-ਵੱਖ ਥਾਵਾਂ 'ਤੇ ਜਾ ਕੇ ਲੋਕਾਂ ਨੂੰ ਅਜਿਹੇ ਚੱਲ ਰਹੇ ਪ੍ਰਾਜੈਕਟਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਡਾ. ਉਬਰਾਏ ਸਾਰਾ ਲੋਕ ਭਲਾਈ ਦਾ ਸਾਰਾ ਖਰਚਾ ਆਪਣੇ ਪੱਲਿਓਂ ਕਰਦੇ ਹਨ।

## ਪ੍ਰਧਾਨ ਮੰਤਰੀ ਮੋਦੀ ਫਰਵਰੀ ਮਹੀਨੇ ਆਉਣਗੇ ਅਮਰੀਕਾ

**ਵਾਸ਼ਿੰਗਟਨ, (ਪੰਜਾਬ ਮੇਲ)**-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਵਰੀ ਵਿਚ ਅਮਰੀਕਾ ਦਾ ਦੌਰਾ ਕਰਨਗੇ।

ਉਹ (ਪ੍ਰਧਾਨ ਮੰਤਰੀ ਮੋਦੀ) ਫਰਵਰੀ ਵਿਚ ਕਿਸੇ ਸਮੇਂ ਅਮਰੀਕਾ ਦਾ ਦੌਰਾ ਕਰਨਗੇ," ਟਰੰਪ ਨੇ ਇੱਕ ਪ੍ਰੈਸ ਸੰਬੋਧਨ ਵਿਚ ਕਿਹਾ।

ਜਦੋਂ ਗੈਰ-ਕਾਨੂੰਨੀ ਪ੍ਰਵਾਸੀਆਂ ਬਾਰੇ ਚਰਚਾਵਾਂ ਅਤੇ ਕੀ ਪ੍ਰਧਾਨ ਮੰਤਰੀ ਮੋਦੀ ਉਨ੍ਹਾਂ ਨੂੰ ਵਾਪਸ ਲੈਣ ਲਈ ਸਹਿਮਤ ਹਨ, ਤਾਂ ਟਰੰਪ ਨੇ ਜਵਾਬ ਦਿੱਤਾ, "ਉਹ ਉਹੀ ਕਰਨਗੇ, ਜੋ ਸਹੀ ਹੈ। ਅਸੀਂ ਇਸ 'ਤੇ ਚਰਚਾ ਕੀਤੀ।"



ਪਹਿਲਾਂ, ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਫ਼ੋਨ 'ਤੇ ਗੱਲ ਕੀਤੀ, ਜਿੱਥੇ ਦੋਵਾਂ ਨੇਤਾਵਾਂ ਨੇ ਦੋਵਾਂ ਦੇਸ਼ਾਂ ਵਿਚਕਾਰ "ਆਪਸੀ ਲਾਭਦਾਇਕ ਅਤੇ ਭਰੋਸੇਮੰਦ ਭਾਈਵਾਲੀ" ਨੂੰ ਅੱਗੇ ਵਧਾਉਣ ਦੀ ਆਪਣੀ ਵਚਨਬੱਧਤਾ ਦੁਹਰਾਈ।

## ਓਨਟਾਰੀਓ 'ਚ 27 ਫਰਵਰੀ ਨੂੰ ਮੱਧਕਲੀ ਚੋਣਾਂ ਦਾ ਐਲਾਨ

**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ ਦੇ ਸਭ ਤੋਂ ਵੱਡੇ ਸੂਬੇ ਓਨਟਾਰੀਓ ਦੀ ਵਿਧਾਨ ਸਭਾ ਭੰਗ ਹੋਣ ਤੋਂ ਬਾਅਦ 27 ਫਰਵਰੀ ਨੂੰ ਮੱਧਕਾਲੀ ਚੋਣਾਂ ਦਾ ਐਲਾਨ ਹੋ ਗਿਆ ਹੈ। ਸੂਬੇ ਦੀ 43ਵੀਂ ਵਿਧਾਨ ਸਭਾ ਮਾਰਚ ਦੇ ਪਹਿਲੇ ਹਫਤੇ ਗਠਿਤ ਹੋ ਹੋਣੀ ਹੈ। ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਭੰਗ ਹੋਈ ਵਿਧਾਨ ਸਭਾ ਦੀ ਚੋਣ 7 ਜੂਨ 2022 ਨੂੰ ਹੋਈ ਸੀ, ਜਿਸ ਵਿਚ 124 ਮੈਂਬਰੀ ਹਾਊਸ ਲਈ ਡੱਗ ਫੋਰਡ ਦੀ ਅਗਵਾਈ ਵਾਲੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ 83 ਸੀਟਾਂ ਜਿੱਤੀਆਂ ■ ਬਾਕੀ ਖਬਰ ਸਫਾ 15 'ਤੇ



ਡੱਗ ਫੋਰਡ।

## ਦਿੱਲੀ ਚੋਣਾਂ ਤੋਂ ਪਹਿਲਾਂ ਡੇਰਾ ਮੁਖੀ ਰਾਮ ਰਹੀਮ ਨੂੰ ਮੁੜ ਮਿਲੀ 30 ਦਿਨ ਦੀ ਪੈਰੋਲ

**ਚੰਡੀਗੜ੍ਹ, (ਪੰਜਾਬ ਮੇਲ)**- ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁੜ ਫਰਲੋਅ ਮਿਲ ਗਈ ਹੈ। ਇਸ ਵਾਰ ਉਸ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਡੇਰਾ ਮੁਖੀ ਦੋ ਸਾਧਵੀਆਂ ਨਾਲ ਜਬਰ-ਜਨਾਹ ਦੇ ਦੋਸ਼ ਹੇਠ ਹਰਿਆਣਾ ਵਿਚ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਚਾਰ ਸਾਲਾਂ ਵਿਚ ਰਾਮ ਰਹੀਮ ਦੀ ਇਹ 12ਵੀਂ ਪੈਰੋਲ ਜਾਂ ਫਰਲੋਅ ਹੈ। ਉਨ੍ਹਾਂ ਨੂੰ ਦਿੱਲੀ ਵਿਧਾਨ ਸਭਾ ਚੋਣਾਂ ਤੋਂ ਲਗਪਗ ਇਕ ਹਫ਼ਤਾ ਪਹਿਲਾਂ ਤੇ ਹਰਿਆਣਾ ਨਗਰ ਨਿਗਮ ਚੋਣਾਂ ਤੋਂ ਪਹਿਲਾਂ ਪੈਰੋਲ ਮਿਲੀ ਹੈ।



■ ਬਾਕੀ ਖਬਰ ਸਫਾ 14 'ਤੇ

■ ਡੇਰਾ ਮੁਖੀ ਨੂੰ ਪਹਿਲੀ ਵਾਰ ਸਿਰਸਾ ਜਾਣ ਦੀ ਮਿਲੀ ਇਜਾਜ਼ਤ

### ਗੁਰਮੀਤ ਰਾਮ ਰਹੀਮ ਨੂੰ ਮੁੜ ਪੈਰੋਲ ਦੇਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਇਤਰਾਜ਼ ਪ੍ਰਗਟ

**ਅੰਮ੍ਰਿਤਸਰ, (ਪੰਜਾਬ ਮੇਲ)**- ਕਤਲ ਤੇ ਜਬਰ ਜਨਾਹ ਦੇ ਸੰਗੀਨ ਦੋਸ਼ਾਂ ਤਹਿਤ ਜੇਲ੍ਹ 'ਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਰਕਾਰ ਵੱਲੋਂ ਮੁੜ ਪੈਰੋਲ ਦੇਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਫੈਸਲਾ ਸਰਕਾਰ ਦੀ ਦੋਹਰੀ ਪਹੁੰਚ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸਿਆਸੀ ਲਾਹੇ ਲਈ ਰਾਮ ਰਹੀਮ ਨੂੰ ਵਾਰ-ਵਾਰ ਫਰਲੋ ਅਤੇ ਪੈਰੋਲ ਦਿੰਦੀ ਹੈ, ਜਦਕਿ ਤਿੰਨ-ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ

■ ਬਾਕੀ ਖਬਰ ਸਫਾ 14 'ਤੇ

## ਭਾਰਤ ਵੱਲੋਂ 2023 ਦੇ ਸਾਨ ਫਰਾਂਸਿਸਕੋ ਕੌਂਸਲੇਟ ਹਮਲੇ ਦੀ ਜਵਾਬਦੇਹੀ ਦੀ ਮੰਗ

**ਵਾਸ਼ਿੰਗਟਨ, (ਪੰਜਾਬ ਮੇਲ)**-ਡੀ.ਸੀ. ਵਿਚ ਇੱਕ ਪ੍ਰੈਸ ਕਾਨਫਰੰਸ ਦੌਰਾਨ, ਜੈਸ਼ੰਕਰ ਨੇ ਕਿਹਾ, "ਸਾਡੇ ਵਣਜ ਦੂਤਘਰ 'ਤੇ ਅੱਗਜ਼ਨੀ ਦਾ ਹਮਲਾ ਇੱਕ ਬਹੁਤ ਹੀ ਗੰਭੀਰ ਮਾਮਲਾ ਹੈ, ਅਤੇ ਇਸ ਲਈ ਅਸੀਂ ਜਵਾਬਦੇਹੀ ਦੀ ਉਮੀਦ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਜਿਨ੍ਹਾਂ ਨੇ ਇਹ ਕੰਮ ਕੀਤਾ ਹੈ, ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ ਜਾਵੇ।"

ਇਹ ਹਮਲਾ 19 ਮਾਰਚ 2023 ਨੂੰ ਹੋਇਆ ਸੀ, ਜਦੋਂ ਹਮਲਾਵਰਾਂ ਦੇ ਇੱਕ ਸਮੂਹ ਨੇ ਜਲਣਸ਼ੀਲ ਪਦਾਰਥ ਪਾ ਕੇ ਕੌਂਸਲੇਟ ਦੀ ਇਮਾਰਤ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਦਿਨ ਬਾਅਦ ਵਿਚ ਹਮਲਾਵਰਾਂ ਨੇ ਦੁਬਾਰਾ ਹਮਲਾ ਕੀਤਾ, ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਅਤੇ ਕੌਂਸਲੇਟ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਇਆ। ਸੋਸ਼ਲ ਮੀਡੀਆ 'ਤੇ ਕੁਝ ਵੀਡੀਓਜ਼ ਵਾਇਰਲ ਹੋਈਆਂ ਸਨ, ਜਿਸ ਵਿਚ ਖਾਲਿਸਤਾਨੀ ਸਮਰਥਕ ਕੌਂਸਲੇਟ ਦੇ ਬਾਹਰ ਨਾਅਰੇਬਾਜ਼ੀ ਕਰ ਰਹੇ ਸਨ ਅਤੇ ਡਿਪਲੋਮੈਟਿਕ ਸਟਾਫ ਨਾਲ ਦੁਰਵਿਵਹਾਰ ਕਰ ਰਹੇ ਸਨ।




ਇਸ ਘਟਨਾ ਤੋਂ ਬਾਅਦ ਜੁਲਾਈ 2023 ਵਿਚ ਇੱਕ ਹੋਰ

■ ਬਾਕੀ ਖਬਰ ਸਫਾ 15 'ਤੇ

# ਦੁਨੀਆਂ ਦੇ ਕਿਸੇ ਵੀ ਦੇਸ਼ ਜਾਵੋ, ਸਫਲਤਾ ਸਿਰਫ ਮਿਹਨਤ ਅਤੇ ਇਮਾਨਦਾਰੀ ਨਾਲ ਹੀ ਮਿਲਦੀ ਹੈ : ਰੰਧਾਵਾ





ਨਿਰਮਲ ਜੌੜਾ ਨੂੰ 'ਪਰੌਮੀਨੈਂਟ ਸਿੱਖਸ ਆਫ ਯੂ.ਐੱਸ.ਏ.' ਪੁਸਤਕ ਭੇਟ ਕਰਦੇ ਹੋਏ ਗੁਰਜਤਿੰਦਰ ਸਿੰਘ ਰੰਧਾਵਾ ਸਿਟੀ ਕਮਿਸ਼ਨਰ ਕੈਲੀਫੋਰਨੀਆ (ਅਮਰੀਕਾ)।

**ਲੁਧਿਆਣਾ, (ਪੰਜਾਬ ਮੇਲ)**- ਅਮਰੀਕਾ ਦੇ ਜਾਣੇ-ਪਹਿਚਾਣੇ ਚਿੰਤਕ ਅਤੇ ਕੈਲੀਫੋਰਨੀਆ ਦੇ ਸਿਟੀ ਕਮਿਸ਼ਨਰ ਸ. ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਵੋ, ਦ੍ਰਿੜ੍ਹ ਇਰਾਦੇ ਅਤੇ ਕੰਮ ਸੱਭਿਆਚਾਰ ਤੁਹਾਡੇ ਸੁਭਾਅ ਵਿਚ ਸ਼ਾਮਲ ਹੋਣਾ ਜ਼ਰੂਰੀ ਹੈ ਕਿਉਂਕਿ ਇਹੀ ਸੁਭਾਅ ਸਮਾਜ ਵਿਚ ਤੁਹਾਡੀ ਚੰਗੀ ਪਹਿਚਾਣ ਬਣਾਉਂਦਾ ਹੈ। ਜ਼ਿੰਦਗੀ ਵਿਚ ਸਫਲਤਾ ਸਬੰਧੀ ਗੱਲ ਕਰਦਿਆਂ ਸਰਦਾਰ ਰੰਧਾਵਾ ਨੇ ਕਿਹਾ ਕਿ ਦੇਸ਼ ਕੋਈ ਵੀ ਹੋਵੇ, ਸਫਲਤਾ ਦਾ ਫਾਰਮੂਲਾ ਸਿਰਫ ਮਿਹਨਤ ਅਤੇ ਇਮਾਨਦਾਰੀ ਹੀ ਹੁੰਦਾ ਹੈ। ਬਾਬਾ ਫਰੀਦ ਫਾਊਂਡੇਸ਼ਨ ਇੰਟਰਨੈਸ਼ਨਲ ਵੱਲੋਂ ਅਯੋਜਿਤ ਇੱਕ ਸਮਾਗਮ ਵਿਚ ਸ. ਰੰਧਾਵਾ ਨੇ ਦੱਸਿਆ ਕਿ ਉਹ ਤੀਹ ਸਾਲ ਤੋਂ ਅਮਰੀਕਾ ਰਹਿ ਰਹੇ ਹਨ, ਜਦੋਂਕਿ ਆਪਣੇ ਕਾਰੋਬਾਰ ਅਤੇ ਸਾਹਿਤਕ ਗਤੀਵਿਧੀਆਂ ਕਰਕੇ ਉਨ੍ਹਾਂ ਨੂੰ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿਚ ਜਾਣ ਦਾ ਮੌਕਾ ਵੀ ਮਿਲਦਾ ਰਹਿੰਦਾ ਹੈ। ਇਸ ਲਈ ਮੈਂ ਹਰ ਮੁਲਕ ਵਿਚ ਮਿਹਨਤ ਅਤੇ ਇਮਾਨਦਾਰੀ ਦਾ ਬੋਲਬਾਲਾ ਦੇਖਿਆ ਹੈ। ਸਮਾਗਮ ਦੌਰਾਨ ਫਾਊਂਡੇਸ਼ਨ ਦੇ ਚੇਅਰਮੈਨ ਜੱਥੇਦਾਰ ਪ੍ਰੀਤਮ ਸਿੰਘ ਭਰੋਵਾਲ ਅਤੇ ਸਕੱਤਰ ਜਨਰਲ ਡਾ. ਨਿਰਮਲ ਜੌੜਾ ਨੇ ਸ. ਰੰਧਾਵਾ ਦਾ ਸਨਮਾਨ ਕੀਤਾ। ਸਨਮਾਨ ਪ੍ਰਾਪਤੀ ਉਪਰੰਤ ਸ. ਰੰਧਾਵਾ ਨੇ ਇਹ ਵੀ ਕਿਹਾ ਕਿ ਸਾਨੂੰ ਆਪਣੀ ਮਾਂ ਬੋਲੀ ਅਤੇ ਸੱਭਿਆਚਾਰ ਉੱਤੇ ਮਾਣ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੱਤ ਸਮੁੰਦਰ ਪਾਰ ਜਾ ਕੇ ਵੀ ਸਾਨੂੰ ਸਾਡੀ ਭਾਸ਼ਾ ਅਤੇ ਰੀਤੀ ਰਿਵਾਜ਼ ਸਕੂਨ ਦਿੰਦੇ ਹਨ।

ਸ. ਰੰਧਾਵਾ ਦਾ ਸਾਵਗਤ ਕਰਦਿਆਂ ਫਾਊਂਡੇਸ਼ਨ ਦੇ ਸਕੱਤਰ ਜਨਰਲ ਡਾ. ਨਿਰਮਲ ਜੌੜਾ ਨੇ ਕਿਹਾ ਕਿ ਗੁਰਜਤਿੰਦਰ ਰੰਧਾਵਾ ਜਿਥੇ ਮਿਹਨਤੀ ਸੁਭਾਅ ਦੇ ਮਾਲਕ ਹਨ, ਉਥੇ ਆਪਣੇ ਕੰਮ ਵਿਚ ਦਿਲਚਸਪੀ ਅਤੇ ਲਗਨ ਰੱਖਣ ਵਾਲੇ ਇਨਸਾਨ ਹਨ। ਡਾ. ਨਿਰਮਲ ਜੌੜਾ ਨੇ ਦੱਸਿਆ ਕਿ ਸ. ਰੰਧਾਵਾ ਨੇ ਅਮਰੀਕਾ ਵਰਗੇ ਵਿਕਸਿਤ ਮੁਲਕ ਵਿਚ ਜਾ ਕੇ ਆਪਣੀ ਮਿਹਨਤ ਦੇ ਬਲਬੂਤੇ ਜਿੱਥੇ ਕਾਰੋਬਾਰੀਆਂ ਦੀ ਕਤਾਰ ਵਿਚ ਜਗ੍ਹਾ ਬਣਾਈ ਹੈ, ਉਥੇ ਉਥੋਂ ਦੀ ਰਾਜਨੀਤੀ ਵਿਚ ਆਪਣੇ ਆਪ ਨੂੰ ਮਜ਼ਬੂਤ ਕੀਤਾ ਹੈ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਫਾਊਂਡੇਸ਼ਨ ਦੇ ਚੇਅਰਮੈਨ ਜੱਥੇਦਾਰ ਪ੍ਰੀਤਮ ਸਿੰਘ ਭਰੋਵਾਲ ਨੇ ਕਿਹਾ ਕਿ ਗੁਰਜਤਿੰਦਰ ਰੰਧਾਵਾ ਬਹੁ-ਪਰਤੀ ਵਿਚਰਨ ਵਾਲਾ ਉੱਦਮੀ ਇਨਸਾਨ ਹੈ, ਜਿਸ ਨੇ ਵਪਾਰ, ਮੀਡੀਆ, ਸਾਹਿਤ, ਸੱਭਿਆਚਾਰ ਦੇ ਨਾਲ-ਨਾਲ ਰਾਜਨੀਤੀ ਅਤੇ ਸਮਾਜ ਸੇਵਾ ਵਿਚ ਚੰਗੇ ਕਾਰਜ ਕਰਕੇ ਦੁਨੀਆਂ ਵਿਚ ਆਪਣਾ ਨਾਮ ਕਮਾਇਆ ਹੈ। ਸ. ਭਰੋਵਾਲ ਨੇ ਦੱਸਿਆ ਪਿਛਲੇ ਸਮੇਂ ਪ੍ਰਕਾਸ਼ਤ ਹੋਈ ਡਾ. ਪ੍ਰਭਲੀਨ ਸਿੰਘ ਪਟਿਆਲਾ ਦੀ ਲਿਖੀ ਪੁੱਸਤਕ 'ਪਰੌਮੀਨੈਂਟ ਸਿੱਖਸ ਆਫ ਯੂ.ਐੱਸ.ਏ.' ਵਿਚ ਸ. ਰੰਧਾਵਾ ਦਾ ਜੀਵਨ ਬਿਊਰਾ ਛਪਣਾ ਮਾਣ ਵਾਲੀ ਗੱਲ ਹੈ ਕਿਉਂਕਿ ਇਸ ਪੁਸਤਕ ਵਿਚ ਅਮਰੀਕਾ ਦੇ ਚੋਣਵੇਂ ਸਿੱਖਾਂ ਬਾਰੇ ਚਰਚਾ ਕੀਤੀ ਗਈ ਹੈ। 'ਪਰੌਮੀਨੈਂਟ ਸਿੱਖਸ ਆਫ ਯੂ.ਐੱਸ.ਏ.' ਪੁਸਤਕ ਦੀ ਇੱਕ ਕਾਪੀ ਸ. ਰੰਧਾਵਾ ਵੱਲੋਂ ਬਾਬਾ ਫਰੀਦ ਲਾਇਬ੍ਰੇਰੀ ਲਈ ਭੇਟ ਕੀਤੀ ਗਈ।

ਇਸ ਮੌਕੇ ਸ. ਰੰਧਾਵਾ ਰਚਿਤ ਦੋ ਪੁੱਸਤਕਾਂ 'ਪ੍ਰਵਾਸੀ ਮੁੱਦੇ' ਅਤੇ 'ਆਵਾਜ਼-ਏ-ਪ੍ਰਵਾਸ' 'ਤੇ ਵੀ ਚਰਚਾ ਕੀਤੀ ਗਈ। ਇਸ ਮੌਕੇ ਜਸਵੰਤ ਸਿੰਘ ਛਾਪਾ ਅਤੇ ਡਾ. ਚੰਦਰ ਭਨੋਟ ਨੇ ਸ. ਗੁਰਜਤਿੰਦਰ ਸਿੰਘ ਰੰਧਾਵਾ ਦਾ ਧੰਨਵਾਦ ਕੀਤਾ।



# ਨਿਊਜਰਸੀ ਵਿਚ ਬਿਨਾਂ ਦਸਤਾਵੇਜ਼ ਲੋਕਾਂ ਦੀ ਗ੍ਰਿਫਤਾਰੀ ਉਪਰੰਤ ਦਹਿਸ਼ਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਨਿਊਜਰਸੀ ਦੇ ਮੇਅਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਬੀਤੇ ਦਿਨੀਂ ਸੰਘੀ ਏਜੰਟਾਂ ਦੁਆਰਾ ਬਹੁਤ ਸਾਰੇ ਲੋਕਾਂ ਨੂੰ ਹਿਰਾਸਤ ਵਿਚ ਲੈਣ ਉਪਰੰਤ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਹੈ, ਜਦਕਿ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਅਧਿਕਾਰੀਆਂ ਨੇ ਕਿਹਾ ਹੈ ਕਿ ਇਹ ਆਯੋਜਿਤ ਕਾਰਵਾਈ ਸੀ। ਨਿਊਆਰਕ ਦੇ ਮੇਅਰ ਰਸ ਬਰਾਕਾ ਨੇ ਕਿਹਾ ਹੈ ਕਿ ਸੰਘੀ ਏਜੰਟਾਂ ਨੇ ਇਕ ਸਥਾਨਕ ਕਾਰੋਬਾਰੀ ਅਦਾਰੇ ਉਪਰ ਛਾਪਾ ਮਾਰਿਆ ਤੇ ਬਿਨਾਂ ਦਸਤਾਵੇਜ ਲੋਕਾਂ ਦੇ ਨਾਲ-ਨਾਲ ਅਮਰੀਕੀ ਸ਼ਹਿਰੀਆਂ ਨੂੰ ਵੀ ਪ੍ਰੇਸ਼ਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੰਘੀ ਏਜੰਟਾਂ ਨੇ ਬਿਨਾਂ ਵਾਰੰਟ ਵਿਖਾਇਆਂ ਇਹ ਕਾਰਵਾਈ ਕੀਤੀ ਹੈ ਤੇ ਅਜਿਹਾ ਕਰਕੇ ਉਨ੍ਹਾਂ ਨੇ ਗੈਰ ਕਾਨੂੰਨੀ ਢੰਗ ਤਰੀਕੇ ਨਾਲ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਹੈ। ਮੇਅਰ ਅਨੁਸਾਰ ਹਿਰਾਸਤ ਵਿਚ ਲਏ ਲੋਕਾਂ ਵਿਚ ਇਕ ਅਮਰੀਕੀ ਫੌਜ ਦਾ ਸਾਬਕਾ ਜਵਾਨ ਵੀ ਸ਼ਾਮਿਲ ਹੈ, ਜਿਸ ਦੇ ਫੌਜ ਦੇ ਦਸਤਾਵੇਜ਼ਾਂ ਦੀ ਯੋਗਤਾ ਅੱਗੇ ਸਵਾਲੀਆ ਚਿੰਨ੍ਹ ਲਾ ਕੇ ਉਸ ਦਾ ਅਪਮਾਨ ਕੀਤਾ ਗਿਆ ਹੈ। ਇਮੀਗ੍ਰੇਸ਼ਨ ਪ੍ਰਬੰਧਕ ਜੂਲੀਆ ਓਰਟਿਜ਼ ਤੇ ਨਿਊਆਰਕ ਦੇ ਇਕ ਸਥਾਨਕ ਪ੍ਰਵਾਸ ਹੱਕਾਂ ਬਾਰੇ ਸਮੂਹ ਨੇ ਕਿਹਾ ਹੈ ਕਿ ਛਾਪੇ ਦੌਰਾਨ ਏਜੰਟਾਂ ਦੁਆਰਾ ਕੁੱਲ 8 ਲੋਕਾਂ ਕੋਲੋਂ ਪੁੱਛਗਿੱਛ ਕੀਤੀ ਗਈ ਤੇ 3 ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਦੇ ਇਕ ਬੁਲਾਰੇ ਨੇ ਇਕ ਅਮਰੀਕੀ ਸ਼ਹਿਰੀ ਨੂੰ ਹਿਰਾਸਤ ਵਿਚ ਲੈਣ ਦੀ ਪੁਸ਼ਟੀ ਕੀਤੀ ਹੈ ਪਰੰਤੂ ਇਸ ਸਬੰਧੀ ਅਗਲੀ ਜਾਂਚ ਪੜਤਾਲ ਬਾਰੇ ਕੁਝ ਨਹੀਂ ਕਿਹਾ ਹੈ। ਬੁਲਾਰੇ ਨੇ ਕਿਹਾ ਹੈ ਕਿ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਅਧਿਕਾਰੀਆਂ ਵੱਲੋਂ ਕਾਰਵਾਈ ਦੌਰਾਨ ਉਨ੍ਹਾਂ ਦਾ ਸਾਹਮਣਾ ਅਮਰੀਕੀ ਸ਼ਹਿਰੀਆਂ ਨਾਲ ਵੀ ਹੋ ਸਕਦਾ ਹੈ ਤੇ ਉਹ ਉਨ੍ਹਾਂ ਨੂੰ ਆਪਣੀ ਪਛਾਣ ਦੱਸਣ ਲਈ ਕਹਿ ਸਕਦੇ ਹਨ, ਜਿਵੇਂ ਕਿ ਨਿਊਆਰਕ, ਨਿਊਜਰਸੀ ਵਿਚ ਇਕ ਕੰਮ ਵਾਲੇ ਸਥਾਨ 'ਤੇ ਛਾਪੇ ਦੌਰਾਨ ਹੋਇਆ ਹੈ।




**ਸੀ.ਸੀ.ਟੀ.ਵੀ. ਤੋਂ ਲਈ ਇਕ ਤਸਵੀਰ 'ਚ ਸੰਘੀ ਅਧਿਕਾਰੀ ਨਿਊਆਰਕ, ਨਿਊਜਰਸੀ 'ਚ ਮਾਰੇ ਛਾਪੇ ਦੌਰਾਨ।**

# ਪੰਜਾਬ ਦੀ ਲੜਕੀ ਨੇ ਅਮਰੀਕਾ ਵਿਚ ਆਪਣੇ ਪਿੰਡ ਦਾ ਨਾਮ ਚਮਕਾਇਆ



**ਰਾਏਕੋਟ, (ਗੁਰਭਿੰਦਰ ਗੁਰੀ/ਪੰਜਾਬ ਮੇਲ)-** ਪੰਜਾਬੀਆਂ ਨੇ ਦੁਨੀਆਂ ਭਰ ਵਿਚ ਵੱਖ-ਵੱਖ ਖੇਤਰਾਂ 'ਚ ਵੱਡੀਆਂ ਮੱਲ੍ਹਾਂ ਮਾਰਕੇ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਇਸੇ ਹੀ ਤਰ੍ਹਾਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਝੋਰੜਾਂ ਦੀ ਲੜਕੀ ਨੇ ਉੱਚ ਸਿੱਖਿਆ ਹਾਸਲ ਕਰਦਿਆਂ ਅਮਰੀਕਾ ਵਿਚ ਯੂ.ਸੀ.ਐੱਸ.ਐੱਫ. 'ਚ ਭਰੂਣ ਅਤੇ ਬਾਲ ਬੱਚਿਆਂ ਦੇ ਕਾਰਡੀਓਲਾਜਿਸਟ ਦੀ ਮੈਡੀਕਲ ਡਿਗਰੀ ਕੀਤੀ ਹੈ। ਆਪਣੀ ਧੀ ਕਮਲਵੀਰ ਕੌਰ ਗਿੱਲ (ਕਿੱਮੀ ਗਿੱਲ) ਦੀ ਇਸ ਪ੍ਰਾਪਤੀ 'ਤੇ ਪਿਤਾ ਗੁਰਦੀਪ ਸਿੰਘ ਗਿੱਲ ਨੇ ਦੱਸਿਆ ਕਿ ਧੀ ਕਮਲਵੀਰ ਕੌਰ ਗਿੱਲ ਨੇ

ਅਮਰੀਕੀ ਯੂਨੀਵਰਸਿਟੀ ਦੀ ਟੌਪ ਦੀ ਸਿਹਤ ਯੂ.ਸੀ.ਐੱਸ.ਐੱਫ. ਵਿਚ ਭਰੂਣ ਅਤੇ ਬਾਲ ਬੱਚਿਆਂ ਦੇ ਕਾਰਡੀਓਲੋਜਿਸਟ ਹਨ। ਜਿਸ ਵਿਚ ਉਹ ਗਰਭ ਅਵਸਥਾ ਵਿਚ ਭਰੂਣ ਅਤੇ ਬਾਲ ਬੱਚਿਆਂ ਦੇ ਦਿਲ ਦਾ ਅਲਟਰਾਸਾਊਂਡ, ਦਿਲ ਦੇ ਅਪ੍ਰੇਸ਼ਨ ਦੌਰਾਨ ਮੁਲਾਂਕਣ ਅਤੇ ਭਰੂਣ ਦੇ ਸਰੀਰਕ ਮੁਲਾਂਕਣ ਕਰ ਉਨ੍ਹਾਂ ਦੀਆਂ ਬਿਮਾਰੀਆਂ ਦੂਰ ਕਰਨ ਤੇ ਭਰੂਣ ਦੇ ਦਿਲ ਤੇ ਪੇਟ ਦੀ ਸਰੁੱਖਿਆ ਲਈ ਕੰਮ ਕਰ ਰਹੀ ਹੈ।

ਕਿੱਮੀ ਗਿੱਲ ਨੇ ਉੱਚ ਪੱਧਰੀਆਂ ਡਿਗਰੀਆਂ ਹਾਸਲ ਕਾਰਨ ਉਹ ਅੱਜ ਅਮੈਰੀਕਨ ਅਕੈਡਮੀ ਆਫ ਪੀਡੀਆਟ੍ਰਿਕਸ, ਅਮਰੀਕਨ ਹਾਰਟ ਐਸੋਸੀਏਸ਼ਨ, ਅਮੈਰੀਕਨ ਸੁਸਾਇਟੀ ਆਫ਼ ਈਕੋਕਾਰਡੀਓਗ੍ਰਾਫੀ ਅਤੇ ਫੈਟਲ ਹਾਰਟ ਸੁਸਾਇਟੀ ਦੇ ਮੈਂਬਰ ਹਨ।

ਗੁਰਦੀਪ ਸਿੰਘ ਗਿੱਲ ਨੇ ਆਪਣੀ ਲੜਕੀ ਡਾ. ਕਮਲਵੀਰ ਗਿੱਲ ਐੱਮ.ਡੀ. 'ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਇਹ ਸਭ ਸਾਡੇ ਪਿਤਾ ਲਾਲ ਸਿੰਘ ਤੋਂ ਮਿਲੀ ਚੰਗੇਰੀ ਸਿੱਖਿਆ ਅਤੇ ਨਾਨਕਸਰ ਤੋਂ ਸੰਤ ਬਾਬਾ ਕੁੰਦਨ ਸਿੰਘ ਜੀ ਤੋਂ ਪ੍ਰਾਪਤ ਆਸ਼ੀਰਵਾਦ ਦਾ ਨਤੀਜਾ ਹੈ।

# ਕੈਪੀਟਲ ਹਿੱਲ ਦੇ ਦੰਗਾਕਾਰੀਆਂ ਨੇ ਮੁਆਫ਼ੀ ਲੈਣ ਤੋਂ ਕੀਤਾ ਇਨਕਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਬਣਦੇ ਹੀ ਡੋਨਾਲਡ ਟਰੰਪ 6 ਜਨਵਰੀ, 2021 ਨੂੰ ਅਮਰੀਕੀ ਸੰਸਦ ਕੈਪੀਟਲ ਹਿੱਲ ਵਿਖੇ ਹੋਏ ਦੰਗਿਆਂ ਦੇ ਦੋਸ਼ੀਆਂ ਨੂੰ ਮੁਆਫ਼ ਕਰ ਚੁੱਕੇ ਹਨ। ਟਰੰਪ ਨੇ ਕੈਪੀਟਲ ਹਿੱਲ ਦੰਗਿਆਂ ਵਿਚ ਦੋਸ਼ੀ ਠਹਿਰਾਏ ਗਏ 1500 ਲੋਕਾਂ ਨੂੰ ਮੁਆਫ ਕਰ ਦਿੱਤਾ ਹੈ। ਹਾਲਾਂਕਿ ਕੁਝ ਦੰਗਾਕਾਰੀਆਂ ਨੇ ਟਰੰਪ ਦੀ ਮੁਆਫ਼ੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਟਰੰਪ ਦੀ ਮੁਆਫ਼ੀ ਸਵੀਕਾਰ ਕਰਨ ਤੋਂ ਇਨਕਾਰ ਕਰਨ ਵਾਲਿਆਂ ਵਿਚ ਜੇਸਨ ਰਿਡਲ ਅਤੇ ਪਾਮੇਲਾ ਹੈਂਫਿਲ ਸ਼ਾਮਲ ਹਨ। ਦੋਵੇਂ ਮੰਨਦੇ ਹਨ ਕਿ ਉਨ੍ਹਾਂ ਨੇ ਜੋ ਵੀ ਕੀਤਾ ਹੈ, ਉਹ ਮੁਆਫ਼ੀ ਦੇ ਲਾਇਕ ਨਹੀਂ ਹੈ। ਦੋਵਾਂ ਵਿਅਕਤੀਆਂ ਵੱਲੋਂ ਟਰੰਪ ਦੀ ਮੁਆਫ਼ੀ ਸਵੀਕਾਰ ਕਰਨ ਤੋਂ ਇਨਕਾਰ ਕਰਨ ਨਾਲ ਟਰੰਪ ਦੇ ਇਸ ਦਾਅਵੇ ਨੂੰ ਵੱਡਾ ਝਟਕਾ ਲੱਗਾ ਹੈ ਕਿ 6 ਜਨਵਰੀ, 2021 ਨੂੰ ਯੂ.ਐੱਸ. ਕੈਪੀਟਲ ਹਿੱਲ ਵਿਖੇ ਜੋ ਹੋਇਆ, ਉਹ 'ਸ਼ਾਂਤਮਈ ਵਿਰੋਧ' ਸੀ।

ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ 71 ਸਾਲਾ ਹੈਮਫਿਲ ਨੇ ਮੰਨਿਆ ਕਿ ਉਹ 2020 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਜਿੱਤ ਸਰਟੀਫਿਕੇਟ ਦੇ ਜਾਰੀ ਹੋਣ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਆਪਣੇ ਕੰਮਾਂ ਦੀ ਜ਼ਿੰਮੇਵਾਰੀ ਲੈਂਦੀ ਹੈ। ਉਨ੍ਹਾਂ ਕਿਹਾ, 'ਟਰੰਪ ਦੀ ਮੁਆਫ਼ੀ ਸਵੀਕਾਰ ਕਰਨ ਨਾਲ ਇਹ ਸੁਨੇਹਾ ਜਾਵੇਗਾ ਕਿ ਇਹ ਹਮਲਾ ਇੱਕ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਸੀ।' ਹੈਮਫਿਲ ਨੂੰ 2022 ਵਿਚ ਕੈਪੀਟਲ ਹਿੱਲ 'ਤੇ ਗੈਰ-ਕਾਨੂੰਨੀ ਪ੍ਰਦਰਸ਼ਨ, ਧਰਨਾ ਜਾਂ ਪਰੇਡ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਇਸ ਲਈ ਪਾਮੇਲਾ ਨੂੰ 60 ਦਿਨ ਦੀ ਕੈਦ ਅਤੇ ਤਿੰਨ ਸਾਲ ਨਿਗਰਾਨੀ ਦੀ ਸਜ਼ਾ ਸੁਣਾਈ ਗਈ।




ਦੂਜੇ ਪਾਸੇ ਅਮਰੀਕੀ ਜਲ ਸੈਨਾ ਦੇ ਸਾਬਕਾ ਕਰਮਚਾਰੀ ਜੇਸਨ ਰਿਡਲ ਨੇ ਵੀ ਟਰੰਪ ਦੀ ਮੁਆਫ਼ੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਰਿਡਲ ਨੂੰ ਅਪ੍ਰੈਲ 2022 ਵਿਚ 90 ਦਿਨਾਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਨਾਲ ਹੀ 750 ਡਾਲਰ ਦਾ ਜੁਰਮਾਨਾ ਵੀ ਲਗਾਇਆ ਗਿਆ ਸੀ। ਰਿਡਲ ਨੇ ਕਿਹਾ ਕਿ 'ਟਰੰਪ ਦੀ ਮੁਆਫ਼ੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਨ ਨਾਲ ਉਸਨੂੰ ਨੌਕਰੀ ਮਿਲਣ ਦੀ ਸੰਭਾਵਨਾ ਵੱਧ ਜਾਵੇਗੀ।' ਰਿਡਲ ਨੇ ਕਿਹਾ ਕਿ ਮੈਂ ਜੋ ਕੀਤਾ ਉਹ ਮੁਆਫ਼ ਕਰਨ ਯੋਗ ਨਹੀਂ ਸੀ ਅਤੇ ਇਸ ਲਈ ਮੈਂ ਮੁਆਫ਼ੀ ਨਹੀਂ ਮੰਗਣਾ ਚਾਹੁੰਦਾ। ਰਿਡਲ ਹੁਣ ਟਰੰਪ ਸਮਰਥਕ ਨਹੀਂ ਹੈ।

## ਵਿਰੋਧ ਦੇ ਬਾਵਜੂਦ ਅਮਰੀਕਾ ਗ੍ਰੀਨਲੈਂਡ 'ਤੇ ਕੰਟਰੋਲ ਹਾਸਲ ਕਰਨ ਦੇ ਯੋਗ ਹੋਵੇਗਾ : ਟਰੰਪ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ ਡੈਨਮਾਰਕ ਦੇ ਵਿਰੋਧ ਦੇ ਬਾਵਜੂਦ ਉਨ੍ਹਾਂ ਦਾ ਦੇਸ਼ ਗ੍ਰੀਨਲੈਂਡ 'ਤੇ ਕੰਟਰੋਲ ਹਾਸਲ ਕਰਨ ਦੇ ਯੋਗ ਹੋਵੇਗਾ। ਟਰੰਪ ਨੇ ਏਅਰ ਫੋਰਸ ਵਨ ਵਿਚ ਵ੍ਹਾਈਟ ਹਾਊਸ ਦੇ ਪ੍ਰੈੱਸ ਪੂਲ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕਿਹਾ, "ਮੇਰਾ ਮੰਨਣਾ ਹੈ ਕਿ ਗ੍ਰੀਨਲੈਂਡ ਦੇ ਲੋਕ ਸੰਯੁਕਤ ਰਾਜ ਅਮਰੀਕਾ ਨਾਲ ਰਹਿਣਾ ਚਾਹੁੰਦੇ ਹਨ।"

ਉਸਨੇ ਅਮਰੀਕਾ ਵਿਚ ਟਿਕਟੌਕ ਦੇ ਭਵਿੱਖ ਬਾਰੇ ਵੀ ਗੱਲ ਕੀਤੀ। ਟਰੰਪ ਅਨੁਸਾਰ, "ਬਹੁਤ ਸਾਰੇ ਲੋਕ" ਉਨ੍ਹਾਂ ਨਾਲ ਪਲੇਟਫਾਰਮ ਪ੍ਰਾਪਤ ਕਰਨ ਦੀ ਸੰਭਾਵਨਾ ਬਾਰੇ ਚਰਚਾ ਕਰ ਰਹੇ ਹਨ ਪਰ ਉਹ "ਲਗਭਗ 30 ਦਿਨਾਂ ਵਿਚ" ਅੰਤਿਮ ਫ਼ੈਸਲਾ ਲੈਣ ਦਾ ਇਰਾਦਾ ਰੱਖਦੇ ਹਨ।

# ਮੈਕਸੀਕੋ ਵੱਲੋਂ ਅਮਰੀਕਾ ਤੋਂ ਆਉਣ ਵਾਲੀ ਦੇਸ਼ ਨਿਕਾਲਾ ਉਡਾਣ ਨੂੰ ਉਤਰਨ ਦੀ ਆਗਿਆ ਦੇਣ ਤੋਂ ਇਨਕਾਰ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਚੱਲ ਰਹੀਆਂ ਕਾਰਵਾਈਆਂ ਵਿਚਕਾਰ ਮੈਕਸੀਕੋ ਨੇ ਇੱਕ ਵੱਡਾ ਕਦਮ ਚੁੱਕਿਆ ਹੈ। ਮੈਕਸੀਕੋ ਨੇ ਅਮਰੀਕਾ ਤੋਂ ਆਉਣ ਵਾਲੀ ਦੇਸ਼ ਨਿਕਾਲਾ ਉਡਾਣ ਨੂੰ ਉਤਰਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ। ਰਿਪੋਰਟ ਅਨੁਸਾਰ ਮੈਕਸੀਕੋ ਦੀ ਇਸ ਪ੍ਰਕਿਰਿਆ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਕਾਰਵਾਈ ਨੂੰ ਵੱਡਾ ਝਟਕਾ ਦਿੱਤਾ ਹੈ।

ਸਹੁੰ ਚੁੱਕਣ ਤੋਂ ਬਾਅਦ ਡੋਨਾਲਡ ਟਰੰਪ ਨੇ ਮੈਕਸੀਕੋ ਸਰਹੱਦ ਨੂੰ ਇਮੀਗ੍ਰੇਸ਼ਨ ਲਈ ਬੰਦ ਕਰਨ ਅਤੇ ਅਮਰੀਕਾ ਵਿਚ ਸਥਾਈ ਕਾਨੂੰਨੀ ਦਰਜੇ ਤੋਂ ਬਿਨਾਂ ਲੱਖਾਂ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਉਦੇਸ਼ ਨਾਲ ਕਈ ਕਾਰਜਕਾਰੀ ਆਦੇਸ਼ ਜਾਰੀ ਕੀਤੇ ਹਨ। ਉਸਨੇ ਸ਼ਰਨਾਰਥੀਆਂ ਦੇ ਪੁਨਰਵਾਸ ਨੂੰ ਵੀ ਰੱਦ ਕਰ ਦਿੱਤਾ। ਉਨ੍ਹਾਂ ਦੇ ਪ੍ਰਸ਼ਾਸਨ ਨੇ ਉਨ੍ਹਾਂ ਅਧਿਕਾਰੀਆਂ 'ਤੇ ਮੁਕੱਦਮਾ ਚਲਾਉਣ ਦਾ ਇਰਾਦਾ ਵੀ ਪ੍ਰਗਟ ਕੀਤਾ, ਜੋ ਉਨ੍ਹਾਂ ਦੀਆਂ ਨਵੀਆਂ ਇਮੀਗ੍ਰੇਸ਼ਨ ਨੀਤੀਆਂ ਨੂੰ ਲਾਗੂ ਨਹੀਂ ਕਰਦੇ। ਉਦੋਂ ਤੋਂ ਹੀ ਅਮਰੀਕਾ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਦੀ ਪ੍ਰਕਿਰਿਆ ਜਾਰੀ ਹੈ।

ਇਸ ਤੋਂ ਪਹਿਲਾਂ 160 ਡਿਪੋਰਟੀਆਂ ਨੂੰ ਅਮਰੀਕੀ ਹਵਾਈ ਸੈਨਾ ਦੀਆਂ ਦੋ ਉਡਾਣਾਂ ਰਾਹੀਂ ਸਫਲਤਾਪੂਰਵਕ ਗੁਆਟੇਮਾਲਾ ਪਹੁੰਚਾਇਆ ਗਿਆ ਸੀ। ਇਸ ਤੋਂ ਬਾਅਦ ਇੱਕ ਹੋਰ ਉਡਾਣ ਡਿਪੋਰਟੀਆਂ ਨੂੰ ਲੈ ਕੇ ਪਹੁੰਚੀ, ਜਿਸਨੂੰ ਮੈਕਸੀਕੋ ਨੇ ਉਤਰਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਪ੍ਰਸ਼ਾਸਕੀ ਗ਼ਲਤੀ ਕਾਰਨ ਹੋਇਆ ਹੈ। ਇਸਨੂੰ ਜਲਦੀ ਠੀਕ ਕਰ ਲਿਆ ਗਿਆ। ਇਸ ਦੇ ਨਾਲ ਹੀ ਵਿਦੇਸ਼ ਮੰਤਰਾਲੇ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਹ ਗ਼ਲਤੀ ਰੱਖਿਆ ਵਿਭਾਗ ਦੇ ਕਾਗਜ਼ੀ ਕੰਮਾਂ ਨੂੰ ਲੈ ਕੇ ਹੋਈ ਸੀ। ਜੇ ਅਜਿਹਾ ਨਾ ਹੁੰਦਾ, ਤਾਂ ਮੈਕਸੀਕੋ ਦੇਸ਼ ਨਿਕਾਲੇ ਨੂੰ ਸਵੀਕਾਰ ਕਰਨ ਲਈ ਤਿਆਰ ਸੀ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit Saini
Ishu Hallan
Vijay
Surbhi Sharma
Sanjeev Khanna

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : ww.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਰਾਸ਼ਟਰਪਤੀ ਟਰੰਪ ਵੱਲੋਂ ਬਿਨਾਂ ਨੋਟਿਸ ਦਿੱਤੇ ਸੰਘੀ ਏਜੰਸੀਆਂ ਦੇ ਦਰਜਨ ਤੋਂ ਵਧ ਇੰਸਪੈਕਟਰ ਜਨਰਲ ਦੀ ਛੁੱਟੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੱਖ-ਵੱਖ ਸੰਘੀ ਏਜੰਸੀਆਂ ਦੇ ਦਰਜਨ ਤੋਂ ਵਧ ਇੰਸਪੈਕਟਰ ਜਨਰਲ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੁੱਲ 17 ਇੰਸਪੈਕਟਰ ਜਨਰਲ ਦੀ ਬਿਨਾਂ ਕੋਈ ਨੋਟਿਸ ਦਿੱਤੇ ਛੁੱਟੀ ਕੀਤੀ ਗਈ ਹੈ, ਜਦਕਿ ਸੰਘੀ ਕਾਨੂੰਨ ਅਨੁਸਾਰ ਕਿਸੇ ਇੰਸਪੈਕਟਰ ਜਨਰਲ ਨੂੰ ਨੌਕਰੀ ਤੋਂ ਹਟਾਉਣ ਲਈ ਅਮਰੀਕੀ ਕਾਂਗਰਸ ਨੂੰ 30 ਦਿਨਾਂ ਦਾ ਨੋਟਿਸ ਦੇਣਾ ਜ਼ਰੂਰੀ ਹੁੰਦਾ ਹੈ। ਏਜੰਸੀ ਵਿਚ ਇੰਸਪੈਕਟਰ ਜਨਰਲ ਆਜ਼ਾਦ ਪਹਿਰੇਦਾਰ ਹੁੰਦਾ ਹੈ, ਜੋ ਗਲਤ ਕੰਮਾਂ ਉਪਰ ਨਜ਼ਰ ਰੱਖਦਾ ਹੈ ਤੇ ਬਰਬਾਦੀ, ਘਪਲਾ ਤੇ ਦੁਰਵਰਤੋਂ ਦੇ ਮਾਮਲਿਆਂ ਦੀ ਜਾਂਚ ਕਰਦਾ ਹੈ। ਪੈਂਟਾਗਨ, ਵਿਦੇਸ਼ ਵਿਭਾਗ, ਸਾਬਕਾ ਸੈਨਿਕ ਮਾਮਲੇ ਤੇ ਗ੍ਰਹਿ ਵਿਭਾਗ ਵਿਚੋਂ ਵੀ




ਇੰਸਪੈਕਟਰ ਜਨਰਲ ਦੀ ਛਾਂਟੀ ਕੀਤੀ ਗਈ ਹੈ, ਜੋ ਸਮੁੰਦਰੀ ਸੈਨਾ ਸਬੰਧੀ ਤੇਲ ਤੇ ਗੈਸ ਪਟਿਆਂ ਦੇ ਨਾਲ-ਨਾਲ ਭਾਰਤੀ ਮਾਮਲਿਆਂ ਨੂੰ ਵੀ ਵੇਖਦੇ ਹਨ। ਇਹ ਜਾਣਕਾਰੀ ਛਾਂਟੀ ਕੀਤੇ ਇਕ ਇੰਸਪੈਕਟਰ ਜਨਰਲ ਨੇ ਹਾਲਾਤ ਦੀ ਸੰਵੇਦਣਸ਼ੀਲਤਾ ਕਾਰਨ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦਿੱਤੀ ਹੈ। ਇਸ ਅਧਿਕਾਰੀ ਨੇ ਕਿਹਾ ਕਿ ਅਜਿਹਾ ਵਾਪਰਨ ਦੀ ਆਸ ਕੀਤੀ ਜਾਂਦੀ ਸੀ ਪਰੰਤੂ ਇਹ ਕਦਮ ਬਹੁਤ ਖਤਰਨਾਕ ਹੈ। ਵਾਸ਼ਿੰਗਟਨ ਪੋਸਟ ਜਿਸ ਨੇ ਸਭ ਤੋਂ ਪਹਿਲਾਂ ਅਧਿਕਾਰੀਆਂ ਨੂੰ ਬਰਖਾਸਤ ਕੀਤੇ ਜਾਣ ਦੀ ਰਿਪੋਰਟ ਛਾਪੀ ਹੈ, ਨੇ ਕਿਹਾ ਹੈ ਕਿ ਕੱਢੇ ਗਏ ਅਧਿਕਾਰੀਆਂ ਵਿਚੋਂ ਜ਼ਿਆਦਾਤਰ ਟਰੰਪ ਦੁਆਰਾ ਆਪਣੇ ਪਹਿਲੇ ਕਾਰਜਕਾਲ 2017 ਤੋਂ 2021 ਦਰਮਿਆਨ ਨਿਯੁਕਤ ਕੀਤੇ ਗਏ ਸਨ। ਸੈਨੇਟ ਜੁਡੀਸ਼ੀਅਰੀ ਚੇਅਰਮੈਨ ਚੁਕ ਗਰਾਸਲੇ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਇੰਸਪੈਕਟਰ ਜਨਰਲ ਨੂੰ ਕੱਢਣ ਦਾ ਕੋਈ ਚੰਗਾ ਮਕਸਦ ਹੋ ਸਕਦਾ ਹੈ ਪਰੰਤੂ ਉਹ ਚਾਹੁੰਦੇ ਹਨ ਕਿ ਰਾਸ਼ਟਰਪਤੀ ਟਰੰਪ ਇਸ ਸਬੰਧੀ ਹੋਰ ਸਪੱਸ਼ਟੀਕਰਨ ਦੇਣ। ਉਨ੍ਹਾਂ ਕਿਹਾ ਕਿ ਕਾਨੂੰਨ ਅਨੁਸਾਰ ਅਧਿਕਾਰੀਆਂ ਨੂੰ ਕੱਢਣ ਲਈ ਕਾਂਗਰਸ ਨੂੰ ਵਿਸਥਾਰਿਤ ਨੋਟਿਸ ਭੇਜਣਾ ਹੁੰਦਾ ਹੈ, ਜੋ ਨਹੀਂ ਭੇਜਿਆ ਗਿਆ।

# ਰਾਸ਼ਟਰਪਤੀ ਟਰੰਪ ਨੂੰ ਸੋਸ਼ਲ ਮੀਡੀਆ 'ਤੇ ਜਾਨੋਂ ਮਾਰਨ ਦੀ ਧਮਕੀਆਂ ਦੇਣ ਵਾਲਾ ਗ੍ਰਿਫਤਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸੋਸ਼ਲ ਮੀਡੀਆ ਉਪਰ ਕਥਿਤ ਤੌਰ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਵਾਲੇ ਫਲੋਰਿਡਾ ਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਵੈਸਟ ਪਾਮ ਬੀਚ ਪੁਲਿਸ ਵਿਭਾਗ ਦੇ ਮੁਖੀ ਟੋਨੀ ਅਰਾਜੋ ਨੇ ਕਿਹਾ ਹੈ ਕਿ 46 ਸਾਲਾ ਸ਼ਾਨਨ ਐਟਕਿਨਸ ਨੂੰ ਟਰੰਪ ਨੂੰ ਧਮਕੀਆਂ ਦੇਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਐੱਫ.ਬੀ.ਆਈ. ਨੂੰ ਓਕੀਚੋਬੀ, ਫਲੋਰਿਡਾ ਵਾਸੀ ਇਕ ਵਿਅਕਤੀ ਨੇ ਸੂਹ ਦਿੱਤੀ ਸੀ ਕਿ ਐਟਕਿਨਸ ਸੋਸ਼ਲ ਮੀਡਆ ਉਪਰ ਰਾਸ਼ਟਰਪਤੀ ਨੂੰ ਜਾਨੋਂ ਮਾਰਨ ਲਈ ਬਹੁਤ ਪ੍ਰੇਸ਼ਾਨ ਕਰਨ ਵਾਲੀਆਂ ਪੋਸਟਾਂ ਪਾ ਰਿਹਾ ਹੈ। ਪੁਲਿਸ ਮੁਖੀ ਨੇ ਕਿਹਾ ਕਿ ਪਾਮ ਬੀਚ ਡੀਟੈਕਟਿਵ ਵਿਭਾਗ ਨੇ ਜਾਂਚ ਪੜਤਾਲ ਕੀਤੀ, ਤਾਂ ਐਟਕਿਨਸ ਦੁਆਰਾ ਪਾਈਆਂ ਕਈ ਪੋਸਟਾਂ ਮਿਲੀਆਂ, ਜਿਨ੍ਹਾਂ ਵਿਚ ਟਰੰਪ ਨੂੰ ਖਤਮ ਕਰਨ ਦੀ ਧਮਕੀ ਦਿੱਤੀ ਗਈ ਸੀ।

# ਅਮਰੀਕੀ ਸੁਪਰੀਮ ਕੋਰਟ ਵੱਲੋਂ 26/11 ਹਮਲਿਆਂ ਦੇ ਦੋਸ਼ੀ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ ਨੂੰ ਮਨਜ਼ੂਰੀ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕੀ ਸੁਪਰੀਮ ਕੋਰਟ ਨੇ ਮੁੰਬਈ ਹਮਲੇ ਦੇ ਦੋਸ਼ੀ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ ਵਿਰੁੱਧ ਦਾਇਰ ਸਮੀਖਿਆ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਨੇ ਇਸ ਦੇ ਨਾਲ ਹੀ ਉਸਦੀ ਭਾਰਤ ਹਵਾਲਗੀ ਨੂੰ ਵੀ ਮਨਜ਼ੂਰੀ ਦੇ ਦਿੱਤੀ। ਪਾਕਿਸਤਾਨੀ ਮੂਲ ਦਾ ਕੈਨੇਡੀਅਨ ਨਾਗਰਿਕ ਰਾਣਾ 2008 ਦੇ ਮੁੰਬਈ ਅੱਤਵਾਦੀ ਹਮਲਿਆਂ ਦੇ ਸਬੰਧ ਵਿਚ ਲੋੜੀਂਦਾ ਹੈ ਅਤੇ ਭਾਰਤ ਉਸਦੀ ਹਵਾਲਗੀ ਦੀ ਬੇਨਤੀ ਕਰ ਰਿਹਾ ਸੀ। ਇਹ ਰਾਣਾ ਕੋਲ ਭਾਰਤ ਹਵਾਲਗੀ ਨਾ ਕੀਤੇ ਜਾਣ ਦਾ ਆਖਰੀ ਕਾਨੂੰਨੀ ਮੌਕਾ ਸੀ।

ਇਸ ਤੋਂ ਪਹਿਲਾਂ, ਉਹ ਸਾਨ ਫਰਾਂਸਿਸਕੋ ਵਿਚ ਨੌਰਥ ਸਰਕਟ ਲਈ ਯੂ.ਐੱਸ. ਕੋਰਟ ਆਫ਼ ਅਪੀਲਜ਼ ਸਣੇ ਕਈ ਸੰਘੀ ਅਦਾਲਤਾਂ ਵਿਚ ਕਾਨੂੰਨੀ ਲੜਾਈਆਂ ਹਾਰ ਗਿਆ ਸੀ। ਰਾਣਾ ਨੇ 13 ਨਵੰਬਰ ਨੂੰ ਅਮਰੀਕੀ ਸੁਪਰੀਮ ਕੋਰਟ ਦੇ ਸਾਹਮਣੇ ਇੱਕ ਸਮੀਖਿਆ ਪਟੀਸ਼ਨ ਦਾਇਰ ਕੀਤੀ ਸੀ। 21 ਜਨਵਰੀ ਨੂੰ ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਇੱਕ ਦਿਨ ਬਾਅਦ ਸੁਪਰੀਮ ਕੋਰਟ ਨੇ ਉਸ ਦੀ ਅਪੀਲ ਰੱਦ ਕਰ ਦਿੱਤੀ। ਸੁਪਰੀਮ ਕੋਰਟ ਨੇ ਕਿਹਾ, "ਪਟੀਸ਼ਨ ਖਾਰਜ ਕੀਤੀ ਜਾਂਦੀ ਹੈ।" ਰਾਣਾ ਇਸ ਸਮੇਂ



ਲਾਸ ਏਂਜਲਸ ਦੇ ਮੈਟਰੋਪੋਲੀਟਨ ਡਿਟੈਂਸ਼ਨ ਸੈਂਟਰ ਵਿਚ ਹਿਰਾਸਤ ਵਿਚ ਹੈ।

ਮੁੰਬਈ ਪੁਲਿਸ ਨੇ 26/11 ਦੇ ਅੱਤਵਾਦੀ ਹਮਲਿਆਂ ਦੇ ਸਬੰਧ 'ਚ ਆਪਣੀ ਚਾਰਜਸ਼ੀਟ ਵਿਚ ਤਹੱਵੁਰ ਰਾਣਾ ਦਾ ਨਾਮ ਸ਼ਾਮਲ ਕੀਤਾ ਹੈ। ਉਸ 'ਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ.ਐੱਸ.ਆਈ.) ਅਤੇ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਦੇ ਸਰਗਰਮ ਮੈਂਬਰ ਵਜੋਂ ਕੰਮ ਕਰਨ ਦਾ ਦੋਸ਼ ਹੈ। ਚਾਰਜਸ਼ੀਟ 'ਚ ਰਾਣਾ 'ਤੇ 26/11 ਦੇ ਅੱਤਵਾਦੀ ਹਮਲਿਆਂ ਦੇ ਮਾਸਟਰਮਾਈਂਡ ਡੇਵਿਡ ਕੋਲਮੈਨ ਹੈਡਲੀ ਦੀ ਮਦਦ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਤਹਾਵਰ ਰਾਣਾ ਨੇ ਮੁੰਬਈ ਦੇ ਉਨ੍ਹਾਂ ਟਿਕਾਣਿਆਂ ਦਾ ਪੁਨਰ-ਨਿਰਧਾਰਨ ਕੀਤਾ, ਜਿੱਥੇ ਹਮਲੇ ਕੀਤੇ ਜਾਣੇ ਸਨ ਅਤੇ ਬਲੂਪ੍ਰਿੰਟ ਤਿਆਰ ਕਰਕੇ ਪਾਕਿਸਤਾਨੀ ਅੱਤਵਾਦੀਆਂ ਨੂੰ ਸੌਂਪ ਦਿੱਤੇ ਸਨ।




# ਟਰੰਪ ਵੱਲੋਂ ਡੀ.ਈ.ਆਈ. ਭਰਤੀਆਂ 'ਤੇ ਰੋਕ

**■ 1 ਲੱਖ ਭਾਰਤੀਆਂ ਦੀ ਨੌਕਰੀ ਖ਼ਤਰੇ 'ਚ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਡੋਨਾਲਡ ਟਰੰਪ ਨੇ ਅਹੁਦਾ ਸੰਭਾਲਦੇ ਹੀ ਇਕ ਦੇ ਬਾਅਦ ਇਕ ਸਖ਼ਤ ਫ਼ੈਸਲੇ ਲਾਗੂ ਕੀਤੇ ਹਨ। ਇਸ ਦੇ ਨਾਲ ਹੀ ਟਰੰਪ ਸ਼ਾਸਨ ਦੇ ਮਾੜੇ ਪ੍ਰਭਾਵ ਸਾਹਮਣੇ ਆਉਣ ਲੱਗੇ ਹਨ। ਡੀ.ਈ.ਆਈ. (ਡਾਈਵਰਸਿਟੀ, ਇਕੁਇਟੀ ਐਂਡ ਇਨਕਲੂਜ਼ਨ) ਪ੍ਰੋਗਰਾਮ ਨੂੰ ਰੋਕਣ ਦੇ ਹੁਕਮ ਕਾਰਨ ਇੱਕ ਲੱਖ ਭਾਰਤੀਆਂ ਦੀਆਂ ਨੌਕਰੀਆਂ ਖਤਰੇ ਵਿਚ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੀ.ਈ.ਆਈ. ਭਰਤੀਆਂ 'ਤੇ ਰੋਕ ਲਗਾ ਕੇ ਡੀ.ਈ.ਆਈ. ਦੇ ਸਾਰੇ ਕਰਮਚਾਰੀਆਂ ਨੂੰ 31 ਜਨਵਰੀ ਤੱਕ ਪੇਡ ਲੀਵ 'ਤੇ ਭੇਜ ਦਿੱਤਾ ਹੈ। ਰਾਜਾਂ ਵਿਚ ਡੀ.ਈ.ਆਈ. ਦਫ਼ਤਰਾਂ ਨੂੰ ਬੰਦ ਕਰਨ ਦੇ ਆਦੇਸ਼ ਵੀ ਦਿੱਤੇ ਗਏ ਹਨ। 1 ਫਰਵਰੀ ਨੂੰ ਡੀ.ਈ.ਆਈ. ਕਰਮਚਾਰੀਆਂ ਦੇ ਭਵਿੱਖ ਬਾਰੇ ਫ਼ੈਸਲਾ ਲਿਆ ਜਾਵੇਗਾ। ਸਾਰੇ ਸੰਘੀ ਦਫਤਰਾਂ ਤੋਂ ਡੀ.ਈ.ਆਈ. ਬਾਰੇ ਰਿਪੋਰਟ ਮੰਗੀ ਗਈ ਹੈ।

ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਵਿਚ ਕੁੱਲ 32 ਲੱਖ ਸੰਘੀ ਕਰਮਚਾਰੀ ਹਨ। ਇਨ੍ਹਾਂ ਵਿਚੋਂ 8 ਲੱਖ ਕਰਮਚਾਰੀ ਡੀ.ਈ.ਆਈ. ਪ੍ਰੋਗਰਾਮ ਤਹਿਤ ਕੰਮ ਕਰਦੇ ਹਨ। ਇਨ੍ਹਾਂ ਵਿਚੋਂ ਇੱਕ ਲੱਖ ਦੇ ਕਰੀਬ ਭਾਰਤੀ ਹਨ। ਇਸ ਵਿਚ ਅਮਰੀਕੀ ਨਾਗਰਿਕਤਾ ਰੱਖਣ ਵਾਲੇ ਅਤੇ ਵਰਕ ਵੀਜ਼ਾ ਜਿਵੇਂ ਕਿ ਐੱਚ-1ਬੀ ਵੀਜ਼ਾ 'ਤੇ ਕੰਮ ਕਰਨ ਵਾਲੇ ਸ਼ਾਮਲ ਹਨ। ਪਾਰਟ ਟਾਈਮ ਨੌਕਰੀ ਕਰਨ ਵਾਲੇ ਭਾਰਤੀ ਵਿਦਿਆਰਥੀ ਸ਼ਾਮਲ ਨਹੀਂ ਹਨ।

ਰੋਜ਼ਗਾਰ, ਸਿੱਖਿਆ ਅਤੇ ਹੋਰ ਖੇਤਰਾਂ ਵਿਚ ਸਾਰੇ ਵਰਗਾਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਲਈ 1960 ਤੋਂ ਅਮਰੀਕਾ ਵਿਚ ਡੀ.ਈ.ਆਈ. ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ। ਇਹ ਉਦੋਂ ਦੇ ਰਾਸ਼ਟਰਪਤੀ ਜੌਨ ਐੱਫ. ਕੈਨੇਡੀ ਅਤੇ ਮਾਰਟਿਨ ਲੂਥਰ ਕਿੰਗ ਦੇ ਆਦਰਸ਼ਾਂ ਤੋਂ ਪ੍ਰੇਰਿਤ ਹੈ।

ਸੰਘੀ ਅਤੇ ਰਾਜ ਸਰਕਾਰਾਂ ਧਾਰਮਿਕ ਅਤੇ ਨਸਲੀ ਘੱਟ-ਗਿਣਤੀਆਂ ਨੂੰ ਨਿਯੁਕਤ ਕਰਦੀਆਂ ਹਨ। ਔਰਤਾਂ, ਦਿਵਿਆਂਗਾਂ ਅਤੇ ਥਰਡ ਜੈਂਡਰ ਦੇ ਲੋਕਾਂ ਨੂੰ ਵੀ ਇਸ ਰਾਹੀਂ ਨੌਕਰੀ ਮਿਲਦੀ ਹੈ। ਸਾਰੇ ਸਰਕਾਰੀ ਵਿਭਾਗਾਂ ਵਿਚ ਇੱਕ ਨਿਸ਼ਚਿਤ ਕੋਟਾ ਹੁੰਦਾ ਹੈ। ਅਮਰੀਕਾ ਦਾ ਡੀ.ਈ.ਆਈ. ਪ੍ਰੋਗਰਾਮ ਭਾਰਤ ਵਿਚ ਵੱਖ-ਵੱਖ ਖੇਤਰਾਂ ਵਿਚ ਲਾਗੂ ਕੀਤਾ ਗਿਆ ਹੈ। ਇਸ ਨੂੰ ਲਾਗੂ ਰਿਜ਼ਰਵੇਸ਼ਨ ਪ੍ਰਣਾਲੀ ਦੇ ਬਰਾਬਰ ਕਿਹਾ ਜਾ ਸਕਦਾ ਹੈ। ਅਮਰੀਕਾ ਵਿਚ, ਪ੍ਰਾਈਵੇਟ ਸੈਕਟਰ ਲਈ ਵੀ ਡੀ.ਈ.ਆਈ. ਪ੍ਰੋਗਰਾਮ ਵਿਚ ਨੌਕਰੀਆਂ ਪ੍ਰਦਾਨ ਕਰਨਾ ਲਾਜ਼ਮੀ ਹੈ।

ਮੈਟਾ, ਬੋਇੰਗ, ਐਮਾਜ਼ੋਨ, ਵਾਲਮਾਰਟ, ਟਾਰਗੇਟ, ਫੋਰਡ, ਮੋਲਸਨ, ਹਾਰਲੇ ਡੇਵਿਡਸਨ ਅਤੇ ਮੈਕਡੋਨਲਡ ਨੇ ਡੀ.ਈ.ਆਈ. ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ। ਟਿਮ ਕੁੱਕ ਦੇ ਐਪਲ ਅਤੇ ਰਿਟੇਲ ਸਟੋਰ ਕੋਸਟਕੋ ਵਰਗੀਆਂ ਸਿਰਫ ਦੋ ਵੱਡੀਆਂ ਕੰਪਨੀਆਂ ਨੇ ਡੀ.ਈ.ਆਈ. ਨੂੰ ਜਾਰੀ ਰੱਖਣ ਦੀ ਗੱਲ ਕੀਤੀ ਹੈ।

ਟਰੰਪ ਡੀ.ਈ.ਆਈ. ਨੂੰ ਖਤਮ ਕਰ ਕੇ ਨੌਕਰੀਆਂ ਅਤੇ ਸਿੱਖਿਆ ਵਿਚ ਯੋਗਤਾ ਦੇ ਆਧਾਰ 'ਤੇ ਰਾਖਵੇਂਕਰਨ ਦੀ ਗੱਲ ਕਰਦੇ ਹਨ। ਅਮਰੀਕਾ ਦੀ 35 ਕਰੋੜ ਦੀ ਆਬਾਦੀ ਵਿਚੋਂ 20 ਕਰੋੜ ਗੋਰੇ ਹਨ। ਗੋਰੀ ਆਬਾਦੀ ਟਰੰਪ ਦਾ ਮੁੱਖ ਵੋਟ ਬੈਂਕ ਹੈ। ਇਹ ਡੀ.ਈ.ਆਈ. ਵਿਰੋਧੀ ਹਨ। 12 ਕਰੋੜ ਗੋਰਿਆਂ ਦੀ ਆਬਾਦੀ ਸਰਕਾਰੀ ਅਤੇ ਨਿੱਜੀ ਖੇਤਰ ਵਿਚ ਕੰਮ ਕਰਦੀ ਹੈ। ਟਰੰਪ ਡੀ.ਈ.ਆਈ. ਨੂੰ ਖਤਮ ਕਰਕੇ ਗੋਰੇ ਲੋਕਾਂ ਲਈ ਜਨਤਕ-ਨਿੱਜੀ ਨੌਕਰੀਆਂ ਵਿਚ ਵਧੇਰੇ ਮੌਕੇ ਪੈਦਾ ਕਰ ਰਿਹਾ ਹੈ। ਐਲੋਨ ਮਸਕ ਦੀ ਅਗਵਾਈ ਵਾਲੇ ਸਰਕਾਰੀ ਕੁਸ਼ਲਤਾ ਵਿਭਾਗ ਦੇ ਗਠਨ ਦਾ ਅਸਲ ਉਦੇਸ਼ ਸਰਕਾਰੀ ਨੌਕਰੀਆਂ ਵਿਚ ਗੈਰ-ਪੇਸ਼ੇਵਰਾਂ ਦੀ ਗਿਣਤੀ ਨੂੰ ਵਧਾਉਣਾ ਹੈ।

# ਸਿੱਖ ਭਾਈਚਾਰੇ ਵੱਲੋਂ ਨਿਊਯਾਰਕ ਗੁਰਦੁਆਰਿਆਂ 'ਚ ਛਾਪੇਮਾਰੀ ਦੀਆਂ ਖਬਰਾਂ ਦਾ ਖੰਡਨ

**■ ਕਿਹਾ; ਨਹੀਂ ਹੋਈ ਕੋਈ ਛਾਪੇਮਾਰੀ**

**ਨਿਊਯਾਰਕ, (ਪੰਜਾਬ ਮੇਲ)-** ਸਿੱਖ ਭਾਈਚਾਰੇ ਦੇ ਆਗੂਆਂ ਨੇ ਕਿਹਾ ਹੈ ਕਿ ਕੁਝ ਭਾਰਤੀ ਮੀਡੀਆ ਵਿਚ ਆਈਆਂ ਰਿਪੋਰਟਾਂ ਦੇ ਉਲਟ ਗੁਰਦੁਆਰਿਆਂ 'ਤੇ ਕੋਈ ਛਾਪੇਮਾਰੀ ਨਹੀਂ ਹੋਈ ਹੈ। ਨਿਊਯਾਰਕ ਦੇ ਰਿਚਮੰਡ ਹਿੱਲ ਗੁਰਦੁਆਰੇ ਵਿਚ ਮੌਜੂਦ ਸੁਖਜਿੰਦਰ ਸਿੰਘ ਨਿੱਝਰ ਨੇ ਕਿਹਾ ਪ੍ਰਾਰਥਨਾ ਸੇਵਾਵਾਂ ਸ਼ਰਧਾ ਨਾਲ ਆਯੋਜਿਤ ਕੀਤੀਆਂ ਗਈਆਂ ਅਤੇ ਕਿਸੇ ਵੱਲੋਂ ਇਸ ਵਿਚ ਕੋਈ ਦਖਲਅੰਦਾਜ਼ੀ ਨਹੀਂ ਕੀਤੀ ਗਈ। ਇੱਥੇ ਦੱਸ ਦੇਈਏ ਕਿ ਖਬਰਾਂ ਆਈਆਂ ਸਨ ਕਿ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਦੇ ਸੁਰੱਖਿਆ ਅਧਿਕਾਰੀਆਂ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਜਾਂਚ ਕਰਨ ਲਈ ਨਿਊਯਾਰਕ ਅਤੇ ਨਿਊਜਰਸੀ ਦੇ ਗੁਰਦੁਆਰਿਆਂ 'ਚ ਛਾਪੇਮਾਰੀ ਕੀਤੀ ਹੈ।

ਨਿੱਝਰ ਨੇ ਕਿਹਾ ਕਿ ਨਿਊਯਾਰਕ ਅਤੇ ਨਿਊਜਰਸੀ ਦੇ ਹੋਰ ਗੁਰਦੁਆਰਿਆਂ ਵਿਚ ਵੀ ਕੋਈ ਛਾਪੇਮਾਰੀ ਜਾਂ ਕੋਈ ਕਾਨੂੰਨ ਲਾਗੂ ਕਰਨ ਵਾਲੀ ਕਾਰਵਾਈ ਨਹੀਂ ਕੀਤੀ ਗਈ। ਉਹ ਤੱਟਵਰਤੀ ਉੱਤਰ-ਪੂਰਬ ਦੀ ਨੁਮਾਇੰਦਗੀ ਕਰਨ ਵਾਲੀ ਸਿੱਖ ਸੱਭਿਆਚਾਰਕ ਸੁਸਾਇਟੀ ਨਾਲ ਜੁੜੇ ਹੋਏ ਹਨ ਅਤੇ ਇਸਦੀ ਜਨਤਕ ਅਤੇ ਮੀਡੀਆ ਕਮੇਟੀ ਦੇ ਚੇਅਰਮੈਨ ਹਨ।

ਉਸਨੇ ਗਲਤ ਰਿਪੋਰਟਿੰਗ ਨੂੰ "ਕਿਸੇ ਕਿਸਮ ਦੀ ਗਲਤਫਹਿਮੀ ਅਤੇ ਗਲਤ ਸੰਚਾਰ" ਅਤੇ ਮੂਲ ਰੂਪ ਵਿਚ ਮੂੰਹ-ਜ਼ਬਾਨੀ ਫੈਲਾਈਆਂ ਗਈਆਂ ਗੱਲਾਂ ਨੂੰ ਜ਼ਿੰਮੇਵਾਰ ਠਹਿਰਾਇਆ, ਜੋ ਬਿਨਾਂ ਕਿਸੇ ਤੱਥ ਦੇ ਫੈਲ ਜਾਂਦੀਆਂ ਹਨ। ਸਿੱਖ ਧਰਮ ਅਤੇ ਸਿੱਖਿਆ ਕੌਂਸਲ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਇਮੀਗ੍ਰੇਸ਼ਨ ਜਾਂ ਹੋਰ ਏਜੰਸੀਆਂ ਦੁਆਰਾ ਮੰਦਰਾਂ ਵਿਚ ਛਾਪੇ ਜਾਂ ਦੌਰੇ ਦੀਆਂ ਰਿਪੋਰਟਾਂ ਨੂੰ ਖਾਰਜ ਕਰ ਦਿੱਤਾ। ਉਨ੍ਹਾਂ ਕਿਹਾ ਕਿ ਨਿਊਯਾਰਕ ਅਤੇ ਨਿਊਜਰਸੀ ਵਿਚ ਸਿੱਖ ਭਾਈਚਾਰੇ ਦੇ "ਨਿਆਂ ਵਿਭਾਗ ਅਤੇ ਵ੍ਹਾਈਟ ਹਾਊਸ ਸਮੇਤ ਸਾਰੇ ਸਰਕਾਰੀ ਨੁਮਾਇੰਦਿਆਂ" ਨਾਲ ਚੰਗੇ ਸਬੰਧ ਹਨ।

# ਨਾਬਾਲਗ ਨਾਲ ਨਾਜਾਇਜ਼ ਸਬੰਧਾਂ ਦੇ ਮਾਮਲੇ 'ਚ ਭਾਰਤੀ ਨੂੰ 30 ਸਾਲ ਕੈਦ; 50 ਹਜ਼ਾਰ ਡਾਲਰ ਜੁਰਮਾਨਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਯੂ.ਐੱਸ. ਡਿਸਟ੍ਰਿਕਟ ਜੱਜ ਜੌਹਨ ਆਰ ਐਡਮਜ ਵੱਲੋਂ ਨਾਬਾਲਗ ਨਾਲ ਨਾਜਾਇਜ਼ ਸਬੰਧ ਬਣਾਉਣ ਤੇ ਆਪਣੇ ਕੋਲ ਜਿਨਸੀ ਸ਼ੋਸ਼ਣ ਸਮੱਗਰੀ ਰੱਖਣ ਦੇ ਮਾਮਲੇ ਵਿਚ ਸੋਮਈਆ ਰੁਦਰਾ ਨਾਮੀ 42 ਸਾਲਾ ਭਾਰਤੀ ਨੂੰ 30 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਸੋਮਈਆ ਵਾਈਟਹਾਲ, ਪੈਨਸਿਲਵੇਨੀਆ ਦਾ ਰਹਿਣ ਹੈ। ਇਹ ਐਲਾਨ ਅਮਰੀਕੀ ਨਿਆਂ ਵਿਭਾਗ ਦੁਆਰਾ ਕੀਤਾ ਗਿਆ ਹੈ। ਜੱਜ ਨੇ ਕੈਦ ਕੱਟਣ ਉਪਰੰਤ ਉਸ ਉਪਰ 10 ਸਾਲ ਲਈ ਨਿਗਰਾਨੀ ਰੱਖਣ ਦਾ ਆਦੇਸ਼ ਵੀ ਦਿੱਤਾ ਹੈ। ਇਸ ਤੋਂ ਇਲਾਵਾ 50 ਹਜ਼ਾਰ ਡਾਲਰ ਜੁਰਮਾਨਾ ਤੇ 17 ਹਜ਼ਾਰ ਡਾਲਰ ਮੁਆਵਜ਼ੇ ਵਜੋਂ ਦੇਣ ਦਾ ਆਦੇਸ਼ ਦਿੱਤਾ ਹੈ। ਅਦਾਲਤੀ ਦਸਤਾਵੇਜ਼ ਅਨੁਸਾਰ 2023 'ਚ ਰੁਦਰਾ ਦੀ "ਕਿਸ ਕਿਸ" ਨਾਮੀ ਐਪ ਉਪਰ 14 ਸਾਲਾ ਲੜਕੀ ਨਾਲ ਜਾਣ-ਪਛਾਣ ਹੋਈ ਸੀ। ਇਸ ਤੋਂ ਬਾਅਦ ਉਹ ਲੜਕੀ ਨਾਲ ਵੀਡੀਓ ਫੋਨ ਰਾਹੀਂ ਗੱਲਬਾਤ ਕਰਦਾ ਰਿਹਾ ਤੇ ਫੋਨ ਉਪਰ ਸੁਨੇਹੇ ਭੇਜਦਾ ਰਿਹਾ। ਨਵੰਬਰ 2023 ਦੇ ਆਖਰ ਵਿਚ ਉਹ ਲੜਕੀ ਨੂੰ ਨਿੱਜੀ ਤੌਰ 'ਤੇ ਮਿਲਣ ਲਈ ਪੈਨਸਿਲਵੇਨੀਆ ਤੋਂ ਓਹਾਇਓ ਗਿਆ। ਉਸ ਨੇ ਮੰਨਿਆ ਕਿ ਉਹ ਲੜਕੀ ਨੂੰ ਹੋਟਲ ਵਿਚ ਲੈ ਕੇ ਗਿਆ, ਜਿਥੇ ਉਸ ਨੇ ਉਸ ਨਾਲ ਨਾਜਾਇਜ਼ ਸਰੀਰਕ ਸਬੰਧ ਬਣਾਏ। ਲੜਕੀ ਦੇ ਪਰਿਵਾਰ ਵੱਲੋਂ ਕੀਤੀ ਸ਼ਿਕਾਇਤ ਤੋਂ ਬਾਅਦ ਲਾਅ ਇਨਫੋਰਸਮੈਂਟ ਅਧਿਕਾਰੀਆਂ ਦੁਆਰਾ ਮਾਮਲੇ ਦੀ ਜਾਂਚ ਪੜਤਾਲ ਉਪਰੰਤ ਰੁਦਰਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।




ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਿਹ॥

## ਲਾਸ ਏਂਜਲਸ ਇਲਾਕੇ ਵਿਚ ਅੱਗ ਨਾਲ ਲੋਕਾਂ ਦੇ ਘਰ ਸੜ ਕੇ ਸੁਆਹ ਹੋਏ ਜਿਸ ਨਾਲ ਬੇਅੰਤ ਲੋਕ ਬੇਘਰ ਹੋ ਗਏ, ਉਨ੍ਹਾਂ ਦੀ ਮਾਈਕ ਤੌਰ ’ਤੇ ਸਹਾਇਤਾ ਕਰਨ ਲਈ ਕੀਰਤਨ ਦਰਬਾਰਾਂ ਦੀ ਲੜੀ ਦੌਰਾਨ






# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ ਵਿਖੇ ਸਮਾਗਮ

## ਮਿਤੀ 02/01/2025 ਸ਼ਨੀਵਾਰ ਸ਼ਾਮ 5:30 ਤੋਂ 8:00 ਵਜੇ ਤੱਕ

## ਮਿਤੀ 02/02/2025 ਐਤਵਾਰ ਦਿਨ 11:00 ਤੋਂ 1:00 ਵਜੇ

### ਪ੍ਰੋਗਰਾਮ

ਮਿਤੀ 02/01/2025 ਸ਼ਨੀਵਾਰ ਸ਼ਾਮ 5:30 ਤੋਂ 8:00 ਵਜੇ ਤੱਕ, ਮਿਤੀ 02/02/2025 ਐਤਵਾਰ ਦਿਨ 11:00 ਤੋਂ 1:00 ਵਜੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ ਵਿਖੇ ਸਮਾਗਮ ਹੋਣਗੇ, ਜਿਸ ਵਿਚ ਭਾਈ ਨਿਰੰਜਨ ਸਿੰਘ ਜਵੱਦੀ ਕਲਾਂ, ਭਾਈ ਓਂਕਾਰ ਸਿੰਘ ਊਨਾ ਸਾਹਿਬ ਵਾਲੇ, ਭਾਈ ਹਰਪ੍ਰੀਤ ਸਿੰਘ ਲਾਲ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਬੀਬੀ ਨਵਨੀਤ ਕੌਰ ਜੀ ਚੰਡੀਗੜ੍ਹ ਵਾਲੇ, ਭਾਈ ਅੰਮ੍ਰਿਤਪਾਲ ਸਿੰਘ ਜੀ ਸੰਗਰੂਰ ਵਾਲੇ, ਭਾਈ ਜਸਪਾਲ ਸਿੰਘ ਜੀ ਸਾਰੰਗ, ਭਾਈ ਸੁਖਵਿੰਦਰ ਸਿੰਘ, ਭਾਈ ਸਿਰੀਪਾਲ ਸਿੰਘ ਅਤੇ ਭਾਈ ਸੁਖਮਨ ਸਿੰਘ ਜੀ ਦਮਦਮੀ ਟਕਸਾਲ ਹਾਜ਼ਰੀਆਂ ਭਰਨਗੇ।



ਭਾਈ ਨਿਰੰਜਨ ਸਿੰਘ ਜਵੱਦੀ ਕਲਾਂ | ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ | ਭਾਈ ਓਂਕਾਰ ਸਿੰਘ ਊਨਾ ਸਾਹਿਬ ਵਾਲੇ | ਭਾਈ ਜਸਪਾਲ ਸਿੰਘ ਸਾਰੰਗ | ਭਾਈ ਅੰਮ੍ਰਿਤਪਾਲ ਸਿੰਘ ਸੰਗਰੂਰ ਵਾਲੇ | ਬੀਬੀ ਨਵਨੀਤ ਕੌਰ ਚੰਡੀਗੜ੍ਹ ਵਾਲੇ | ਭਾਈ ਮਨਮੋਹਨ ਸਿੰਘ | ਭਾਈ ਸੁਖਵਿੰਦਰ ਸਿੰਘ | ਭਾਈ ਸਿਰੀਪਾਲ ਸਿੰਘ | ਭਾਈ ਸੁਖਮਨ ਸਿੰਘ ਦਮਦਮੀ ਟਕਸਾਲ

Designed By Punjab Mail USA

**ਆਪ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਕੀਰਤਨ ਸਮਾਗਮਾਂ ਵਿਚ ਹਾਜ਼ਰੀ ਭਰੋ ਅਤੇ ਮਾਇਆ ਦਾ ਯੋਗਦਾਨ ਪਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

ਗੁਰੂ ਪਿਆਰੀ ਗੁਰੂ ਖਾਲਸਾ ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਿਹ॥
ਗੁਰੂ ਪਿਆਰੀ ਸਾਧ ਸੰਗਤ ਜੀ ਵਾਹਿਗੁਰੂ ਜੀ ਦੇ ਭਾਣੇ ਅਨੁਸਾਰ ਲਾਸ ਏਂਜਲਸ ਇਲਾਕੇ ਵਿਚ ਅੱਗ ਨਾਲ ਹਜ਼ਾਰਾਂ ਘਰ ਸੜ ਕੇ ਸੁਆਹ ਹੋ ਗਏ ਹਨ ਅਤੇ ਬੇਅੰਤ ਲੋਕ ਬੇਘਰ ਹੋ ਗਏ ਹਨ।
ਉਨ੍ਹਾਂ ਦੀ ਮਾਈਕ ਤੌਰ ’ਤੇ ਸਹਾਇਤਾ ਕਰਨ ਲਈ ਇਨ੍ਹਾਂ ਗੁਰੂਘਰਾਂ ਅਤੇ ਕੀਰਤਨੀਆਂ ਨੇ ਮਿਲ ਕੇ ਕੀਰਤਨ ਦਰਬਾਰਾਂ ਦੀ ਲੜੀ ਸ਼ੁਰੂ ਕੀਤੀ ਗਈ।
ਜਿਸ ਅਨੁਸਾਰ ਮਿਤੀ 01/18/2025 ਨੂੰ ਗੁਰਦਵਾਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ, ਮਿਤੀ 01/19/2025 ਨੂੰ ਕੈਪੀਟਲ ਸਿੱਖ ਸੈਂਟਰ ਸੈਕਰਾਮੈਂਟੋ ਵਿਖੇ ਅਤੇ ਮਿਤੀ 01/25/2025 ਅਤੇ 01/26/2025 ਨੂੰ ਗੁਰਦੁਆਰਾ ਸਿੱਖ ਟੈਂਪਲ ਸਟਾਕਟਨ ਵਿਖੇ ਸਮਾਗਮ ਹੋਏ।

# Gurdwara Gur Nanak Parkash Tracy

## 16101 W Grant Line Rd, Tracy, CA 95304

# ਅਮਰੀਕੀ ਸੈਨੇਟ ਵੱਲੋਂ ਕ੍ਰਿਸਟੀ ਨੋਏਮ ਗ੍ਰਹਿ ਸੁਰੱਖਿਆ ਸਕੱਤਰ ਨਿਯੁਕਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੈਨੇਟ ਨੇ ਸ਼ਨੀਵਾਰ ਨੂੰ ਦੱਖਣੀ ਡਕੋਟਾ ਦੀ ਗਵਰਨਰ ਕ੍ਰਿਸਟੀ ਨੋਏਮ ਨੂੰ ਗ੍ਰਹਿ ਸੁਰੱਖਿਆ ਵਿਭਾਗ ਦੀ ਸਕੱਤਰ ਵਜੋਂ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਨਾਲ ਉਨ੍ਹਾਂ ਨੂੰ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਉੱਚ ਸਦਨ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਸੰਦ ਨੂੰ 59-34 ਵੋਟਾਂ ਨਾਲ ਮਨਜ਼ੂਰੀ ਦੇ ਦਿੱਤੀ। ਨੋਏਮ ਨੇ ਕਿਹਾ, "ਮੇਰੀਆਂ ਮੁੱਖ ਤਰਜੀਹਾਂ ਵਿਚੋਂ ਇੱਕ ਅਮਰੀਕੀ ਲੋਕਾਂ ਵੱਲੋਂ ਰਾਸ਼ਟਰਪਤੀ ਟਰੰਪ ਦੇ ਸਾਡੀ ਦੱਖਣੀ ਸਰਹੱਦ ਨੂੰ ਸੁਰੱਖਿਅਤ ਕਰਨ ਅਤੇ ਸਾਡੀ ਟੁੱਟੀ ਹੋਈ ਇਮੀਗ੍ਰੇਸ਼ਨ



ਪ੍ਰਣਾਲੀ ਨੂੰ ਠੀਕ ਕਰਨ ਦੇ ਆਦੇਸ਼ ਨੂੰ ਪੂਰਾ ਕਰਨਾ ਹੈ।"

ਇਸ ਤੋਂ ਪਹਿਲਾਂ ਉਹ ਦੱਖਣੀ ਡਕੋਟਾ ਦੀ 33ਵੀਂ ਗਵਰਨਰ ਅਤੇ ਇਸਦੀ ਪਹਿਲੀ ਮਹਿਲਾ ਗਵਰਨਰ ਵਜੋਂ ਸੇਵਾ ਨਿਭਾਅ ਚੁੱਕੀ ਹੈ। ਨੋਏਮ ਨੇ ਦੱਖਣੀ ਡਕੋਟਾ ਵਿਚ ਸਾਲਾਂ ਤੱਕ ਸੇਵਾ ਕੀਤੀ ਅਤੇ ਬਾਅਦ ਵਿਚ ਅਮਰੀਕੀ ਪ੍ਰਤੀਨਿਧੀ ਸਭਾ ਲਈ ਚੁਣੀ ਗਈ। ਉਹ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਕੇਂਦਰੀ ਖੁਫੀਆ ਏਜੰਸੀ ਦੇ ਡਾਇਰੈਕਟਰ ਜੌਨ ਰੈਟਕਲਿਫ ਅਤੇ ਪੀਟ ਹੇਗਸੇਥ ਤੋਂ ਬਾਅਦ ਟਰੰਪ ਦੇ ਮੰਤਰੀ ਮੰਡਲ ਵਿਚ ਸ਼ਾਮਲ ਹੋਣ ਵਾਲੀ ਚੌਥੀ ਔਰਤ ਹੈ, ਜਿਨ੍ਹਾਂ ਦੀ ਸ਼ੁੱਕਰਵਾਰ ਰਾਤ ਨੂੰ ਰੱਖਿਆ ਸਕੱਤਰ ਵਜੋਂ ਪੁਸ਼ਟੀ ਕੀਤੀ ਗਈ ਸੀ। ਰਿਪਬਲਿਕਨਾਂ ਕੋਲ ਇਸ ਵੇਲੇ ਸੈਨੇਟ ਵਿਚ 53-47 ਬਹੁਮਤ ਹੈ। ਰਾਸ਼ਟਰਪਤੀ ਨਾਮਜ਼ਦਗੀ ਦੀ ਪੁਸ਼ਟੀ ਲਈ ਸਾਧਾਰਨ ਬਹੁਮਤ ਦੀ ਲੋੜ ਹੁੰਦੀ ਹੈ। ਜੇਕਰ ਸਾਰੇ ਡੈਮੋਕਰੇਟ ਨਾਮਜ਼ਦਗੀ ਦਾ ਵਿਰੋਧ ਕਰਦੇ ਹਨ, ਤਾਂ ਰਿਪਬਲਿਕਨ ਦੋ ਤੋਂ ਵੱਧ ਵੋਟਾਂ ਨਹੀਂ ਗੁਆ ਸਕਦੇ।

## ਟਰੰਪ ਨੂੰ ਟਿਕਟੌਕ 'ਤੇ ਧਮਕੀ ਦੇਣ ਵਾਲਾ ਵਿਅਕਤੀ ਗ੍ਰਿਫ਼ਤਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੂਬੇ ਇੰਡੀਆਨਾ ਦੇ ਇੱਕ ਵਿਅਕਤੀ ਨੂੰ ਟਿਕਟੌਕ 'ਤੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਧਮਕੀ ਦੇਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਨੇ ਕਿਹਾ ਹੈ ਕਿ ਗੋਸ਼ੇਨ ਦੇ 23 ਸਾਲਾ ਡਗਲਸ ਥ੍ਰਮਸ ਨੇ ਇਸ ਹਫ਼ਤੇ ਸੋਸ਼ਲ ਮੀਡੀਆ ਸਾਈਟ 'ਤੇ ਪੋਸਟ ਕੀਤੀ ਗਈ ਵੀਡੀਓ ਵਿਚ ਕਈ ਧਮਕੀਆਂ ਦਿੱਤੀਆਂ ਹਨ। ਇੱਕ ਐੱਫ.ਬੀ.ਆਈ. ਏਜੰਟ ਨੇ ਅਦਾਲਤ ਵਿਚ ਸ਼ਿਕਾਇਤ ਵਿਚ ਕਿਹਾ ਹੈ, ਟਿਕਟੌਕ 'ਤੇ ਇੱਕ ਵੀਡੀਓ ਵਿਚ ਥ੍ਰਮਸ ਨੇ ਕਿਹਾ ਕਿ ਟਰੰਪ ਨੂੰ ਮਾਰ ਦੇਣਾ ਚਾਹੀਦਾ ਹੈ ਅਤੇ ਇਸ ਵਾਰ ਖੁੰਝਣਾ ਨਹੀਂ ਹੈ।" ਥ੍ਰਮਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ ਅਤੇ ਸੋਮਵਾਰ ਨੂੰ ਸਾਊਥ ਬੈਂਡ ਦੀ ਸੰਘੀ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

## ਅਮਰੀਕੀ ਪ੍ਰਸ਼ਾਸਨ ਵੱਲੋਂ ਦੂਜੇ ਦੇਸ਼ਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਮੁਅੱਤਲ ਕਰਨ ਅਤੇ ਸਮੀਖਿਆ ਦੇ ਆਦੇਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਦੂਜੇ ਦੇਸ਼ਾਂ ਨੂੰ ਦਿੱਤੀ ਜਾਣ ਵਾਲੀ ਅਮਰੀਕੀ ਸਹਾਇਤਾ ਨੂੰ ਮੁਅੱਤਲ ਕਰਨ ਅਤੇ ਉਸ ਦੀ ਸਮੀਖਿਆ ਕਰਨ ਦਾ ਹੁਕਮ ਦਿੱਤਾ ਹੈ, ਤਾਂ ਕਿ ਇਹ ਯਕੀਨੀ ਕੀਤਾ ਜਾ ਸਕੇ ਕਿ ਇਹ ਸਹਾਇਤਾ 'ਅਮਰੀਕਾ ਫਸਟ' ਏਜੰਡੇ ਦੇ ਤਹਿਤ ਉਸਦੀ ਵਿਦੇਸ਼ ਨੀਤੀ ਦੇ ਅਨੁਸਾਰ ਹੈ ਜਾਂ ਨਹੀਂ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਸਬੰਧ ਵਿਚ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕੀਤੇ।

ਅਮਰੀਕੀ ਵਿਦੇਸ਼ ਵਿਭਾਗ ਦੀ ਬੁਲਾਰਨ ਟੈਮੀ ਬਰੂਸ ਨੇ ਕਿਹਾ, "ਰਾਸ਼ਟਰਪਤੀ ਟਰੰਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਅਮਰੀਕੀ ਲੋਕਾਂ ਨੂੰ ਮਦਦ ਦੇ ਬਦਲੇ ਕੋਈ ਲਾਭ ਨਹੀਂ ਮਿਲ ਰਿਹਾ ਹੈ, ਤਾਂ ਅਮਰੀਕਾ ਅੰਨ੍ਹੇਵਾਹ ਪੈਸਾ ਨਹੀਂ ਦੇਵੇਗਾ। ਮਿਹਨਤੀ ਟੈਕਸਦਾਤਾਵਾਂ ਦੀ ਖ਼ਾਤਰ, ਵਿਦੇਸ਼ੀ ਸਹਾਇਤਾ ਦੀ ਸਮੀਖਿਆ ਕਰਨਾ ਅਤੇ ਉਸ ਦਾ ਪੁਨਰ-ਮੁਲਾਂਕਣ ਨਾ ਸਿਰਫ਼ ਉਚਿਤ ਹੈ, ਸਗੋਂ ਇਹ ਨੈਤਿਕ ਤੌਰ 'ਤੇ ਵੀ ਜ਼ਰੂਰੀ ਹੈ।"

ਉਨ੍ਹਾਂ ਕਿਹਾ ਕਿ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਵਿਦੇਸ਼ ਵਿਭਾਗ ਅਤੇ ਅਮਰੀਕੀ ਅੰਤਰਰਾਸ਼ਟਰੀ ਵਿਕਾਸ ਏਜੰਸੀ (ਯੂ.ਐੱਸ.ਏ.ਆਈ.ਡੀ.) ਦੁਆਰਾ ਫੰਡ ਕੀਤੀ ਜਾਣ ਵਾਲੀ ਸਾਰੀ ਅਮਰੀਕੀ ਵਿਦੇਸ਼ੀ ਸਹਾਇਤਾ ਰੋਕ ਦਿੱਤੀ ਹੈ, ਤਾਂ ਕਿ ਉਸ ਦੀ ਸਮੀਖਿਆ ਕੀਤੀ ਜਾ ਸਕੇ। ਬਰੂਸ ਨੇ ਕਿਹਾ, "ਉਹ ਸਾਰੇ ਵਿਦੇਸ਼ੀ ਸਹਾਇਤਾ ਪ੍ਰੋਗਰਾਮਾਂ ਦੀ ਸਮੀਖਿਆ ਸ਼ੁਰੂ ਕਰ ਰਹੇ ਹਨ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਮਦਦ 'ਅਮਰੀਕਾ ਫਸਟ ਏਜੰਡੇ' ਦੇ ਤਹਿਤ ਅਮਰੀਕੀ ਵਿਦੇਸ਼ ਨੀਤੀ ਦੇ ਅਨੁਕੂਲ ਹੈ ਜਾਂ ਨਹੀਂ।"

ਯੂ.ਐੱਸ.ਏ.ਆਈ.ਡੀ. ਨੇ 2023 ਵਿਚ 158 ਦੇਸ਼ਾਂ ਨੂੰ ਲਗਭਗ 45 ਅਰਬ ਅਮਰੀਕੀ ਡਾਲਰ ਦੀ ਵਿਦੇਸ਼ੀ ਸਹਾਇਤਾ ਵੰਡੀ ਸੀ। ਇਸ ਵਿਚ ਬੰਗਲਾਦੇਸ਼ ਨੂੰ 40 ਕਰੋੜ ਅਮਰੀਕੀ ਡਾਲਰ, ਪਾਕਿਸਤਾਨ ਨੂੰ 23 ਕਰੋੜ 10 ਲੱਖ ਅਮਰੀਕੀ ਡਾਲਰ, ਅਫਗਾਨਿਸਤਾਨ ਨੂੰ 1 ਅਰਬ ਅਮਰੀਕੀ ਡਾਲਰ, ਭਾਰਤ ਨੂੰ 17 ਕਰੋੜ 50 ਲੱਖ ਅਮਰੀਕੀ ਡਾਲਰ, ਨੇਪਾਲ ਨੂੰ 11 ਕਰੋੜ 80 ਲੱਖ ਅਮਰੀਕੀ ਡਾਲਰ ਅਤੇ ਸ਼੍ਰੀਲੰਕਾ ਨੂੰ 12 ਕਰੋੜ 30 ਲੱਖ ਅਮਰੀਕੀ ਡਾਲਰ ਦੀ ਮਦਦ ਸ਼ਾਮਲ ਹੈ।

## ਜਾਣਬੁੱਝ ਕੇ ਦੁਨੀਆਂ ਭਰ 'ਚ ਫੈਲਾਇਆ ਗਿਆ ਸੀ ਕੋਰੋਨਾ ਵਾਇਰਸ : ਸੀ.ਆਈ.ਏ. ਵੱਲੋਂ ਖੁਲਾਸਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਸੈਂਟਰਲ ਇੰਟੈਲੀਜੈਂਸ ਏਜੰਸੀ (ਸੀ.ਆਈ.ਏ.) ਨੇ ਕੋਰੋਨਾ ਵਾਇਰਸ ਨੂੰ ਲੈ ਕੇ ਨਵਾਂ ਖੁਲਾਸਾ ਕੀਤਾ ਹੈ। ਸੀ.ਆਈ.ਏ. ਦਾ ਮੰਨਣਾ ਹੈ ਕਿ ਕੋਵਿਡ-19 ਮਹਾਮਾਰੀ ਲਈ ਜ਼ਿੰਮੇਵਾਰ ਵਾਇਰਸ ਇੱਕ ਲੈਬਾਰਟਰੀ ਤੋਂ ਪੈਦਾ ਹੋਇਆ ਸੀ ਅਤੇ ਜਾਣਬੁੱਝ ਕੇ ਪੂਰੀ ਦੁਨੀਆ ਵਿਚ ਫੈਲਾਇਆ ਗਿਆ ਸੀ। ਸੀ.ਆਈ.ਏ. ਦੇ ਮੁਲਾਂਕਣ ਮੁਤਾਬਕ, ਇਹ ਖਦਸ਼ਾ ਚੀਨ 'ਤੇ ਉਂਗਲ ਉਠਾਉਂਦਾ ਹੈ, ਹਾਲਾਂਕਿ ਖੁਫੀਆ ਏਜੰਸੀ ਨੂੰ ਕੱਢੇ ਆਪਣੇ ਸਿੱਟਿਆਂ 'ਤੇ ਪੂਰਾ ਭਰੋਸਾ ਨਹੀਂ ਹੈ। ਖੋਜਾਂ ਕਿਸੇ ਨਵੀਂ ਖੁਫੀਆ ਜਾਣਕਾਰੀ ਦਾ ਨਤੀਜਾ ਨਹੀਂ ਹਨ ਅਤੇ ਸ਼ਨੀਵਾਰ ਨੂੰ ਜਾਰੀ ਕੀਤੀ ਗਈ ਰਿਪੋਰਟ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਅਤੇ ਸੀ.ਆਈ.ਏ. ਦੇ ਸਾਬਕਾ ਡਾਇਰੈਕਟਰ ਵਿਲੀਅਮ ਬਰਨਜ਼ ਦੇ ਕਹਿਣ 'ਤੇ ਪੂਰੀ ਕੀਤੀ ਗਈ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਏਜੰਸੀ ਦੀ ਅਗਵਾਈ ਕਰਨ ਲਈ ਚੁਣੇ ਗਏ ਜੌਹਨ ਰੈਟਕਲਿਫ ਦੇ ਆਦੇਸ਼ਾਂ 'ਤੇ ਸ਼ਨੀਵਾਰ ਨੂੰ ਇਹ ਰਿਪੋਰਟ ਜਨਤਕ ਕੀਤੀ ਗਈ ਸੀ। ਸੀ.ਆਈ.ਏ. ਦਾ ਮੰਨਣਾ ਹੈ, ਮਾਈਕਰੋਸਕੋਪਿਕ ਖੋਜਾਂ ਦੇ ਆਧਾਰ 'ਤੇ ਸਬੂਤਾਂ ਦੀ ਸੰਪੂਰਨਤਾ ਤੋਂ ਇਹ ਸੰਕੇਤ ਮਿਲਦਾ ਹੈ ਕਿ ਕੋਵਿਡ-19 ਲਈ ਜ਼ਿੰਮੇਵਾਰ ਕੋਰੋਨਾ ਵਾਇਰਸ ਕੁਦਰਤੀ ਮੂਲ ਦੀ ਬਜਾਏ ਲੈਬਾਰਟਰੀ ਵਿਚ ਪੈਦਾ ਹੋਣ ਦੀ ਜ਼ਿਆਦਾ ਸੰਭਾਵਨਾ ਹੈ।

ਸੀ.ਆਈ.ਏ. ਦੇ ਮੁਖੀ ਰੈਟਕਲਿਫ ਨੇ ਦੱਸਿਆ, "ਮੈਨੂੰ ਇਸ ਗੱਲ ਦਾ ਜਨਤਕ ਮੁਲਾਂਕਣ ਕਰਨ ਦਾ ਮੌਕਾ ਮਿਲਿਆ ਕਿ ਮੇਰੇ ਪਹਿਲੇ ਦਿਨ ਬਾਇਡਨ ਪ੍ਰਸ਼ਾਸਨ ਵਿਚ ਅਸਲ ਵਿਚ ਕੀ ਹੋਇਆ ਸੀ। ਇਸ ਲਈ ਇਸ 'ਤੇ ਸਿਆਸੀ ਹੋਣ ਦਾ ਦੋਸ਼ ਨਹੀਂ ਲਗਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਸੀ.ਆਈ.ਏ. ਨੇ ਮੁਲਾਂਕਣ ਕੀਤਾ ਹੈ ਕਿ ਇਸ ਮਹਾਮਾਰੀ ਦਾ ਸਭ ਤੋਂ ਸੰਭਾਵਿਤ ਕਾਰਨ ਜਿਸ ਨੇ ਦੁਨੀਆਂ ਭਰ ਵਿਚ ਬਹੁਤ ਤਬਾਹੀ ਮਚਾਈ ਹੈ, ਵੂਹਾਨ ਵਿਚ ਇੱਕ ਲੈਬਾਰਟਰੀ ਨਾਲ ਸਬੰਧਤ ਘਟਨਾ ਸੀ ਅਤੇ ਇਸ ਲਈ ਅਸੀਂ ਇਸ ਦੀ ਹੋਰ ਜਾਂਚ ਕਰਨਾ ਜਾਰੀ ਰੱਖਾਂਗੇ।"

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਨਾਗਰਿਕਾਂ ਨੂੰ ਵਾਪਸ ਬੁਲਾਉਣਾ ਹਰ ਦੇਸ਼ ਦੀ ਜ਼ਿੰਮੇਵਾਰੀ : ਟਰੰਪ

ਵਾਸ਼ਿੰਗਟਨ, (ਪੰਜਾਬ ਮੇਲ) - ਡੋਨਾਲਡ ਟਰੰਪ ਨੇ ਅਹੁਦਾ ਸੰਭਾਲਣ ਤੋਂ ਬਾਅਦ ਪਹਿਲੇ ਹਫ਼ਤੇ ਵਿਚ ਹੀ ਇਮੀਗ੍ਰੇਸ਼ਨ ’ਤੇ ਵੱਡੇ ਕਦਮ ਚੁੱਕੇ ਹਨ। ਯੂ.ਐੱਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈ.ਸੀ.ਈ) ਨੇ ਇੱਕ ਪੋਸਟ ਵਿਚ ਦੱਸਿਆ ਕਿ ਉਸਨੇ ਅਮਰੀਕਾ ਵਿਚ 956 ਗ੍ਰਿਫ਼ਤਾਰੀਆਂ ਕੀਤੀਆਂ ਹਨ। ਇਸ ਦੌਰਾਨ ਟਰੰਪ ਪ੍ਰਸ਼ਾਸਨ ਨੇ ਕਿਹਾ ਹੈ ਕਿ ਇਹ ਹਰ ਦੇਸ਼ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਉਨ੍ਹਾਂ ਨਾਗਰਿਕਾਂ ਨੂੰ ਜਲਦੀ ਵਾਪਸ ਬੁਲਾਉਣ, ਜੋ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਹਨ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇੱਕ ਬਿਆਨ ਵਿਚ ਕਿਹਾ, “ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਦੇ ਪ੍ਰਸ਼ਾਸਨ ਅਧੀਨ ਅਮਰੀਕਾ ਨੂੰ ਹੁਣ ਮੂਰਖ ਨਹੀਂ ਬਣਾਇਆ ਜਾਵੇਗਾ ਜਾਂ ਉਸਦਾ ਫ਼ਾਇਦਾ ਨਹੀਂ ਚੁੱਕਿਆ ਜਾ ਸਕੇਗਾ।” ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫੋਨ ’ਤੇ ਡੋਨਾਲਡ ਟਰੰਪ ਨਾਲ ਗੱਲ ਕੀਤੀ ਹੈ। ਟਰੰਪ ਨੇ ਕਿਹਾ ਹੈ ਕਿ ਭਾਰਤ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਲੈਣ ਲਈ ਜੋ ਸਹੀ ਹੈ, ਉਹ ਕਰੇਗਾ।



ਰੂਬੀਓ ਨੇ ਕਿਹਾ ਕਿ ਇਹ ਹਰ ਦੇਸ਼ ਦੀ ਜ਼ਿੰਮੇਵਾਰੀ ਹੈ ਕਿ ਉਹ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਆਪਣੇ ਨਾਗਰਿਕਾਂ ਨੂੰ ਜਲਦੀ ਵਾਪਸ ਬੁਲਾ ਲਵੇ। ਉਨ੍ਹਾਂ ਦਾ ਇਹ ਬਿਆਨ ਉਸ ਘਟਨਾ ਤੋਂ ਇੱਕ ਦਿਨ ਬਾਅਦ ਆਇਆ ਹੈ, ਜਿਸ ਵਿਚ ਅਮਰੀਕਾ ਤੋਂ ਕੋਲੰਬੀਆ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਣ ਦੀ ਪ੍ਰਕਿਰਿਆ ’ਤੇ ਵਿਵਾਦ ਹੋਇਆ ਸੀ। ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ ਕਿ ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਟਰੋ ਨੇ ਕੋਲੰਬੀਆ ਦੇ ਪ੍ਰਵਾਸੀਆਂ ਨੂੰ ਲੈ ਕੇ ਜਾਣ ਵਾਲੇ ਅਮਰੀਕੀ ਫੌਜੀ ਜਹਾਜ਼ਾਂ ਨੂੰ ਉਡਾਣ ਭਰਨ ਦੀ ਇਜਾਜ਼ਤ ਦੇ ਦਿੱਤੀ ਹੈ। ਪਰ ਜਹਾਜ਼ ਦੇ ਹਵਾ ਵਿਚ ਉੱਡਣ ਤੋਂ ਬਾਅਦ ਉਨ੍ਹਾਂ ਨੇ ਇਜਾਜ਼ਤ ਰੱਦ ਕਰ ਦਿੱਤੀ।

ਇਸ ਤੋਂ ਬਾਅਦ ਟਰੰਪ ਨੇ ਪੈਟਰੋ ਦੇ ਫ਼ੈਸਲੇ ਨੂੰ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਦੱਸਿਆ ਅਤੇ ਤੁਰੰਤ ਜਵਾਬੀ ਕਾਰਵਾਈ ਦਾ ਐਲਾਨ ਕੀਤਾ। ਉਸਨੇ ਕੋਲੰਬੀਆ ਤੋਂ ਆਉਣ ਵਾਲੇ ਸਮਾਨ ’ਤੇ 25 ਪ੍ਰਤੀਸ਼ਤ ਟੈਰਿਫ ਅਤੇ ਵੀਜ਼ਾ ਪਾਬੰਦੀਆਂ ਲਗਾਉਣ ਦਾ ਆਦੇਸ਼ ਦਿੱਤਾ, ਜਿਸ ਨੂੰ ਇੱਕ ਹਫ਼ਤੇ ਵਿਚ ਵਧਾ ਕੇ 50 ਪ੍ਰਤੀਸ਼ਤ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਕੋਲੰਬੀਆ ਸਰਕਾਰ ਨੇ ਵੀ ਤੁਰੰਤ ਜਵਾਬ ਦਿੱਤਾ ਅਤੇ ਕਿਹਾ ਕਿ ਉਹ ਆਪਣੇ ਨਾਗਰਿਕਾਂ ਨੂੰ ਅਮਰੀਕਾ ਤੋਂ ਸਨਮਾਨਜਨਕ ਢੰਗ ਨਾਲ ਵਾਪਸ ਭੇਜਣ ਲਈ ਰਾਸ਼ਟਰਪਤੀ ਦਾ ਜਹਾਜ਼ ਭੇਜੇਗੀ। ਵ੍ਹਾਈਟ ਹਾਊਸ ਨੇ ਬਾਅਦ ਵਿਚ ਕਿਹਾ ਕਿ ਕੋਲੰਬੀਆ ਨੇ ਟਰੰਪ ਦੀਆਂ ਸਾਰੀਆਂ ਸ਼ਰਤਾਂ ਸਵੀਕਾਰ ਕਰ ਲਈਆਂ ਹਨ, ਜਿਸ ਵਿਚ ਅਮਰੀਕਾ ਤੋਂ ਦੇਸ਼ ਨਿਕਾਲਾ ਦਿੱਤੇ ਗਏ ਪ੍ਰਵਾਸੀਆਂ ਨੂੰ ਬਿਨਾਂ ਦੇਰੀ ਅਤੇ ਬਿਨਾਂ ਕਿਸੇ ਸ਼ਰਤ ਦੇ ਸਵੀਕਾਰ ਕਰਨਾ ਸ਼ਾਮਲ ਹੈ।

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਅਨੁਸਾਰ 2022 ਵਿਚ ਲਗਭਗ 11 ਮਿਲੀਅਨ ਪ੍ਰਵਾਸੀ ਅਮਰੀਕਾ ਵਿਚ ਗੈਰ-ਕਾਨੂੰਨੀ ਤੌਰ ’ਤੇ ਰਹਿ ਰਹੇ ਸਨ, ਜਿਨ੍ਹਾਂ ਵਿਚੋਂ ਸਭ ਤੋਂ ਵੱਧ ਗਿਣਤੀ ਮੈਕਸੀਕੋ ਤੋਂ ਸੀ। 2018 ਅਤੇ 2022 ਵਿਚਕਾਰ ਭਾਰਤ ਤੋਂ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿਚ ਕਾਫ਼ੀ ਕਮੀ ਆਈ ਹੈ, ਜੋ ਕਿ 4.8 ਲੱਖ ਤੋਂ 2.2 ਲੱਖ ਹੋ ਗਈ ਹੈ। ਅਮਰੀਕਾ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਆਉਣ ਦੇ ਮਾਮਲੇ ਵਿਚ ਕੈਲੀਫੋਰਨੀਆ ਅਤੇ ਟੈਕਸਾਸ ਪਹਿਲੇ ਸਥਾਨ ’ਤੇ ਹਨ।

# ਟਰਾਂਸਜੈਂਡਰ ਭਾਈਚਾਰੇ ਦੀ ਅਮਰੀਕੀ ਫੌਜੀ ਸੇਵਾ ’ਤੇ ਭਵਿੱਖ ਵਿਚ ਲੱਗ ਸਕਦੀ ਹੈ ਪਾਬੰਦੀ

***■ ਟਰੰਪ ਨੇ ਟਰਾਂਸਜੈਂਡਰ ਫੌਜਾਂ ਬਾਰੇ ਪੈਂਟਾਗਨ ਨੀਤੀ ਨੂੰ ਸੋਧਣ ਦਾ ਨਿਰਦੇਸ਼ ਦੇਣ ਵਾਲੇ ਆਦੇਸ਼ ’ਤੇ ਕੀਤੇ ਦਸਤਖ਼ਤ***

ਵਾਸ਼ਿੰਗਟਨ, (ਪੰਜਾਬ ਮੇਲ)- ਰਾਸ਼ਟਰਪਤੀ ਡੋਨਾਲਡ ਟਰੰਪ ਇਕ ਦੇ ਬਾਅਦ ਇਕ ਸਖ਼ਤ ਫ਼ੈਸਲੇ ਲੈਂਦੇ ਜਾ ਰਹੇ ਹਨ। ਹੁਣ ਰਾਸ਼ਟਰਪਤੀ ਟਰੰਪ ਨੇ ਟਰਾਂਸਜੈਂਡਰ ਭਾਈਚਾਰੇ ਨੂੰ ਵੱਡਾ ਝਟਕਾ ਦਿੱਤਾ ਹੈ। ਟਰੰਪ ਨੇ ਰੱਖਿਆ ਸਕੱਤਰ ਪੀਟ ਹੇਗਸੇਥ ਨੂੰ ਟਰਾਂਸਜੈਂਡਰ ਫੌਜਾਂ ਬਾਰੇ ਪੈਂਟਾਗਨ ਦੀ ਨੀਤੀ ਨੂੰ ਸੋਧਣ ਦਾ ਨਿਰਦੇਸ਼ ਦੇਣ ਵਾਲੇ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖ਼ਤ ਕੀਤੇ ਹਨ, ਜਿਸ ਨਾਲ ਉਨ੍ਹਾਂ ਦੀ ਫੌਜੀ ਸੇਵਾ ’ਤੇ ਭਵਿੱਖ ਵਿੱਚ ਪਾਬੰਦੀ ਲਗਣ ਦੀ ਸੰਭਾਵਨਾ ਹੈ।

ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਟਰਾਂਸਜੈਂਡਰ ਫੌਜਾਂ ’ਤੇ ਪਾਬੰਦੀ ਲਗਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਇਹ ਮਾਮਲਾ ਕਈ ਸਾਲਾਂ ਤੱਕ ਅਦਾਲਤਾਂ ਵਿਚ ਉਲਝਿਆ ਰਿਹਾ। ਇਸ ਤੋਂ ਪਹਿਲਾਂ ਕਿ ਉਸ ਸਮੇਂ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਅਹੁਦਾ ਸੰਭਾਲਣ ਤੋਂ ਥੋੜ੍ਹੀ ਦੇਰ ਬਾਅਦ ਇਸ ਫ਼ੈਸਲੇ ਨੂੰ ਉਲਟਾ ਦਿੱਤਾ ਸੀ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ ’ਤੇ ਕਲਿੱਕ ਕਰੋ : www.punjabmailusa.com**

# ਟਰੰਪ ਦੇ ਫੈਸਲੇ ਕਾਰਨ ਗਰਭਵਤੀ ਔਰਤਾਂ ਸਮੇਂ ਤੋਂ ਪਹਿਲਾਂ ਕਰਾਉਣਾ ਚਾਹੁੰਦੀਆਂ ਨੇ ਡਿਲੀਵਰੀ!

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹਾਲੀਆ ਫੈਸਲੇ ਨੇ ਗਰਭਵਤੀ ਔਰਤਾਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਦਰਅਸਲ ਟਰੰਪ ਵੱਲੋਂ ਅਗਲੇ ਮਹੀਨੇ ਲਾਗੂ ਕੀਤੇ ਜਾਣ ਵਾਲੇ ਨਿਯਮ ਤਹਿਤ 20 ਫਰਵਰੀ ਤੋਂ ਬਾਅਦ ਪੈਦਾ ਹੋਣ ਵਾਲੇ ਉਨ੍ਹਾਂ ਬੱਚਿਆਂ ਨੂੰ ਅਮਰੀਕਾ ਦੀ ਨਾਗਰਿਕਤਾ ਨਹੀਂ ਮਿਲੇਗੀ, ਜਿਨ੍ਹਾਂ ਦੇ ਮਾਪੇ ਅਮਰੀਕਾ ਦੇ ਨਾਗਰਿਕ ਜਾਂ ਗ੍ਰੀਨ ਕਾਰਡ ਧਾਰਕ ਨਹੀਂ ਹਨ। ਇਸ ਫੈਸਲੇ ਨੇ ਭਾਰਤ, ਪਾਕਿਸਤਾਨ ਅਤੇ ਹੋਰ ਦੇਸ਼ਾਂ ਦੀਆਂ ਗਰਭਵਤੀ ਔਰਤਾਂ ਨੂੰ ਪਰੇਸ਼ਾਨ ਕਰ ਦਿੱਤਾ ਹੈ, ਜੋ ਆਪਣੇ ਬੱਚਿਆਂ ਲਈ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਦੀ ਉਮੀਦ ਕਰ ਰਹੀਆਂ ਸਨ। ਇਹੀ ਕਾਰਨ ਹੈ ਕਿ ਇਹ ਔਰਤਾਂ ਆਪਣੀ ਡਿਲੀਵਰੀ ਜਲਦੀ ਤੋਂ ਜਲਦੀ ਕਰਵਾਉਣ ਲਈ ਹਸਪਤਾਲਾਂ ਦਾ ਰੁਖ ਕਰ ਰਹੀਆਂ ਹਨ, ਭਾਵੇਂ ਉਨ੍ਹਾਂ ਦੀ ਡਿਲੀਵਰੀ ਨੂੰ ਅਜੇ ਕੁਝ ਮਹੀਨੇ ਬਾਕੀ ਹਨ।

ਡਾਕਟਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ 20 ਫਰਵਰੀ ਤੋਂ ਪਹਿਲਾਂ ਡਿਲੀਵਰੀ ਦੀ ਉਮੀਦ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਵਿਚ ਅਚਾਨਕ ਵਾਧਾ ਦੇਖਿਆ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਔਰਤਾਂ ਭਾਰਤੀ ਹਨ, ਜੋ ਆਪਣੀ ਗਰਭ ਅਵਸਥਾ ਦੇ 8ਵੇਂ ਜਾਂ 9ਵੇਂ ਮਹੀਨੇ ਵਿਚ ਹਨ। ਨਿਊਜਰਸੀ ਦੇ ਡਾ. ਡੀ. ਰਾਮਾ ਦਾ ਕਹਿਣਾ ਹੈ ਕਿ ਹੁਣ ਔਰਤਾਂ ਸਮੇਂ ਤੋਂ ਪਹਿਲਾਂ ਸੀ-ਸੈਕਸ਼ਨ ਲਈ ਉਨ੍ਹਾਂ ਦੇ ਕਲੀਨਿਕ ਵਿਚ ਆ ਰਹੀਆਂ ਹਨ। ਇੱਕ ਔਰਤ, ਜਿਸ ਦੀ ਮਾਰਚ ਵਿਚ ਡਿਲੀਵਰੀ ਹੋਣੀ ਹੈ, ਆਪਣੇ ਪਤੀ ਨਾਲ ਆਈ ਅਤੇ ਜਲਦੀ ਡਿਲੀਵਰੀ ਕਰਾਉਣ ਦੀ ਮੰਗ ਕਰ ਰਹੀ ਸੀ। ਇਨ੍ਹਾਂ ਔਰਤਾਂ ਦਾ ਮੁੱਖ ਉਦੇਸ਼ ਆਪਣੇ ਬੱਚੇ ਨੂੰ ਅਮਰੀਕੀ ਨਾਗਰਿਕਤਾ ਦਿਵਾਉਣਾ ਹੈ, ਕਿਉਂਕਿ 20 ਫਰਵਰੀ ਤੋਂ ਬਾਅਦ ਅਜਿਹੇ ਮਾਪਿਆਂ ਦੇ ਬੱਚਿਆਂ ਨੂੰ ਆਪਣੇ ਆਪ ਨਾਗਰਿਕਤਾ ਨਹੀਂ ਮਿਲੇਗੀ, ਜੋ ਅਮਰੀਕਾ ਦੇ ਨਾਗਰਿਕ ਨਹੀਂ ਹਨ ਜਾਂ ਗ੍ਰੀਨ ਕਾਰਡ ਧਾਰਕ ਨਹੀਂ ਹਨ।

ਹਾਲਾਂਕਿ, ਮਾਹਰ ਇਸ ਫੈਸਲੇ ਬਾਰੇ ਚਿੰਤਤ ਹਨ। ਟੈਕਸਾਸ ਦੀ ਡਾਕਟਰ ਐਸਜੀ ਮੁੱਕਲ ਨੇ ਕਿਹਾ ਕਿ ਜਲਦੀ ਡਿਲੀਵਰੀ ਮਾਂ ਅਤੇ ਬੱਚੇ ਦੋਵਾਂ ਦੀ ਸਿਹਤ ਲਈ ਖ਼ਤਰਾ ਪੈਦਾ ਕਰ ਸਕਦੀ ਹੈ। ਉਨ੍ਹਾਂ ਮੁਤਾਬਕ ਪ੍ਰੀ-ਟਰਮ ਡਿਲੀਵਰੀ ਦੌਰਾਨ ਬੱਚੇ ਦੇ ਫੇਫੜੇ ਪੂਰੀ ਤਰ੍ਹਾਂ ਵਿਕਸਤ ਨਹੀਂ ਹੁੰਦੇ, ਜਿਸ ਕਾਰਨ ਉਨ੍ਹਾਂ ਨੂੰ ਸਾਹ ਲੈਣ ਵਿਚ ਮੁਸ਼ਕਲ ਆ ਸਕਦੀ ਹੈ। ਇਸ ਤੋਂ ਇਲਾਵਾ, ਇਨ੍ਹਾਂ ਬੱਚਿਆਂ ਦਾ ਭਾਰ ਘੱਟ ਹੋ ਸਕਦਾ ਹੈ, ਅਤੇ ਭਵਿੱਖ ਵਿਚ ਉਨ੍ਹਾਂ ਨੂੰ ਨਿਊਰੋਲੋਜੀਕਲ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ।


Global
LAW FIRM LLP
ਕਾਨੂੰਨੀ ਸਲਾਹ
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ

Atul Kapoor
C.E.O
Asylum & Deportation Defense

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188


EXPO
Furniture Gallery
We offer 0% interest financing
and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year
Special
Sale
Best price guaranteed.
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਟਰੰਪ ਦੀ ਟੀਮ 'ਚ 2 ਭਾਰਤੀ ਮੂਲ ਦੇ ਵਿਅਕਤੀ ਵਿਸ਼ੇਸ਼ ਸਹਾਇਕ ਨਿਯੁਕਤ



**ਨਿਊਯਾਰਕ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰਾਸ਼ਟਰੀ ਸੁਰੱਖਿਆ ਅਤੇ ਕਰਮਚਾਰੀਆਂ ਦੇ ਮਾਮਲਿਆਂ ਨਾਲ ਨਜਿੱਠਣ ਲਈ 2 ਭਾਰਤੀ ਮੂਲ ਦੇ ਲੋਕਾਂ ਨੂੰ ਆਪਣਾ ਵਿਸ਼ੇਸ਼ ਸਹਾਇਕ ਨਿਯੁਕਤ ਕੀਤਾ ਹੈ। ਰਿੱਕੀ ਗਿੱਲ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ (ਐੱਨ.ਐੱਸ.ਸੀ.) ਵਿਖੇ ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਦੇ ਸੀਨੀਅਰ ਨਿਰਦੇਸ਼ਕ ਵਜੋਂ ਭਾਰਤ ਨਾਲ ਵਿਸ਼ੇਸ਼ ਤੌਰ 'ਤੇ ਕੰਮ ਕਰਨਗੇ। ਜਦੋਂਕਿ ਸੌਰਭ ਸ਼ਰਮਾ ਰਾਸ਼ਟਰਪਤੀ ਦੇ ਪਰਸੋਨਲ ਦਫ਼ਤਰ ਵਿਚ ਕੰਮ ਕਰਨਗੇ।

ਗਿੱਲ ਪਹਿਲਾਂ ਟਰੰਪ ਪ੍ਰਸ਼ਾਸਨ ਵਿਚ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਵਿਚ ਰੂਸ ਅਤੇ ਯੂਰਪੀਅਨ ਊਰਜਾ ਸੁਰੱਖਿਆ ਦੇ ਨਿਰਦੇਸ਼ਕ ਅਤੇ ਵਿਦੇਸ਼ ਵਿਭਾਗ 'ਚ ਓਵਰਸੀਜ਼ ਬਿਲਡਿੰਗ ਆਪ੍ਰੇਸ਼ਨਜ਼ ਬਿਊਰੋ ਵਿਚ ਇੱਕ ਸੀਨੀਅਰ ਸਲਾਹਕਾਰ ਵਜੋਂ ਸੇਵਾ ਨਿਭਾ ਚੁੱਕੇ ਹਨ। ਨਿਊਜਰਸੀ 'ਚ ਜਨਮੇ ਗਿੱਲ ਨੇ ਪ੍ਰਿੰਸਟਨ ਯੂਨੀਵਰਸਿਟੀ ਦੇ ਵੁੱਡਰੋ ਵਿਲਸਨ ਸਕੂਲ ਆਫ਼ ਪਬਲਿਕ ਐਂਡ ਇੰਟਰਨੈਸ਼ਨਲ ਅਫੇਅਰਜ਼ ਤੋਂ ਬੈਚਲਰ ਦੀ ਡਿਗਰੀ ਅਤੇ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ ਹੈ। ਉਨ੍ਹਾਂ ਨੇ ਲਿੰਕਡਇਨ 'ਤੇ ਇੱਕ ਪੋਸਟ 'ਚ ਆਪਣੀ ਨਿਯੁਕਤੀ ਦੀ ਪੁਸ਼ਟੀ ਕੀਤੀ।

ਉਥੇ ਹੀ ਬੈਂਗਲੁਰੂ ਵਿਚ ਜਨਮੇ ਸ਼ਰਮਾ ਵਾਸ਼ਿੰਗਟਨ ਸਥਿਤ ਅਮਰੀਕਨ ਮੋਮੈਂਟ ਦੇ ਸਹਿ-ਸੰਸਥਾਪਕ ਅਤੇ ਪ੍ਰਧਾਨ ਸਨ, ਜੋ ਕਿ ਇੱਕ ਰੂੜੀਵਾਦੀ ਸੰਗਠਨ ਹੈ। ਸੰਗਠਨ ਦਾ ਕਹਿਣਾ ਹੈ ਕਿ ਇਸਦਾ ਮਿਸ਼ਨ "ਨੌਜਵਾਨ ਅਮਰੀਕੀਆਂ ਦੀ ਪਛਾਣ ਕਰਨਾ, ਸਿੱਖਿਅਤ ਕਰਨਾ ਅਤੇ ਉਨ੍ਹਾਂ ਨੂੰ ਮਾਨਤਾ ਦੇਣਾ" ਹੈ। ਉਹ ਇੱਕ ਰੂੜੀਵਾਦੀ ਪ੍ਰਕਾਸ਼ਨ, ਡੇਲੀ ਕਾਲਰ ਨਾਲ ਇੱਕ ਪੱਤਰਕਾਰ ਵਜੋਂ ਵੀ ਕੰਮ ਕਰ ਚੁੱਕੇ ਹਨ। ਸ਼ਰਮਾ ਕੋਲ ਟੈਕਸਾਸ ਯੂਨੀਵਰਸਿਟੀ ਤੋਂ ਬਾਇਓਕੈਮਿਸਟਰੀ 'ਚ ਬੈਚਲਰ ਦੀ ਡਿਗਰੀ ਹੈ। ਉਨ੍ਹਾਂ ਦੀ ਨਿਯੁਕਤੀ ਦੀ ਪੁਸ਼ਟੀ ਅਮਰੀਕਨ ਮੋਮੈਂਟ ਦੁਆਰਾ ਆਪਣੀ ਵੈੱਬਸਾਈਟ 'ਤੇ ਕੀਤੀ ਗਈ।

# ਅਮਰੀਕਾ ਦੇ ਨਵੇਂ ਰੱਖਿਆ ਮੰਤਰੀ ਬਣੇ ਪੀਟ ਹੇਗਸੇਥ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਟਰੰਪ ਸਰਕਾਰ ਦੇ ਆਉਣ ਤੋਂ ਬਾਅਦ ਵਿਭਾਗਾਂ ਦੀ ਜ਼ਿੰਮੇਵਾਰੀ ਨਵੇਂ ਲੋਕਾਂ ਨੂੰ ਸੌਂਪੀ ਜਾ ਰਹੀ ਹੈ। ਇਸ ਕ੍ਰਮ ਵਿਚ, ਅਮਰੀਕਾ ਦੇ ਨਵੇਂ ਰੱਖਿਆ ਮੰਤਰੀ ਦੀ ਜ਼ਿੰਮੇਵਾਰੀ ਪੀਟ ਹੇਗਸੇਥ ਨੂੰ ਸੌਂਪ ਦਿੱਤੀ ਗਈ ਹੈ। ਇਹ ਉਹੀ ਹੇਗਸੇਥ ਹਨ, ਜਿਨ੍ਹਾਂ ਨੇ ਆਪਣੇ ਖਿਲਾਫ ਕਈ ਦੋਸ਼ਾਂ ਨੂੰ ਰੱਦ ਕਰਦੇ ਹੋਏ ਕਿਹਾ ਸੀ ਕਿ ਮੈਂ ਪਰਫੈਕਟ ਵਿਅਕਤੀ ਨਹੀਂ ਹਾਂ। ਅਮਰੀਕੀ ਸੰਸਦ ਦੇ ਉਪਰਲੇ ਸਦਨ ਸੈਨੇਟ ਨੇ ਸ਼ੁੱਕਰਵਾਰ ਦੇਰ ਰਾਤ ਵੋਟਿੰਗ ਤੋਂ ਬਾਅਦ ਪੀਟ ਹੇਗਸੇਥ ਨੂੰ ਅਮਰੀਕੀ ਰੱਖਿਆ ਮੰਤਰੀ ਵਜੋਂ ਮਨਜ਼ੂਰੀ ਦੇ ਦਿੱਤੀ। ਜ਼ਿਆਦਾ ਸ਼ਰਾਬ ਪੀਣ ਅਤੇ ਔਰਤਾਂ ਪ੍ਰਤੀ ਹਮਲਾਵਰ ਵਿਵਹਾਰ ਦੇ ਦੋਸ਼ਾਂ ਵਿਚਕਾਰ ਰੱਖਿਆ ਮੰਤਰੀ ਬਣਨ ਦੀ ਉਨ੍ਹਾਂ ਦੀ ਯੋਗਤਾ 'ਤੇ ਸਵਾਲ ਉੱਠ ਰਹੇ ਹਨ। ਹੇਗਸੇਥ ਦੀ ਨਿਯੁਕਤੀ ਦੇ ਹੱਕ ਵਿਚ 50 ਅਤੇ ਵਿਰੋਧ ਵਿਚ ਵੀ 50 ਵੋਟਾਂ ਪੈਣ ਦੇ ਬਾਅਦ ਫੈਸਲਾ ਟਾਈ ਹੋ ਗਿਆ ਸੀ, ਜਿਸ ਤੋਂ ਬਾਅਦ ਜੇ.ਡੀ. ਵੈਂਸ ਨੇ 'ਟਾਈਬ੍ਰੇਕਰ' ਦੇ ਕੇ ਹੇਗਸੇਥ (44) ਦੀ ਨਿਯੁਕਤੀ 'ਤੇ ਮੋਹਰ ਲਗਵਾ ਦਿੱਤੀ। ਇਸ ਤਰ੍ਹਾਂ ਵੈਂਸ ਦੂਜੇ ਅਮਰੀਕੀ ਉਪ ਰਾਸ਼ਟਰਪਤੀ ਬਣ ਗਏ, ਜਿਨ੍ਹਾਂ ਨੇ ਕਿਸੇ ਕੈਬਨਿਟ ਉਮੀਦਵਾਰ ਦੀ ਨਿਯੁਕਤੀ ਦੀ ਪੁਸ਼ਟੀ ਕਰਨ ਲਈ "ਟਾਈਬ੍ਰੇਕਰ" ਵੋਟ ਦੀ ਵਰਤੋਂ ਕੀਤੀ।

# ਟਰੰਪ ਵੱਲੋਂ ਭਾਰਤੀ-ਅਮਰੀਕੀ ਸਾਬਕਾ ਪੱਤਰਕਾਰ ਕੁਸ਼ ਦੇਸਾਈ ਡਿਪਟੀ ਪ੍ਰੈੱਸ ਸਕੱਤਰ ਨਿਯੁਕਤ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀ ਟੀਮ ਵਿਚ ਇੱਕ ਹੋਰ ਭਾਰਤੀ ਮੂਲ ਦੇ ਅਮਰੀਕੀ ਸ਼ਖਸ ਨੂੰ ਸ਼ਾਮਲ ਕੀਤਾ ਹੈ। ਟਰੰਪ ਨੇ ਭਾਰਤੀ-ਅਮਰੀਕੀ ਸਾਬਕਾ ਪੱਤਰਕਾਰ ਕੁਸ਼ ਦੇਸਾਈ ਨੂੰ ਆਪਣਾ ਡਿਪਟੀ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਹੈ। ਇਹ ਐਲਾਨ 'ਵ੍ਹਾਈਟ ਹਾਊਸ' (ਅਮਰੀਕਾ ਦੇ ਰਾਸ਼ਟਰਪਤੀ ਦਾ ਅਧਿਕਾਰਤ ਦਫ਼ਤਰ ਅਤੇ ਰਿਹਾਇਸ਼) ਵੱਲੋਂ ਕੀਤਾ ਗਿਆ। ਦੇਸਾਈ ਪਹਿਲਾਂ 'ਰਿਪਬਲਿਕਨ ਨੈਸ਼ਨਲ ਕਨਵੈਨਸ਼ਨ-2024' ਲਈ ਡਿਪਟੀ ਕਮਿਊਨੀਕੇਸ਼ਨ ਡਾਇਰੈਕਟਰ ਅਤੇ ਆਇਓਵਾ ਦੀ ਰਿਪਬਲਿਕਨ ਪਾਰਟੀ ਲਈ ਕਮਿਊਨੀਕੇਸ਼ਨ ਡਾਇਰੈਕਟਰ ਵਜੋਂ ਸੇਵਾ ਨਿਭਾ ਚੁੱਕੇ ਹਨ। ਉਹ 'ਰਿਪਬਲਿਕਨ ਨੈਸ਼ਨਲ ਕਮੇਟੀ' ਵਿਚ ਡਿਪਟੀ ਕਮਿਊਨੀਕੇਸ਼ਨ ਡਾਇਰੈਕਟਰ (ਪੈਨਸਿਲਵੇਨੀਆ) ਵਜੋਂ ਵੀ ਸੇਵਾ ਨਿਭਾ ਚੁੱਕੇ ਹਨ।

ਵ੍ਹਾਈਟ ਹਾਊਸ ਨੇ ਸ਼ੁੱਕਰਵਾਰ ਨੂੰ ਦੇਸਾਈ ਦੀ ਨਾਮਜ਼ਦਗੀ ਦਾ ਐਲਾਨ ਕੀਤਾ। ਵ੍ਹਾਈਟ ਹਾਊਸ ਦਫ਼ਤਰ ਆਫ਼ ਕਮਿਊਨੀਕੇਸ਼ਨ ਦੀ ਨਿਗਰਾਨੀ, ਡਿਪਟੀ ਵ੍ਹਾਈਟ ਹਾਊਸ ਚੀਫ਼ ਆਫ਼ ਸਟਾਫ਼ ਅਤੇ ਕੈਬਨਿਟ ਸਕੱਤਰ ਟੇਲਰ ਬੁਡੋਵਿਚ ਕਰਨਗੇ। ਟਰੰਪ ਨੇ ਪਹਿਲਾਂ ਸਟੀਵਨ ਚਿਊਂਗ ਨੂੰ ਰਾਸ਼ਟਰਪਤੀ ਦੇ ਸਹਾਇਕ ਅਤੇ ਵ੍ਹਾਈਟ ਹਾਊਸ ਕਮਿਊਨੀਕੇਸ਼ਨ ਡਾਇਰੈਕਟਰ ਅਤੇ ਕੈਰੋਲੀਨ ਲੇਵਿਟ ਨੂੰ ਰਾਸ਼ਟਰਪਤੀ ਦੇ ਸਹਾਇਕ ਅਤੇ ਪ੍ਰੈੱਸ ਸਕੱਤਰ ਵਜੋਂ ਨਿਯੁਕਤ ਕਰਨ ਦਾ ਐਲਾਨ ਕੀਤਾ ਸੀ।

ਇਸ ਤੋਂ ਇਲਾਵਾ ਹੋਰ ਵੀ ਭਾਰਤੀ ਮੂਲ ਦੇ ਵਿਅਕਤੀ ਟਰੰਪ ਕੈਬਨਿਟ 'ਚ ਸ਼ਾਮਲ ਹਨ, ਜਿਨ੍ਹਾਂ ਵਿਚ:-

- ਕਾਸ਼ ਪਟੇਲ ਨੂੰ ਟਰੰਪ ਨੇ ਅਮਰੀਕਾ ਦਾ ਨਵਾਂ ਐੱਫ.ਬੀ.ਆਈ. ਮੁਖੀ ਵਜੋਂ ਨਾਮਜ਼ਦ ਕੀਤਾ ਹੈ, ਹਾਲਾਂਕਿ ਐੱਫ.ਬੀ.ਆਈ. ਡਾਇਰੈਕਟਰ ਵਜੋਂ ਕਾਸ਼ ਪਟੇਲ ਦੀ ਨਾਮ ਦੀ ਪੁਸ਼ਟੀ ਲਈ 30 ਜਨਵਰੀ ਨੂੰ ਸੁਣਵਾਈ ਹੋਵੇਗੀ।
- ਵਿਵੇਕ ਰਾਮਾਸਵਾਮੀ ਨੂੰ ਨਵੇਂ ਸਰਕਾਰੀ ਕੁਸ਼ਲਤਾ ਵਿਭਾਗ (ਡੀ.ਓ.ਜੀ.ਈ.) ਲਈ ਚੁਣਿਆ ਹੈ। ਰਾਮਾਸਵਾਮੀ ਦਾ ਕੰਮ ਸਰਕਾਰ ਨੂੰ ਸਲਾਹ ਦੇਣਾ ਹੋਵੇਗਾ।
- ਜੈ ਭੱਟਾਚਾਰੀਆ ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ (ਐੱਨ.ਆਈ.ਐੱਚ.) ਦਾ ਡਾਇਰੈਕਟਰ ਨਿਯੁਕਤ ਕੀਤਾ ਹੈ।
- ਤੁਲਸੀ ਗੈਬਾਰਡ ਨੂੰ ਨੈਸ਼ਨਲ ਇੰਟੈਲੀਜੈਂਸ ਡਾਇਰੈਕਟਰ ਨਿਯੁਕਤ ਕੀਤਾ ਹੈ। ਉਹ ਹਾਲ ਹੀ ਵਿਚ ਡੈਮੋਕ੍ਰੇਟਿਕ ਪਾਰਟੀ ਛੱਡ ਕੇ ਰਿਪਬਲਿਕਨ ਪਾਰਟੀ ਵਿਚ ਸ਼ਾਮਲ ਹੋਈ ਹੈ।
- ਟਰੰਪ ਨੇ ਹਰਮੀਤ ਕੇ ਢਿੱਲੋਂ ਨੂੰ ਨਿਆਂ ਵਿਭਾਗ 'ਚ ਸਿਵਲ ਰਾਈਟਸ ਲਈ ਸਹਾਇਕ ਅਟਾਰਨੀ ਜਨਰਲ ਵਜੋਂ ਨਾਮਜ਼ਦ ਕੀਤਾ ਹੈ।

# ਅਮਰੀਕੀ ਸੈਨੇਟ ਵੱਲੋਂ ਜੌਨ ਰੈਟਕਲਿਫ ਸੀ.ਆਈ.ਏ. ਦਾ ਮੁਖੀ ਨਿਯੁਕਤ



**ਵਾਸ਼ਿੰਗਟਨ (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਆਪਣੀ ਨਵੀਂ ਕੈਬਨਿਟ ਦਾ ਦੂਜਾ ਮੈਂਬਰ ਮਿਲ ਗਿਆ ਹੈ, ਇੱਥੇ ਸੈਨੇਟ ਨੇ ਜੌਨ ਰੈਟਕਲਿਫ ਨੂੰ ਸੀ.ਆਈ.ਏ. ਡਾਇਰੈਕਟਰ ਵਜੋਂ ਨਿਯੁਕਤ ਕੀਤੇ ਜਾਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰੈਟਕਲਿਫ ਟਰੰਪ ਦੇ ਰਾਸ਼ਟਰਪਤੀ ਵਜੋਂ ਪਹਿਲੇ ਕਾਰਜਕਾਲ ਦੌਰਾਨ ਰਾਸ਼ਟਰੀ ਖੁਫੀਆ ਵਿਭਾਗ ਦੇ ਨਿਰਦੇਸ਼ਕ ਸਨ।

ਪਿਛਲੇ ਹਫ਼ਤੇ ਸੈਨੇਟ ਦੀ ਸੁਣਵਾਈ ਦੌਰਾਨ ਰੈਟਕਲਿਫ ਨੇ ਕਿਹਾ ਕਿ ਰੂਸ ਅਤੇ ਚੀਨ ਵਰਗੇ ਵਿਰੋਧੀਆਂ ਦਾ ਮੁਕਾਬਲਾ ਕਰਨ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਵਰਗੀ ਤਕਨਾਲੋਜੀ ਦੀ ਵਰਤੋਂ ਕਰਨ ਦੇ ਮਾਮਲੇ ਵਿਚ ਸੀ.ਆਈ.ਏ. ਨੂੰ ਬਿਹਤਰ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਆਪਣੀਆਂ ਖੁਫੀਆ ਸਮਰਥਾਵਾਂ ਵਿਚ ਸੁਧਾਰ ਕਰਨ ਦੀ ਲੋੜ ਹੈ ਅਤੇ ਨਾਲ ਹੀ ਉਸਨੂੰ ਅਮਰੀਕੀਆਂ ਦੀ ਨਾਗਰਿਕ ਆਜ਼ਾਦੀ ਦੀ ਸੁਰੱਖਿਆ ਵੀ ਯਕੀਨੀ ਬਣਾਉਣੀ ਚਾਹੀਦੀ ਹੈ।




# ਕੈਨੇਡਾ ਨੇ ਪਰਿਵਾਰਕ ਵਰਕ ਪਰਮਿਟ ਨਿਯਮ ਕੀਤੇ ਸਖ਼ਤ




**ਓਟਾਵਾ, (ਪੰਜਾਬ ਮੇਲ)-** ਕੈਨੇਡਾ ਪ੍ਰਵਾਸੀਆਂ ਪ੍ਰਤੀ ਆਪਣੇ ਨਿਯਮ ਸਖ਼ਤ ਕਰਦਾ ਜਾ ਰਿਹਾ ਹੈ। ਹਾਲ ਹੀ ਵਿਚ ਕੈਨੇਡਾ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਿਦੇਸ਼ੀ ਕਾਮਿਆਂ ਦੇ ਜੀਵਨ ਸਾਥੀਆਂ ਲਈ ਫੈਮਿਲੀ ਓਪਨ ਵਰਕ ਪਰਮਿਟ (ਓ.ਡਬਲਯੂ.ਪੀ.) ਲਈ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ, ਜਿਸ ਨਾਲ ਯੋਗਤਾ ਨੂੰ ਘੱਟ ਗਿਣਤੀ ਵਿਚ ਬਿਨੈਕਾਰਾਂ ਤੱਕ ਸੀਮਤ ਕਰ ਦਿੱਤਾ ਗਿਆ ਹੈ। ਕੈਨੇਡਾ ਵਿਚ ਰੁਜ਼ਗਾਰ ਦੇ ਮੌਕੇ ਭਾਲਣ ਵਾਲੇ ਭਾਰਤੀ ਵੀ ਸੋਧੇ ਹੋਏ ਨਿਯਮਾਂ ਦੇ ਘੇਰੇ ਵਿਚ ਆਉਣਗੇ। ਇਹ ਬਦਲਾਅ ਜੋ ਜਨਵਰੀ 2025 ਤੋਂ ਲਾਗੂ ਹੋਣਗੇ, ਦੇਸ਼ ਦੀ ਇਮੀਗ੍ਰੇਸ਼ਨ ਨੀਤੀ ਦੇ ਵਿਆਪਕ ਸੁਧਾਰ ਦਾ ਹਿੱਸਾ ਹਨ।

21 ਜਨਵਰੀ ਤੋਂ ਲਾਗੂ ਸੋਧੇ ਹੋਏ ਓ.ਡਬਲਯੂ.ਪੀ. ਨਿਯਮ ਇੱਕ ਅੱਪਡੇਟ ਕੀਤੀ ਇਮੀਗ੍ਰੇਸ਼ਨ ਯੋਜਨਾ ਦੇ ਨਾਲ ਆਉਂਦੇ ਹਨ, ਜੋ ਹਰ ਸਾਲ ਕੈਨੇਡਾ ਵਿਚ ਸਵੀਕਾਰ ਕੀਤੇ ਜਾਣ ਵਾਲੇ ਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾਉਂਦੀ ਹੈ। ਕੈਨੇਡਾ ਇਸ ਸਾਲ 395,000 ਨਵੇਂ ਸਥਾਈ ਨਿਵਾਸੀਆਂ ਦਾ ਸਵਾਗਤ ਕਰਨ ਦੀ ਉਮੀਦ ਕਰਦਾ ਹੈ, ਜੋ ਕਿ ਇਸਦੇ ਪਿਛਲੇ 500,000 ਦੇ ਟੀਚੇ ਤੋਂ ਬਹੁਤ ਘੱਟ ਹੈ। ਇਹ ਟੀਚਾ 2026 ਵਿਚ 380,000 ਅਤੇ 2027 ਵਿਚ 365,000 ਤੱਕ ਘਟਾ ਦਿੱਤਾ ਜਾਵੇਗਾ।

ਫੈਮਿਲੀ ਓਪਨ ਵਰਕ ਪਰਮਿਟ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਿਦੇਸ਼ੀ ਕਾਮਿਆਂ ਦੇ ਜੀਵਨ ਸਾਥੀ ਨੂੰ ਕਿਸੇ ਇੱਕ ਨੌਕਰੀ ਜਾਂ ਮਾਲਕ (ਕੰਪਨੀ) ਨਾਲ ਜੁੜੇ ਬਿਨਾਂ ਕੈਨੇਡਾ ਭਰ ਵਿਚ ਜ਼ਿਆਦਾਤਰ ਮਾਲਕਾਂ ਲਈ ਕੰਮ ਕਰਨ ਦੀ ਆਗਿਆ ਦਿੰਦਾ ਹੈ। ਪਹਿਲਾਂ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਬਹੁਤ ਸਾਰੇ ਵਿਦੇਸ਼ੀ ਕਾਮਿਆਂ ਦੇ ਜੀਵਨ ਸਾਥੀ ਓਪਨ ਵਰਕ ਪਰਮਿਟ ਲਈ ਅਰਜ਼ੀ ਦੇ ਸਕਦੇ ਸਨ। ਹਾਲਾਂਕਿ ਨਵੇਂ ਨਿਯਮਾਂ ਦੇ ਤਹਿਤ ਯੋਗਤਾ ਨੂੰ ਕਾਫ਼ੀ ਹੱਦ ਤੱਕ ਸੀਮਤ ਕਰ ਦਿੱਤਾ ਗਿਆ ਹੈ।

ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਜੀਵਨ ਸਾਥੀ ਨੂੰ ਹੁਣ ਓ.ਡਬਲਯੂ.ਪੀ. ਲਈ ਯੋਗਤਾ ਪੂਰੀ ਕਰਨ ਲਈ ਹੇਠ ਲਿਖੀਆਂ ਸ਼ਰਤਾਂ ਵਿਚੋਂ ਇੱਕ ਪੂਰੀ ਕਰਨੀ ਪਵੇਗੀ, ਜੋ ਕਿ ਹੇਠ ਲਿਖੇ ਅਨੁਸਾਰ ਹਨ:-

- ਅੰਤਰਰਾਸ਼ਟਰੀ ਵਿਦਿਆਰਥੀ ਘੱਟੋ-ਘੱਟ 16 ਮਹੀਨਿਆਂ ਦੇ ਮਾਸਟਰ ਪ੍ਰੋਗਰਾਮ ਵਿਚ ਦਾਖਲ ਹੋਵੇ।
- ਵਿਦਿਆਰਥੀ ਡਾਕਟਰੇਟ ਪ੍ਰੋਗਰਾਮ ਕਰ ਰਿਹਾ ਹੋਵੇ।
- ਵਿਦਿਆਰਥੀਆਂ ਨੂੰ ਖਾਸ ਪੇਸ਼ੇਵਰ ਜਾਂ ਯੋਗ ਪ੍ਰੋਗਰਾਮਾਂ ਵਿਚ ਦਾਖਲ ਹੋਣਾ ਚਾਹੀਦਾ ਹੈ।

ਵਿਦੇਸ਼ੀ ਕਾਮਿਆਂ ਦੇ ਜੀਵਨ ਸਾਥੀ ਤਾਂ ਹੀ ਯੋਗ ਮੰਨੇ ਜਾਂਦੇ ਹਨ, ਜੇਕਰ ਉਹ ਕਰਮਚਾਰੀ 'ਸਿਖਲਾਈ, ਸਿੱਖਿਆ, ਤਜ਼ਰਬਾ ਅਤੇ ਜ਼ਿੰਮੇਵਾਰੀਆਂ' (TEER) 0 ਜਾਂ 1 ਦੇ ਅਧੀਨ ਵਰਗੀਕ੍ਰਿਤ ਨੌਕਰੀ ਕਰਦਾ ਹੈ ਜਾਂ ਮਜ਼ਦੂਰਾਂ ਦੀ ਘਾਟ ਦਾ ਸਾਹਮਣਾ ਕਰ ਰਹੇ ਖੇਤਰਾਂ ਜਾਂ ਸਰਕਾਰੀ ਤਰਜੀਹਾਂ ਵਜੋਂ ਪਛਾਣੇ ਗਏ ਖੇਤਰਾਂ ਦੱਸੀ ਗਈ TEER 2 ਜਾਂ 3 ਭੂਮਿਕਾਵਾਂ ਵਿਚ ਕੰਮ ਕਰਦਾ ਹੈ। ਇਨ੍ਹਾਂ ਖੇਤਰਾਂ ਵਿਚ ਕੁਦਰਤੀ ਵਿਗਿਆਨ, ਉਸਾਰੀ, ਸਿਹਤ ਸੰਭਾਲ, ਕੁਦਰਤੀ ਸਰੋਤ, ਸਿੱਖਿਆ, ਖੇਡਾਂ ਅਤੇ ਫੌਜ ਸ਼ਾਮਲ ਹਨ।

ਪਿਛਲੇ ਮਾਪਦੰਡਾਂ ਤਹਿਤ ਪ੍ਰਵਾਨਿਤ ਓ.ਡਬਲਯੂ.ਪੀ. ਆਪਣੀ ਮਿਆਦ ਪੁੱਗਣ ਤੱਕ ਵੈਧ ਰਹਿਣਗੇ। ਕੈਨੇਡਾ ਵਿਚ ਪਹਿਲਾਂ ਤੋਂ ਹੀ ਰਹਿ ਰਹੇ ਪਰਿਵਾਰਕ ਮੈਂਬਰਾਂ ਲਈ ਨਵੀਨੀਕਰਨ ਸੰਭਵ ਹੈ, ਬਸ਼ਰਤੇ ਉਹ ਆਪਣੇ ਮੌਜੂਦਾ ਪਰਮਿਟ ਲਈ ਮੁੱਢਲੇ ਮਾਪਦੰਡ ਪੂਰੇ ਕਰਦੇ ਹੋਣ। ਇਨ੍ਹਾਂ ਮਾਮਲਿਆਂ ਵਿਚ ਨਵੀਨੀਕਰਨ ਦੀ ਮਿਆਦ ਮੁੱਖ ਬਿਨੈਕਾਰ ਦੇ ਅਧਿਐਨ ਜਾਂ ਵਰਕ ਪਰਮਿਟ ਨਾਲ ਮੇਲ ਖਾਂਦੀ ਹੋਣੀ ਚਾਹੀਦੀ ਹੈ। ਕਰਮਚਾਰੀਆਂ ਦੇ ਜੀਵਨ ਸਾਥੀ ਜੋ ਮੁਕਤ ਵਪਾਰ ਸਮਝੌਤੇ ਦੇ ਅਧੀਨ ਆਉਂਦੇ ਹਨ ਜਾਂ ਸਥਾਈ ਨਿਵਾਸ ਵਿਚ ਚਲੇ ਜਾਂਦੇ ਹਨ, ਇਨ੍ਹਾਂ ਤਬਦੀਲੀਆਂ ਤੋਂ ਪ੍ਰਭਾਵਿਤ ਨਹੀਂ ਹੁੰਦੇ। ਪਰਿਵਾਰਕ ਮੈਂਬਰ ਜੋ ਹੁਣ ਓ.ਡਬਲਯੂ.ਪੀ. ਲਈ ਯੋਗ ਨਹੀਂ ਹਨ, ਉਹ ਅਜੇ ਵੀ ਕੈਨੇਡਾ ਦੇ ਮੌਜੂਦਾ ਪ੍ਰੋਗਰਾਮਾਂ ਦੇ ਤਹਿਤ ਹੋਰ ਕਿਸਮਾਂ ਦੇ ਵਰਕ ਪਰਮਿਟਾਂ ਲਈ ਅਰਜ਼ੀ ਦੇ ਸਕਦੇ ਹਨ।

# ਕੈਨੇਡਾ 2025 'ਚ 4.37 ਲੱਖ ਸਟੱਡੀ ਪਰਮਿਟ ਕਰੇਗਾ ਜਾਰੀ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡੀਅਨ ਸਰਕਾਰ ਨੇ 2025 'ਚ ਜਾਰੀ ਕੀਤੇ ਜਾਣ ਵਾਲੇ ਸਟੱਡੀ ਪਰਮਿਟਾਂ ਦੀ ਗਿਣਤੀ ਦਾ ਖੁਲਾਸਾ ਕੀਤਾ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਐਲਾਨ ਕੀਤਾ ਹੈ ਕਿ ਉਹ 2025 ਵਿਚ ਕੁੱਲ 4,37,000 ਸਟੱਡੀ ਪਰਮਿਟ ਜਾਰੀ ਕਰਨ ਦੀ ਯੋਜਨਾ ਬਣਾ ਰਿਹਾ ਹੈ, ਜਿਸ ਵਿਚ 2024 ਦੇ ਮੁਕਾਬਲੇ 10% ਦੀ ਕਟੌਤੀ ਕੀਤੀ ਗਈ ਹੈ। ਸਟੱਡੀ ਪਰਮਿਟਾਂ ਦੀ ਗਿਣਤੀ ਘਟਾਉਣ ਦਾ ਫੈਸਲਾ ਪਿਛਲੇ ਸਾਲ ਕੈਨੇਡਾ ਦੀਆਂ ਅੰਤਰਰਾਸ਼ਟਰੀ ਵਿਦਿਆਰਥੀ ਨੀਤੀਆਂ 'ਚ ਮਹੱਤਵਪੂਰਨ ਤਬਦੀਲੀਆਂ ਤੋਂ ਬਾਅਦ ਲਿਆ ਗਿਆ ਸੀ।

ਆਈ.ਆਰ.ਸੀ.ਸੀ. ਨੇ 2024 ਵਿਚ ਵਿਦੇਸ਼ੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਟੱਡੀ ਪਰਮਿਟਾਂ ਦੀ ਗਿਣਤੀ 'ਤੇ ਇੱਕ ਸੀਮਾ ਲਾਗੂ ਕਰ ਦਿੱਤੀ ਸੀ। ਅਜਿਹਾ ਇਸ ਲਈ ਕੀਤਾ ਗਿਆ ਸੀ, ਕਿਉਂਕਿ ਵਿਦੇਸ਼ੀ ਨਾਗਰਿਕਾਂ ਦੀ ਵਧਦੀ ਆਬਾਦੀ ਕਾਰਨ ਦੇਸ਼ ਦੇ ਸਰੋਤਾਂ 'ਤੇ ਦਬਾਅ ਵੱਧ ਰਿਹਾ ਹੈ। ਨੀਤੀ ਵਿਚ ਬਦਲਾਅ ਦੇ ਨਤੀਜੇ ਵਜੋਂ ਪਿਛਲੇ ਸਾਲ ਕੈਨੇਡਾ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚ 40 ਪ੍ਰਤੀਸ਼ਤ ਦੀ ਕਮੀ ਆਈ। ਸਰਕਾਰੀ ਅੰਕੜਿਆਂ ਅਨੁਸਾਰ 2023 ਵਿਚ ਕੈਨੇਡਾ ਨੇ ਵਿਦੇਸ਼ੀ ਵਿਦਿਆਰਥੀਆਂ ਨੂੰ 6.5 ਲੱਖ ਤੋਂ ਵੱਧ ਸਟਡੀ ਪਰਮਿਟ ਜਾਰੀ ਕੀਤੇ ਸਨ।

**■ ਸਟੱਡੀ ਪਰਮਿਟ ਲਈ ਦੇਣਾ ਪਵੇਗਾ ਤਸਦੀਕ ਪੱਤਰ**



ਪਿਛਲੇ ਸਾਲ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 'ਤੇ ਲਗਾਈ ਗਈ ਸੀਮਾ ਤੋਂ ਬਾਅਦ, ਵਿਦਿਆਰਥੀਆਂ ਨੂੰ ਹੁਣ ਸਟੱਡੀ ਪਰਮਿਟ ਲਈ ਅਰਜ਼ੀ ਦੇਣ ਤੋਂ ਪਹਿਲਾਂ ਇੱਕ ਸੂਬਾਈ ਜਾਂ ਖੇਤਰੀ ਤਸਦੀਕ ਪੱਤਰ ਜਮ੍ਹਾ ਕਰਨਾ ਹੋਵੇਗਾ। ਇਸ ਸਾਲ, ਮਾਸਟਰ ਅਤੇ ਪੋਸਟ-ਡਾਕਟੋਰਲ ਵਿਦਿਆਰਥੀਆਂ ਨੂੰ ਵੀ ਇਸ ਪੱਤਰ ਦੀ ਲੋੜ ਪਵੇਗੀ। ਇਨ੍ਹਾਂ ਤਸਦੀਕ ਪੱਤਰਾਂ ਦਾ ਉਦੇਸ਼ ਇਹ ਪੁਸ਼ਟੀ ਕਰਨਾ ਹੈ ਕਿ ਵਿਦਿਆਰਥੀਆਂ ਦੇ ਆਉਣ ਨਾਲ ਇਮੀਗ੍ਰੇਸ਼ਨ 'ਤੇ ਦਬਾਅ ਨਹੀਂ ਵਧੇਗਾ, ਕਿਉਂਕਿ ਉਹ ਸਰਕਾਰ ਦੁਆਰਾ ਨਿਰਧਾਰਤ ਸੀਮਾ ਦੇ ਅੰਦਰ ਹਨ।





US
US Transport Inc.
Davinder Singh Jhawar
916-919-7061
ਟਰੱਕ ਡਰਾਈਵਰ ਅਤੇ ਆਨਰ ਅਪਰੇਟਰਾਂ ਦੀ ਲੋੜ ਹੈ।
Hiring safe and experienced owner-operators
Designed By Punjab Mail USA
9875 Dino Drive, Elk Grove, CA 95624

# ਜਰਖੜ ਖੇਡਾਂ ਦੇ ਜੇਤੂਆਂ ਨੂੰ ਮਿਲਣਗੇ 50 ਏਵਨ ਸਾਈਕਲ : ਓਂਕਾਰ ਸਿੰਘ ਪਾਹਵਾ

**■ 37ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 7 ਤੋਂ 9 ਫਰਵਰੀ ਤੱਕ**





ਲੁਧਿਆਣਾ, (ਪੰਜਾਬ ਮੇਲ)- 37ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਜੋ 7 ਤੋਂ 9 ਫਰਵਰੀ ਤੱਕ 6 ਕਰੋੜ ਦੀ ਲਾਗਤ ਨਾਲ ਬਣੇ ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਵਿਖੇ ਹੋਣਗੀਆ। ਉਸਦੇ ਵੱਖ-ਵੱਖ ਖੇਡਾਂ ਵਿਚ ਜੇਤੂ ਖਿਡਾਰੀਆਂ ਨੂੰ ਏਵਨ ਸਾਈਕਲ ਕੰਪਨੀ 50 ਸਾਇਕਲ ਦੇਵੇਗੀ। ਇਸ ਸਬੰਧੀ ਏਵਨ ਸਾਈਕਲ ਕੰਪਨੀ ਦੇ ਮਾਲਕ ਓਂਕਾਰ ਸਿੰਘ ਪਾਹਵਾ ਨੇ ਦੱਸਿਆ ਕਿ ਮਾਡਰਨ ਪੇਂਡੂ ਮਿੰਨੀ ਉਲੰਪਿਕ ਜਰਖੜ ਖੇਡਾਂ ਨੇ ਦੁਨੀਆਂ ਭਰ ਵਿਚ ਨਾਮਣਾ ਖੱਟਿਆ ਹੈ। ਇਸ ਕਰਕੇ ਏਵਨ ਸਾਈਕਲ ਕੰਪਨੀ ਹਰ ਸਾਲ ਖਿਡਾਰੀਆਂ ਦਾ ਹੌਂਸਲਾ ਵਧਾਉਣ ਲਈ ਜੇਤੂ ਖਿਡਾਰੀਆਂ ਨੂੰ ਵੱਡੇ ਪੱਧਰ 'ਤੇ ਸਾਈਕਲ ਇਨਾਮ ਵਜੋਂ ਦਿੰਦੀ ਹੈ। ਜਰਖੜ ਖੇਡਾਂ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਏਗਾ, ਜਿਸ ਵਿਚ ਇਲਾਕੇ ਦੇ ਸਕੂਲਾਂ ਦੇ ਬੱਚੇ ਵੱਡੇ ਪੱਧਰ 'ਤੇ ਸ਼ਿਰਕਤ ਕਰਨਗੇ। ਬੱਚਿਆਂ ਦਾ ਮਾਰਚ ਪਾਸਟ ਅਤੇ ਹੋਰ ਸੱਭਿਆਚਾਰਕ ਵੰਨਗੀਆਂ ਮੁੱਖ ਖਿੱਚ ਦਾ ਕੇਂਦਰ ਹੋਣਗੀਆਂ।

ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਜਰਖੜ ਦੀ ਇਕ ਜ਼ਰੂਰੀ ਮੀਟਿੰਗ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਜਰਖੜ ਸਟੇਡੀਅਮ ਵਿਖੇ ਹੋਈ। ਮੀਟਿੰਗ ਵਿਚ ਜਰਖੜ ਖੇਡਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਦੱਸਿਆ ਕਿ ਏਵਨ ਸਾਈਕਲ ਕੰਪਨੀ ਤੋਂ ਇਲਾਵਾ ਕੋਕਾ ਕੋਲਾ, ਡਾਬਰ ਕੰਪਨੀ, ਸਿਟੀ ਯੂਨੀਵਰਸਿਟੀ ਅਤੇ ਹੋਰ ਕਾਰਪੋਰੇਟ ਹਾਊਸ ਜਰਖੜ ਖੇਡਾ ਨੂੰ ਸਪਾਂਸਰ ਹੋਣਗੇ।

ਮੀਟਿੰਗ ਦੇ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਵਿਚ ਹਾਕੀ ਮੁੰਡੇ ਤੇ ਕੁੜੀਆਂ, ਹਾਕੀ ਸਬ ਜੂਨੀਅਰ ਮੁੰਡੇ 15 ਸਾਲ ਵਰਗ ਦੇ ਮੁਕਾਬਲੇ ਹੋਣਗੇ। ਕਬੱਡੀ ਪ੍ਰਮੋਟਰ ਤੇ ਜਰਖੜ ਖੇਡਾਂ ਦੇ ਐੱਨ.ਆਰ.ਆਈ. ਵਿੰਗ ਦੇ ਮੁਖੀ ਮੋਹਣ ਜੋਧਾ ਸਿਆਟਲ ਨੇ ਦੱਸਿਆ ਕਿ ਕਬੱਡੀ ਨਾਇਬ ਸਿੰਘ ਗਰੇਵਾਲ ਕਬੱਡੀ ਕੱਪ ਜਿਸ ਵਿਚ ਨਾਮੀ 20 ਟੀਮਾਂ ਹਿੱਸਾ ਲੈਣਗੀਆਂ, 9 ਫਰਵਰੀ ਨੂੰ ਕਬੱਡੀ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ। ਅਮਰਜੀਤ ਸਿੰਘ ਗਰੇਵਾਲ ਵਾਲੀਬਾਲ ਕੱਪ ਤੋਂ ਇਲਾਵਾ ਵੱਖ-ਵੱਖ ਸਕੂਲਾਂ ਨਾਲ ਸੰਬੰਧਿਤ ਖੇਡਾਂ ਜਿਨ੍ਹਾਂ ਵਿਚ ਰੱਸਾਕਸ਼ੀ, ਸਕੂਲੀ ਕਬੱਡੀ ਅਤੇ ਹੋਰ ਖੇਡਾਂ ਦੇ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ। ਇਸ ਤੋਂ ਇਲਾਵਾ ਜਰਖੜ ਖੇਡਾਂ ਦੇ ਫਾਈਨਲ ਸਮਾਰੋਹ 'ਤੇ ਖੇਡ ਜਗਤ ਅਤੇ ਸਮਾਜ ਸੇਵੀ ਉੱਘੀਆਂ ਪੰਜ ਸ਼ਖਸੀਅਤਾਂ ਦਾ ਵਿਸ਼ੇਸ਼ ਅਵਾਰਡਾਂ ਨਾਲ ਸਨਮਾਨ ਹੋਵੇਗਾ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਇੰਸਪੈਕਟਰ ਬਲਵੀਰ ਸਿੰਘ ਹੀਰ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਸਰਪੰਚ ਸੰਦੀਪ ਸਿੰਘ ਜਰਖੜ, ਹਰਨੇਕ ਸਿੰਘ ਭੱਪ, ਨਰਾਇਣ ਸਿੰਘ ਗਰੇਵਾਲ ਆਸਟਰੇਲੀਆ, ਮਨਜਿੰਦਰ ਸਿੰਘ ਇਆਲੀ, ਹੁਕਮ ਸਿੰਘ ਗੁਰੂ ਨਾਨਕ ਕਾਰ ਬਜ਼ਾਰ, ਤਜਿੰਦਰ ਸਿੰਘ ਜਰਖੜ, ਪ੍ਰੋ. ਰਾਜਿੰਦਰ ਸਿੰਘ ਖ਼ਾਲਸਾ ਕਾਲਜ, ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪ੍ਰਗਟ, ਐਡਵੋਕੇਟ ਸਮਿਤ ਸਿੰਘ, ਜਸਮੇਲ ਸਿੰਘ ਨੌਕਵਾਲ, ਰਜਿੰਦਰ ਸਿੰਘ ਜਰਖੜ, ਸਾਹਿਬ ਜੀਤ ਸਿੰਘ, ਸਾਬੀ ਜਰਖੜ, ਪਰਮਜੀਤ ਸਿੰਘ ਪੰਮਾ ਕੋਚ, ਗੁਰਤੇਜ ਸਿੰਘ ਬਾਕਸਿੰਗ ਕੋਚ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

## ਮਾਣਹਾਨੀ ਮਾਮਲੇ 'ਚ ਅਦਾਲਤ ਵੱਲੋਂ ਮੁੱਖ ਮੰਤਰੀ ਆਤਿਸ਼ੀ ਨੂੰ ਜਾਰੀ ਸੰਮਨ ਰੱਦ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੀ ਇਕ ਅਦਾਲਤ ਨੇ ਭਾਰਤੀ ਜਨਤਾ ਪਾਰਟੀ ਦੇ ਇਕ ਆਗੂ ਵੱਲੋਂ ਦਾਇਰ ਮਾਣਹਾਨੀ ਮਾਮਲੇ ਵਿਚ ਮੁੱਖ ਮੰਤਰੀ ਆਤਿਸ਼ੀ ਨੂੰ ਜਾਰੀ ਸੰਮਨ ਅੱਜ ਰੱਦ ਕਰ ਦਿੱਤਾ। ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ ਮੈਜਿਸਟਰੇਟ ਅਦਾਲਤ ਦੇ ਹੁਕਮਾਂ ਖ਼ਿਲਾਫ਼ ਆਮ ਆਦਮੀ ਪਾਰਟੀ ਦੇ ਆਗੂ ਵੱਲੋਂ ਦਾਇਰ ਅਪੀਲ 'ਤੇ ਇਹ ਆਦੇਸ਼ ਜਾਰੀ ਕੀਤਾ।


## ਮੈਟਰੀਮੋਨੀਅਲ

ਜੱਟ ਸਿੱਖ, ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨੀਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'-10'' ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਪਰਿਵਾਰਕ ਅਤੇ ਯੂ.ਐੱਸ.ਏ. ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ

ਫੋਨ : 604-763-7068 ਜਾਂ ਈ-ਮੇਲ ਕਰੋ : GILLCO1977@GMAIL.COM


# ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਪਣੀ ਪਾਰਟੀ ਦੇ ਆਗੂਆਂ ਨੂੰ ਘੇਰਿਆ



ਅੰਮ੍ਰਿਤਸਰ, (ਪੰਜਾਬ ਮੇਲ)- ਆਮ ਆਦਮੀ ਪਾਰਟੀ ਦੇ ਵਿਧਾਇਕ ਤੇ ਸਾਬਕਾ ਪੁਲਿਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਆਪਣੀ ਹੀ ਪਾਰਟੀ ਦੇ ਕੁਝ ਆਗੂਆਂ 'ਤੇ ਬਿਨਾਂ ਨਾ ਲਏ ਸਵਰਾਜ ਦਾ ਸਿਧਾਂਤ ਤਿਆਗਣ ਦਾ ਦੋਸ਼ ਲਾਇਆ ਹੈ। ਇਥੇ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਖੁਲਾਸਾ ਕੀਤਾ ਕਿ ਨਗਰ ਨਿਗਮ ਦੀ ਚੋਣ ਮਗਰੋਂ ਜਿੱਤੇ ਕੌਂਸਲਰਾਂ ਦੀ ਖ਼ਰੀਦੋ-ਫਰੋਖ਼ਤ ਕੀਤੀ ਜਾ ਰਹੀ ਹੈ, ਜੋ ਸਵਰਾਜ ਦੇ ਸਿਧਾਂਤ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਇਸੇ ਸਿਧਾਂਤ ਨੂੰ ਲੈ ਕੇ ਪਾਰਟੀ 2022 'ਚ ਪੰਜਾਬ ਵਿਚ ਸੱਤਾ ਵਿਚ ਆਈ ਸੀ ਪਰ ਅੱਜ ਸਿਧਾਂਤ ਨੂੰ ਤਿਆਗ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਨੂੰ ਬਚਾਉਣਾ ਹੈ, ਤਾਂ ਜਿੱਤੇ ਹੋਏ ਨੁਮਾਇੰਦਿਆਂ ਦੀ ਖ਼ਰੀਦੋ-ਫਰੋਖ਼ਤ ਬੰਦ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿੱਤਣ ਵਾਲਾ ਚਾਹੇ ਕਿਸੇ ਵੀ ਪਾਰਟੀ ਦਾ ਨੁਮਾਇੰਦਾ ਹੋਵੇ, ਉਸ ਨੂੰ ਉਸੇ ਰੂਪ ਵਿਚ ਸਵੀਕਾਰ ਕਰਨਾ ਚਾਹੀਦਾ ਹੈ।

ਦੱਸਣਯੋਗ ਹੈ ਕਿ ਨਗਰ ਨਿਗਮ ਚੋਣਾਂ 'ਚ 85 ਸੀਟਾਂ ਵਿਚੋਂ 'ਆਪ' ਨੂੰ ਸਿਰਫ਼ 24 ਸੀਟਾਂ ਮਿਲੀਆਂ ਸਨ, ਜਦੋਂਕਿ ਕਾਂਗਰਸ ਨੇ 40 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ। 'ਆਪ' ਆਗੂਆਂ ਵੱਲੋਂ ਹਾਲ ਹੀ ਵਿਚ 6 ਆਜ਼ਾਦ ਅਤੇ ਇਕ ਸਿਆਸੀ ਪਾਰਟੀ ਦੇ ਕੌਂਸਲਰ ਸਮੇਤ 7 ਕੌਂਸਲਰਾਂ ਨੂੰ ਆਪਣੀ ਪਾਰਟੀ 'ਚ ਸ਼ਾਮਲ ਕੀਤਾ ਗਿਆ। ਜਾਣਕਾਰੀ ਮੁਤਾਬਕ 'ਆਪ' ਵੱਲੋਂ ਜਿਨ੍ਹਾਂ ਆਜ਼ਾਦ ਕੌਂਸਲਰਾਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ ਗਿਆ ਹੈ। ਉਹ ਕੁੰਵਰ ਵਿਜੈ ਪ੍ਰਤਾਪ ਸਿੰਘ ਦੇ ਸਮਰਥਕ ਕੌਂਸਲਰ ਸਨ। ਇਸ ਸਬੰਧੀ 'ਆਪ' ਆਗੂਆਂ 'ਤੇ ਖ਼ਰੀਦੋ-ਫਰੋਖ਼ਤ ਕਰਨ ਦੇ ਦੋਸ਼ ਵੀ ਲੱਗੇ ਹਨ। ਹਾਲਾਂਕਿ, ਬੀਤੇ ਦਿਨੀਂ ਇਕ ਕੈਬਨਿਟ ਮੰਤਰੀ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਦਾਅਵਾ ਕੀਤਾ ਸੀ ਕਿ ਨਗਰ ਨਿਗਮ ਵਿਚ 'ਆਪ' ਦਾ ਮੇਅਰ ਬਣੇਗਾ।

ਹਾਲਾਂਕਿ, ਵਿਧਾਇਕ ਕੁੰਵਰ ਵਿਜੈ ਪ੍ਰਤਾਪ ਨੇ ਖ਼ਰੀਦੇ ਗਏ ਕੌਂਸਲਰ ਜਾਂ ਖ਼ਰੀਦਣ ਵਾਲੇ ਕਿਸੇ ਵੀ ਵਿਅਕਤੀ ਦਾ ਨਾਂ ਨਹੀਂ ਲਿਆ। ਉਨ੍ਹਾਂ ਕਿਹਾ ਕਿ ਇਹ ਸਿਧਾਂਤਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀਆਂ ਚੋਣਾਂ ਵਿਚ ਅੰਮ੍ਰਿਤਸਰ ਦੇ ਲੋਕਾਂ ਨੇ ਕਿਸੇ ਨੂੰ ਵੀ ਬਹੁਮਤ ਨਹੀਂ ਦਿੱਤਾ, ਜਿਸ ਤੋਂ ਸਪੱਸ਼ਟ ਹੈ ਕਿ ਲੋਕਾਂ ਨੇ ਕਿਸੇ 'ਤੇ ਵੀ ਵਿਸ਼ਵਾਸ ਨਹੀਂ ਕੀਤਾ।




# ਸੰਯੁਕਤ ਕਿਸਾਨ ਮੋਰਚੇ ਵੱਲੋਂ ਤੀਜੇ ਗੇੜ ਦੀ ਮੀਟਿੰਗ ਲਈ ਦੋਵਾਂ ਫੋਰਮਾਂ ਨੂੰ ਸੱਦਾ

ਪਟਿਆਲਾ, (ਪੰਜਾਬ ਮੇਲ)- ਸੰਯੁਕਤ ਕਿਸਾਨ ਮੋਰਚਾ ਨੇ 9 ਦਸੰਬਰ ਦੀ ਮੋਗਾ ਮਹਾਪੰਚਾਇਤ ਤੋਂ ਸ਼ੁਰੂ ਹੋਈ ਸਾਂਝਾ ਫਰੰਟ ਬਣਾਉਣ ਦੀ ਸਰਗਰਮੀ ਦੀ ਕੜੀ ਤਹਿਤ ਕਿਸਾਨ ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਨੂੰ 12 ਫਰਵਰੀ ਨੂੰ ਮੁੜ ਤੀਜੇ ਗੇੜ ਦੀ ਮੀਟਿੰਗ ਦਾ ਸੱਦਾ ਦਿੱਤਾ ਹੈ। ਏਕੇ ਦੇ ਮਤੇ 'ਤੇ ਹੋਣ ਵਾਲੀ ਤੀਜੇ ਗੇੜ ਦੀ ਇਸ ਮੀਟਿੰਗ ਸਬੰਧੀ ਐੱਸ.ਕੇ.ਐੱਮ. ਦੀ ਛੇ ਮੈਂਬਰੀ ਤਾਲਮੇਲ ਕਮੇਟੀ ਨੇ ਇਹ ਰਸਮੀ ਸੱਦਾ ਭੇਜਿਆ। ਤਾਲਮੇਲ ਕਮੇਟੀ ਦੇ ਮੈਂਬਰ ਜੋਗਿੰਦਰ ਸਿੰਘ ਉਗਰਾਹਾਂ ਨੇ ਸੁਖਜੀਤ ਸਿੰਘ ਹਰਦੋਝੰਡੇ ਨੂੰ ਵ੍ਹਟਸਐਪ ਰਾਹੀਂ, ਜਦੋਂਕਿ ਕਮੇਟੀ ਦੇ ਇੱਕ ਹੋਰ ਮੈਂਬਰ ਰਮਿੰਦਰ ਪਟਿਆਲਾ ਨੇ ਸਰਵਣ ਸਿੰਘ ਪੰਧੇਰ ਨਾਲ ਰਾਬਤਾ ਸਾਧ ਕੇ ਮੀਟਿੰਗ ਦਾ ਸੱਦਾ ਦਿੱਤਾ ਹੈ। ਇਸ ਵਾਰ ਇਹ ਮੀਟਿੰਗ ਚੰਡੀਗੜ੍ਹ 'ਚ ਹੋਵੇਗੀ ਜਦੋਂਕਿ ਪਿਛਲੀਆਂ ਦੋਵੇਂ ਮੀਟਿੰਗਾਂ ਪਾਤੜਾਂ ਵਿਚ ਕ੍ਰਮਵਾਰ 12 ਤੇ 18 ਜਨਵਰੀ ਨੂੰ ਹੋਈਆਂ ਸਨ। ਉਧਰ ਸੰਪਰਕ ਕਰਨ 'ਤੇ ਸੁਖਜੀਤ ਹਰਦੋਝੰਡੇ ਨੇ ਸੱਦਾ ਪੱਤਰ ਮਿਲਣ ਦੀ ਪੁਸ਼ਟੀ ਕੀਤੀ ਹੈ। ਹਾਲਾਂਕਿ, ਉਨ੍ਹਾਂ ਦਾ ਕਹਿਣਾ ਸੀ ਕਿ ਮੋਰਚੇ ਨੂੰ ਸਾਲ ਪੂਰਾ ਹੋਣ 'ਤੇ ਢਾਬੀਗੁੱਜਰਾਂ ਬਾਰਡਰ 'ਤੇ ਉਸੇ ਹੀ ਦਿਨ 12 ਫਰਵਰੀ ਨੂੰ ਮਹਾਂ



ਪੰਚਾਇਤ ਕੀਤੀ ਜਾ ਰਹੀ ਹੈ। ਇਸੇ ਦੌਰਾਨ ਐੱਸ.ਕੇ.ਐੱਮ. ਦੀ ਤਾਲਮੇਲ ਕਮੇਟੀ ਦੇ ਮੈਂਬਰ ਰਮਿੰਦਰ ਪਟਿਆਲਾ ਨੇ ਦੋਵੇਂ ਫੋਰਮਾਂ ਨੂੰ 12 ਫਰਵਰੀ ਦੀ ਮੀਟਿੰਗ ਦਾ ਰਸਮੀ ਸੱਦਾ ਪੱਤਰ ਭੇਜੇ ਜਾਣ ਦੀ ਪੁਸ਼ਟੀ ਕੀਤੀ ਹੈ। ਇਸੇ ਦੌਰਾਨ ਏਕਤਾ ਦੇ ਮੁੱਦੇ 'ਤੇ ਜਗਜੀਤ ਸਿੰਘ ਡੱਲੇਵਾਲ ਨੇ ਮੰਨਿਆ ਕਿ ਉਨ੍ਹਾਂ (ਐੱਸ.ਕੇ.ਐੱਮ. ਤੇ ਦੋਵੇਂ ਫੋਰਮਾਂ) ਦਰਮਿਆਨ ਮੱਤਭੇਦ ਹਨ, ਪਰ ਤਾਲਮੇਲਵੇਂ ਰੂਪ 'ਚ ਲੜਾਈ ਲੜੀ ਜਾ ਸਕਦੀ ਹੈ।

ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਐਲਾਨ ਕੀਤਾ ਕਿ ਉਹ ਸਰਕਾਰ ਵੱਲੋਂ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਕਾਨੂੰਨੀ ਗਾਰੰਟੀ ਸਮੇਤ ਕਿਸਾਨੀ ਮੰਗਾਂ ਮੰਨੇ ਜਾਣ ਤੱਕ ਭੁੱਖ ਹੜਤਾਲ ਜਾਰੀ ਰੱਖਣਗੇ। ਖਨੌਰੀ ਬਾਰਡਰ 'ਤੇ 4 ਜਨਵਰੀ ਨੂੰ ਕਿਸਾਨ ਮਹਾਪੰਚਾਇਤ ਨੂੰ ਸੰਬੋਧਨ ਕਰਨ ਮਗਰੋਂ ਡੱਲੇਵਾਲ ਨੇ ਪਹਿਲੀ ਵਾਰ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, "ਪੰਜਾਬ ਨੂੰ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਲਈ ਵੀ ਐੱਮ.ਐੱਸ.ਪੀ. ਦੀ ਲੋੜ ਹੈ।" ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਉੱਚ ਪੱਧਰੀ ਵਫ਼ਦ ਵੱਲੋਂ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਨਾਲ ਚੰਡੀਗੜ੍ਹ ਵਿਚ 14 ਫਰਵਰੀ ਨੂੰ ਦਿੱਤੇ ਗੱਲਬਾਤ ਦੇ ਸੱਦੇ ਮਗਰੋਂ ਸਿਰਫ਼ ਮੈਡੀਕਲ ਸਹਾਇਤਾ ਲੈਣ ਦੀ ਸਹਿਮਤੀ ਦਿੱਤੀ ਸੀ। ਇਸ ਮੀਟਿੰਗ ਵਿਚ ਸ਼ਾਮਲ ਹੋਣ ਸਬੰਧੀ ਪੁੱਛੇ ਜਾਣ 'ਤੇ ਡੱਲੇਵਾਲ ਨੇ ਕਿਹਾ, "ਹਰ ਕੋਈ ਮੀਟਿੰਗ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ, ਪਰ ਮੇਰੀ ਸਿਹਤ ਮੈਨੂੰ ਨਿੱਜੀ ਤੌਰ 'ਤੇ ਚੰਡੀਗੜ੍ਹ ਜਾ ਕੇ ਗੱਲਬਾਤ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੰਦੀ।" ਡੱਲੇਵਾਲ ਨੇ ਲੋਕਾਂ ਨੂੰ 12 ਫਰਵਰੀ ਨੂੰ ਖਨੌਰੀ ਬਾਰਡਰ 'ਤੇ ਪਹੁੰਚਣ ਦੀ ਅਪੀਲ ਕੀਤੀ ਕਿਉਂਕਿ ਉਸ ਦਿਨ ਅੰਦੋਲਨ ਨੂੰ ਇੱਕ ਸਾਲ ਪੂਰਾ ਹੋ ਜਾਵੇਗਾ। ਉਨ੍ਹਾਂ ਕਿਹਾ, "ਮੈਂ ਆਸ ਕਰਦਾ ਹਾਂ ਕਿ ਖਨੌਰੀ ਬਾਰਡਰ ਉੱਤੇ ਵੱਡਾ ਇਕੱਠ ਮੈਨੂੰ ਨਵੀਂ ਊਰਜਾ ਦੇਵੇਗਾ ਤੇ ਮੈਨੂੰ ਕੇਂਦਰ ਸਰਕਾਰ ਦੇ ਵਫ਼ਦ ਨਾਲ ਹੋਣ ਵਾਲੀ ਗੱਲਬਾਤ (14 ਫਰਵਰੀ) ਵਿਚ ਸਰੀਰਕ ਤੌਰ 'ਤੇ ਮੌਜੂਦ ਰਹਿਣ ਦੀ ਤਾਕਤ ਬਖ਼ਸ਼ੇਗਾ।"

# ਅਕਾਲੀ ਲੀਡਰਸ਼ਿਪ ਲਈ ਖੜ੍ਹੀ ਹੋ ਸਕਦੀ ਹੈ ਨਵੀਂ ਸਮੱਸਿਆ!

### -ਬਾਗੀ ਅਕਾਲੀ ਆਗੂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਦੇਣਗੇ ਲਿਖਤੀ ਸ਼ਿਕਾਇਤ

**ਚੰਡੀਗੜ੍ਹ, (ਪੰਜਾਬ ਮੇਲ)-** ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ 2 ਦਸੰਬਰ, 2024 ਨੂੰ ਸੁਣਾਏ ਗਏ ਹੁਕਮ ਨੂੰ ਇਨਬਿੰਨ ਲਾਗੂ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਜੁੜੇ ਆਗੂਆਂ ਨੇ ਅਗ਼ਾਮੀ ਇਕ-ਦੋ ਦਿਨਾਂ 'ਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੁਲਾਕਾਤ ਕਰਨ ਦਾ ਫ਼ੈਸਲਾ ਕੀਤਾ ਹੈ। ਦੱਸਿਆ ਜਾਂਦਾ ਹੈ ਕਿ ਸੀਨੀਅਰ ਅਕਾਲੀ ਆਗੂਆਂ ਦੀ ਇਕ ਅਹਿਮ ਮੀਟਿੰਗ ਇੱਥੇ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੇ ਘਰ ਹੋਈ। ਮੀਟਿੰਗ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ, ਜਸਟਿਸ ਨਿਰਮਲ ਸਿੰਘ, ਚਰਨਜੀਤ ਸਿੰਘ ਬਰਾੜ, ਗਗਨਜੀਤ ਸਿੰਘ ਬਰਨਾਲਾ ਸਮੇਤ ਕਈ ਹੋਰ ਆਗੂ ਹਾਜ਼ਰ ਸਨ। ਦੱਸਿਆ ਜਾਂਦਾ ਹੈ ਕਿ ਮੀਟਿੰਗ ਵਿਚ ਆਗੂਆਂ ਨੇ ਇਸ ਗੱਲ 'ਤੇ ਚਿੰਤਾਂ ਪ੍ਰਗਟ ਕੀਤੀ ਹੈ ਕਿ ਅਕਾਲੀ ਦਲ ਦੀ ਲੀਡਰਸ਼ਿਪ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਅਨੁਸਾਰ ਸੱਤ ਮੈਂਬਰੀ ਕਮੇਟੀ ਦੀ ਨਿਗਰਾਨੀ ਹੇਠ ਮੈਂਬਰਸ਼ਿਪ ਸ਼ੁਰੂ ਕਰਨ ਦੀ ਬਜਾਏ ਖ਼ੁਦ ਭਰਤੀ ਕਰ ਰਹੀ ਹੈ, ਜਿਸ ਕਰਕੇ ਪੰਥਕ ਹਲਕਿਆਂ ਤੇ ਸਿੱਖ ਭਾਈਚਾਰੇ ਅੰਦਰ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ।

# ਅੰਮ੍ਰਿਤਸਰ ਦੇ ਨਵੇਂ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਨੇ ਸੰਭਾਲਿਆ ਅਹੁਦਾ



**ਅੰਮ੍ਰਿਤਸਰ, (ਪੰਜਾਬ ਮੇਲ)-** ਨਗਰ ਨਿਗਮ ਦੇ ਨਵੇਂ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ ਨੇ ਆਪਣਾ ਮੇਅਰ ਦਾ ਅਹੁਦਾ ਸੰਭਾਲ ਲਿਆ ਹੈ। ਇਸ ਦੌਰਾਨ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਐੱਮ.ਐੱਲ.ਏ. ਜਸਬੀਰ ਸਿੰਘ, 'ਆਪ' ਦੇ ਜ਼ਿਲ੍ਹਾ ਪ੍ਰਧਾਨ ਮਨੀਸ਼ ਅਗਰਵਾਲ ਤੇ ਹੋਰ ਲੀਡਰ ਮੌਜੂਦ ਸਨ।

ਮੇਅਰ ਭਾਟੀਆ ਨੇ ਕਿਹਾ ਕਿ ਉਹ ਗੁਰੂ ਨਗਰੀ ਦੀ ਸੇਵਾ ਹੁਣ ਹੀ ਸ਼ੁਰੂ ਕਰ ਦੇਣਗੇ, ਕਿਸੇ ਨਾਲ ਪੱਖਪਾਤ ਨਹੀਂ ਕੀਤਾ ਜਾਵੇਗਾ, ਸ਼ਹਿਰ ਦੇ ਵਿਕਾਸ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਮੰਤਰੀ ਧਾਲੀਵਾਲ ਨੇ ਕਿਹਾ ਕਿ ਇਹ ਇਤਿਹਾਸਿਕ ਦਿਨ ਹੈ, ਜੋ ਅੰਮ੍ਰਿਤਸਰ ਨੂੰ ਮੇਅਰ ਮਿਲਿਆ ਹੈ। ਸ਼ਹਿਰ ਦੇ ਵਿਕਾਸ ਵਿਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ ।

# ਸੀਨੀਅਰ ਆਈ.ਏ.ਐੱਸ. ਵਿਵੇਕ ਪ੍ਰਤਾਪ ਸਿੰਘ ਹੋਣਗੇ ਪੰਜਾਬ ਰਾਜਪਾਲ ਦੇ ਪ੍ਰਮੁੱਖ ਸਕੱਤਰ

**ਲੁਧਿਆਣਾ, (ਪੰਜਾਬ ਮੇਲ)-** ਪੰਜਾਬ ਦੇ ਸੀਨੀਅਰ ਆਈ.ਏ.ਐੱਸ. ਅਧਿਕਾਰੀ ਕੇ. ਸ਼ਿਵਾ ਪ੍ਰਸਾਦ ਨੇ ਵੀ.ਆਰ.ਐੱਸ. ਲੈ ਲਈ ਹੈ। ਉਹ ਮੌਜੂਦਾ ਸਮੇਂ ਦੌਰਾਨ ਪੰਜਾਬ ਦੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਵਜੋਂ ਤਾਇਨਾਤ ਸਨ। ਹੁਣ ਉਨ੍ਹਾਂ ਦੀ ਰਿਟਾਇਰਮੈਂਟ ਤੋਂ ਬਾਅਦ ਸੀਨੀਅਰ ਆਈ.ਏ.ਐੱਸ. ਵਿਵੇਕ ਪ੍ਰਤਾਪ ਸਿੰਘ ਨੂੰ ਪੰਜਾਬ ਦੇ ਰਾਜਪਾਲ ਦਾ ਪ੍ਰਮੁੱਖ ਸਕੱਤਰ ਲਾ ਦਿੱਤਾ ਗਿਆ ਹੈ। ਹਾਲਾਂਕਿ ਕੇ. ਸ਼ਿਵਾ ਪ੍ਰਸਾਦ ਅਜੇ ਰਿਲੀਵ ਨਹੀਂ ਹੋਏ ਹਨ। ਇਸ ਸਬੰਧੀ ਪੰਜਾਬ ਦੇ ਮੁੱਖ ਸੱਕਤਰ ਵਲੋਂ ਹੁਕਮ ਜਾਰੀ ਕੀਤੇ ਗਏ ਹਨ। ਇਸ ਦੇ ਮੁਤਾਬਕ ਵਿਵੇਕ ਪ੍ਰਤਾਪ ਸਿੰਘ ਉਦੋਂ ਚਾਰਜ ਸੰਭਾਲਣਗੇ, ਜਦੋਂ ਕੇ. ਸ਼ਿਵਾ ਪ੍ਰਸਾਦ ਰਿਲੀਵ ਹੋ ਜਾਣਗੇ।

ਫਿਲਹਾਲ ਵਿਵੇਕ ਪ੍ਰਤਾਪ ਸਿੰਘ ਪ੍ਰਿੰਸੀਪਲ ਸੈਕਟਰੀ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟਰੀਅਲ ਟ੍ਰੇਨਿੰਗ ਵਜੋਂ ਪੰਜਾਬ ਸਰਕਾਰ 'ਚ ਕੰਮ ਕਰ ਰਹੇ ਹਨ।













# ਦਿੱਲੀ ਚੋਣਾਂ ਤੋਂ ਪਹਿਲਾਂ ਡੇਰਾ ਮੁਖੀ ਰਾਮ ਰਹੀਮ ਨੂੰ ਮੁੜ ਮਿਲੀ 30 ਦਿਨ ਦੀ ਪੈਰੋਲ

ਸਫਾ 1 ਦਾ ਬਾਕੀ

ਡੇਰਾ ਸੱਚਾ ਸੌਦਾ ਮੁਖੀ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸੁਨਾਰੀਆ



ਜੇਲ੍ਹ ਵਿਚੋਂ ਬਾਹਰ ਆ ਗਿਆ। ਅਗਸਤ 2017 ਵਿਚ ਦੋ ਸਾਧਵੀਆਂ ਨਾਲ ਜਬਰ-ਜਨਾਹ ਮਾਮਲੇ ਵਿਚ ਸਜ਼ਾ ਸੁਣਾਏ ਜਾਣ ਮਗਰੋਂ ਉਸ ਨੂੰ ਪਹਿਲੀ ਵਾਰ ਸਿਰਸਾ ਡੇਰੇ ਜਾਣ ਦੀ ਇਜਾਜ਼ਤ ਮਿਲੀ ਹੈ, ਜਿੱਥੇ ਉਹ ਦਸ ਦਿਨ ਠਹਿਰੇਗਾ। ਇਸ ਤੋਂ ਬਾਅਦ ਉਹ ਯੂ.ਪੀ. ਦੇ ਬਾਗਪਤ ਸਥਿਤ ਬਰਨਾਵਾ ਵਿਚ ਰਹੇਗਾ। ਉਸ ਨੂੰ ਫਰਲੋਅ 5 ਫਰਵਰੀ ਨੂੰ ਹੋ ਰਹੀਆਂ ਦਿੱਲੀ ਚੋਣਾਂ ਤੋਂ ਕੁੱਝ ਦਿਨ ਪਹਿਲਾਂ ਦਿੱਤੀ ਗਈ ਹੈ। ਉਸ ਨੂੰ ਪਿਛਲੀ ਵਾਰ 20 ਦਿਨ ਦੀ ਪੈਰੋਲ ਪਿਛਲੇ ਸਾਲ 5 ਅਕਤੂਬਰ ਨੂੰ ਹੋਈਆਂ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਚਾਰ ਦਿਨ ਪਹਿਲਾਂ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਹਰਿਆਣਾ ਸਰਕਾਰ ਨੇ ਪਿਛਲੇ ਸਾਲ ਅਗਸਤ 'ਚ 21 ਦਿਨ ਦੀ ਫਰਲੋਅ ਦਿੱਤੀ ਸੀ।

ਜ਼ਿਕਰਯੋਗ ਹੈ ਕਿ ਗੁਰਮੀਤ ਰਾਮ ਰਹੀਮ ਨੂੰ 2017 ਵਿਚ ਜੇਲ੍ਹ ਭੇਜਿਆ ਗਿਆ ਸੀ। ਉਸ ਤੋਂ ਬਾਅਦ ਉਹ ਕਈ ਵਾਰ ਪੈਰੋਲ ਅਤੇ ਫਰਲੋ 'ਤੇ ਜੇਲ੍ਹ ਵਿਚੋਂ ਬਾਹਰ ਆ ਚੁੱਕਾ ਹੈ। ਪੈਰੋਲ ਦੇ ਦੌਰਾਨ ਉਸਨੇ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਦਾ ਆਯੋਜਨ ਕੀਤਾ, ਜਿਨ੍ਹਾਂ ਵਿਚ ਉਸ ਦੇ ਸ਼ਰਧਾਲੂਆਂ ਦੀ ਵੱਡੀ ਸੰਖਿਆ ਨੇ ਹਿੱਸਾ ਲਿਆ। ਇਸ ਵਾਰ ਦੀ ਪੈਰੋਲ ਨੂੰ ਲੈ ਕੇ ਸੁਰੱਖਿਆ ਦੇ ਖਾਸ ਇੰਤਜ਼ਾਮ ਕੀਤੇ ਗਏ ਹਨ।

ਸਾਧਵੀ ਜਬਰ-ਜਨਾਹ ਮਾਮਲੇ ਵਿਚ 25 ਅਗਸਤ 2017 'ਚ ਸਜ਼ਾ ਸੁਣਾਏ ਜਾਣ ਮਗਰੋਂ ਉਹ ਪਹਿਲੀ ਵਾਰ ਸਿਰਸਾ ਡੇਰੇ ਪੁੱਜਾ ਹੈ। ਇਸ ਦੌਰਾਨ ਉਨ੍ਹਾਂ ਇੱਕ ਵੀਡੀਓ ਜਾਰੀ ਕੀਤੀ ਹੈ, ਜਿਸ ਵਿਚ ਡੇਰਾ ਪ੍ਰੇਮੀਆਂ ਨੂੰ ਸਿਰਸਾ ਨਾ ਆਉਣ ਦੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਡੇਰੇ ਦੇ ਸੇਵਾਦਾਰਾਂ ਵੱਲੋਂ ਜੋ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣਗੇ, ਉਨ੍ਹਾਂ ਦੀ ਪਾਲਣਾ ਕੀਤੀ ਜਾਵੇ। ਉਨ੍ਹਾਂ ਨੇ ਸਾਰਿਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ। ਪੈਰੋਲ 'ਤੇ ਸਿਰਸਾ ਡੇਰਾ ਪਹੁੰਚਣ 'ਤੇ ਸੁਰੱਖਿਆ ਦੇ ਖਾਸ ਇੰਤਜ਼ਾਮ ਕੀਤੇ ਗਏ ਹਨ। ਡੇਰੇ ਨੂੰ ਜਾਣ ਵਾਲੀ ਸੜਕ 'ਤੇ ਪੁਲਿਸ ਵੱਲੋਂ ਥਾਂ-ਥਾਂ 'ਤੇ ਨਾਕੇ ਲਾਏ ਗਏ ਹਨ। ਡੇਰੇ ਦੇ ਮੁੱਖ ਗੇਟਾਂ 'ਤੇ ਪੁਲਿਸ ਨੂੰ ਤਾਇਨਾਤ ਕੀਤਾ ਗਿਆ ਹੈ।

**ਡੇਰਾ ਮੁਖੀ ਨੂੰ ਪਹਿਲੀ ਵਾਰ ਸਿਰਸਾ ਜਾਣ ਦੀ ਮਿਲੀ ਇਜਾਜ਼ਤ**

### ਰਾਮ ਰਹੀਮ ਨੂੰ ਕਦੋਂ-ਕਦੋਂ ਪੈਰੋਲ ਅਤੇ ਫਰਲੋ ਮਿਲੀ

- **ਅਕਤੂਬਰ 2020:** ਮਾਂ ਦੀ ਸਿਹਤ ਖਰਾਬ ਹੋਣ 'ਤੇ 21 ਦਿਨ ਦੀ ਪੈਰੋਲ।
- **ਮਈ 2021:** ਮਾਂ ਨਾਲ ਮਿਲਣ ਲਈ ਦੂਜੀ ਵਾਰ ਪੈਰੋਲ।
- **ਫਰਵਰੀ 2022:** ਪਰਿਵਾਰ ਨਾਲ ਮਿਲਣ ਲਈ 21 ਦਿਨ ਦੀ ਫਰਲੋ।
- **ਜੂਨ 2022:** 30 ਦਿਨ ਦੀ ਪੈਰੋਲ 'ਤੇ ਧਾਰਮਿਕ ਅਤੇ ਸਮਾਜਿਕ ਕਾਰਜਕ੍ਰਮ ਆਯੋਜਿਤ ਕੀਤੇ।
- **ਅਕਤੂਬਰ 2022:** ਦਿਵਾਲੀ 'ਤੇ 40 ਦਿਨ ਦੀ ਪੈਰੋਲ।
- **ਜਨਵਰੀ 2023:** 40 ਦਿਨ ਦੀ ਪੈਰੋਲ 'ਤੇ ਆਨਲਾਈਨ ਸਤਸੰਗ।
- **ਜੁਲਾਈ 2023:** 30 ਦਿਨ ਦੀ ਪੈਰੋਲ।
- **ਨਵੰਬਰ 2023:** 21 ਦਿਨ ਦੀ ਫਰਲੋ, ਬਾਗਪਤ ਆਸ਼ਰਮ ਵਿਚ ਪ੍ਰਵਾਸ।
- **ਜਨਵਰੀ 2024:** 50 ਦਿਨ ਦੀ ਫਰਲੋ।
- **ਅਗਸਤ 2024:** 21 ਦਿਨ ਦੀ ਫਰਲੋ, ਕਈ ਕਾਰਜਕ੍ਰਮਾਂ ਵਿਚ ਭਾਗ ਲਿਆ।
- **ਅਕਤੂਬਰ 2024:** ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੈਰੋਲ।

## ਗੁਰਮੀਤ ਰਾਮ ਰਹੀਮ ਨੂੰ ਮੁੜ ਪੈਰੋਲ ਦੇਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਇਤਰਾਜ਼ ਪ੍ਰਗਟ

ਸਫਾ 1 ਦਾ ਬਾਕੀ

ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੰਘਾਂ ਨੂੰ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ ਅਤੇ ਸੁਪਰੀਮ ਕੋਰਟ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਮੁਆਫ਼ੀ 'ਤੇ ਸਰਕਾਰ ਨੂੰ ਫੈਸਲਾ ਕਰਨ ਦੀ ਹਦਾਇਤ ਦੇ ਬਾਵਜੂਦ ਵੀ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਭਾਜਪਾ ਸਰਕਾਰ ਸਿਆਸੀ ਲਾਹੇ ਲਈ ਰਾਮ ਰਹੀਮ ਦੇ ਘਿਨੌਣੇ ਅਪਰਾਧਾਂ ਨੂੰ ਅੱਖੋਂ-ਉਹਲੇ ਕਰਕੇ ਉਸ ਨੂੰ ਪਹਿਲਾਂ ਵੀ ਚੋਣਾਂ ਸਮੇਂ ਫਰਲੋ ਤੇ ਪੈਰੋਲ ਦੇ ਚੁੱਕੀ ਹੈ ਅਤੇ ਹੁਣ ਫਿਰ ਦਿੱਲੀ ਦੀਆਂ ਵਿਧਾਨ ਸਭਾ ਅਤੇ ਹਰਿਆਣਾ ਅੰਦਰ ਨਿਗਮ ਚੋਣਾਂ ਵਿਚ ਸਿਆਸੀ ਲਾਹਾ ਲੈਣ ਲਈ ਉਸ ਨੂੰ ਜੇਲ੍ਹ ਤੋਂ ਬਾਹਰ ਲਿਆਂਦਾ ਗਿਆ ਹੈ, ਜੋ ਸਰਾਸਰ ਗਲਤ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਅਜਿਹੀ ਨੀਤੀ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਣ ਵਾਲੀ ਹੈ। ਐਡਵੋਕੇਟ ਧਾਮੀ ਨੇ ਰਾਮ ਰਹੀਮ ਦੀ ਪੈਰੋਲ ਨੂੰ ਤੁਰੰਤ ਰੱਦ ਕਰਕੇ ਮੁੜ ਜੇਲ੍ਹ ਭੇਜਣ ਦੀ ਮੰਗ ਕੀਤੀ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

## ਅਮਰੀਕੀ ਨਿਆਂ ਵਿਭਾਗ ਵੱਲੋਂ ਰਾਸ਼ਟਰਪਤੀ ਵਿਰੁੱਧ ਮੁਕੱਦਮੇ 'ਚ ਸ਼ਾਮਲ ਕਰਮਚਾਰੀ ਬਰਖਾਸਤ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਨਿਆਂ ਵਿਭਾਗ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਅਪਰਾਧਿਕ ਜਾਂਚ ਵਿਚ ਸ਼ਾਮਲ ਘੱਟ-ਘੱਟ 12 ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਮੰਤਰਾਲਾ ਨੇ ਇਹ ਜਾਣਕਾਰੀ ਦਿੱਤੀ। ਵਿਸ਼ੇਸ਼ ਵਕੀਲ ਜੈਕ ਸਮਿਥ ਦੀ ਟੀਮ ਵਿਚ ਸੇਵਾ ਨਿਭਾ ਰਹੇ ਸਰਕਾਰੀ ਵਕੀਲਾਂ ਨੂੰ ਨਿਸ਼ਾਨਾ ਬਣਾ ਕੇ ਅਚਾਨਕ ਕੀਤੀ ਗਈ ਇਹ ਕਾਰਵਾਈ ਨਿਆਂ ਵਿਭਾਗ ਦੇ ਅੰਦਰ ਉਥਲ-ਪੁਥਲ ਦਾ ਤਾਜ਼ਾ ਸੰਕੇਤ ਹੈ ਅਤੇ ਇਹ ਉਨ੍ਹਾਂ ਕਰਮਚਾਰੀਆਂ ਨੂੰ ਹਟਾਉਣ ਦੀ ਟਰੰਪ ਪ੍ਰਸ਼ਾਸਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ, ਜਿਨ੍ਹਾਂ ਨੂੰ ਉਹ ਰਾਸ਼ਟਰਪਤੀ ਪ੍ਰਤੀ ਵਫ਼ਾਦਾਰ ਨਹੀਂ ਮੰਨਦਾ। ਸਮਿਥ ਨੇ ਇਸ ਮਹੀਨੇ ਦੇ ਸ਼ੁਰੂ ਵਿਚ ਅਸਤੀਫਾ ਦੇ ਦਿੱਤਾ ਸੀ।

ਸਰਕਾਰੀ ਵਕੀਲਾਂ ਨੂੰ ਰਾਸ਼ਟਰਪਤੀ ਬਦਲਣ ਦੇ ਬਾਵਜੂਦ ਬਰਕਰਾਰ ਰੱਖਣ ਦੀ ਪ੍ਰੰਪਰਾ ਰਹੀ ਹੈ ਅਤੇ ਸੰਵੇਦਨਸ਼ੀਲ ਜਾਂਚਾਂ ਵਿਚ ਉਨ੍ਹਾਂ ਦੀ ਸ਼ਮੂਲੀਅਤ ਲਈ ਸਜ਼ਾ ਨਹੀਂ ਦਿੱਤੀ ਜਾਂਦੀ ਹੈ। ਇਸ ਦੇ ਬਾਵਜੂਦ ਇਹ ਕਦਮ ਚੁੱਕਿਆ ਗਿਆ। ਨਿਆਂ ਵਿਭਾਗ ਦੇ ਇੱਕ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਪੁਸ਼ਟੀ ਕੀਤੀ ਕਿ ਕਾਰਜਕਾਰੀ ਅਟਾਰਨੀ ਜਨਰਲ ਜੇਮਜ਼ ਮੈਕਹੈਨਰੀ ਨੇ ਸਟਾਫ ਨੂੰ ਬਰਖਾਸਤ ਕਰ ਦਿੱਤਾ ਹੈ। ਇਹ ਤੁਰੰਤ ਸਪੱਸ਼ਟ ਨਹੀਂ ਹੋ ਸਕਿਆ ਕਿ ਇਸ ਹੁਕਮ ਤੋਂ ਪ੍ਰਭਾਵਿਤ ਹੋਏ ਸਰਕਾਰੀ ਵਕੀਲ ਕੌਣ ਹਨ।

## ਅਮਰੀਕੀ ਪ੍ਰਤੀਨਿਧੀ ਸਭਾ 'ਚ ਗਣਿਤ, ਵਿਗਿਆਨ ਦੇ ਪਾਠਕ੍ਰਮ 'ਚ ਸੁਧਾਰ ਲਈ ਬਿੱਲ ਪੇਸ਼

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਪ੍ਰਤੀਨਿਧੀ ਸਭਾ 'ਚ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (STEM) ਸਿੱਖਿਆ ਨੂੰ ਬਿਹਤਰ ਬਣਾਉਣ ਅਤੇ ਨੈਸ਼ਨਲ ਸਾਇੰਸ ਫਾਊਂਡੇਸ਼ਨ ਨੂੰ ਆਧੁਨਿਕ ਗਣਿਤ ਪਾਠਕ੍ਰਮ ਦਾ ਸਮਰਥਨ ਕਰਨ ਲਈ ਇੱਕ ਦੋ-ਪੱਖੀ ਬਿੱਲ ਪੇਸ਼ ਕੀਤਾ ਗਿਆ ਹੈ। ਡੈਮੋਕ੍ਰੇਟਿਕ ਸੰਸਦ ਮੈਂਬਰ ਕ੍ਰਿਸੀ ਹੌਲਾਹਾਨ ਅਤੇ ਰਿਪਬਲਿਕਨ ਸੰਸਦ ਮੈਂਬਰ ਜਿਮ ਬੇਅਰਡ ਦੁਆਰਾ ਪੇਸ਼ ਕੀਤੇ ਗਏ 'ਮੈਥਮੈਟੀਕਸ ਐਂਡ ਸਟੈਟਿਸਟਿਕ ਮਾਡਲਿੰਗ ਐਜੂਕੇਸ਼ਨ ਐਕਟ' ਦਾ ਉਦੇਸ਼ STEM ਵਿਸ਼ਿਆਂ, ਖਾਸ ਕਰਕੇ ਗਣਿਤ ਅਤੇ ਵਿਗਿਆਨ ਵਿਚ ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨ 'ਚ ਵਿਦਿਆਰਥੀਆਂ ਦੀ ਮਦਦ ਕਰਨਾ ਹੈ। ਚੀਨ ਅਤੇ ਭਾਰਤ ਵਰਗੇ ਦੇਸ਼ਾਂ ਦੁਆਰਾ ਸਿੱਖਿਆ 'ਚ ਕੀਤੇ ਗਏ ਪ੍ਰਭਾਵਸ਼ਾਲੀ ਨਿਵੇਸ਼ਾਂ ਦੇ ਮੱਦੇਨਜ਼ਰ ਅਮਰੀਕਾ ਵਿਚ ਇਹ ਬਿੱਲ ਪੇਸ਼ ਕੀਤਾ ਗਿਆ ਹੈ। ਹੌਲਾਹਾਨ ਨੇ ਕਿਹਾ, "ਮੈਂ ਦੁਨੀਆਂ ਭਰ ਦੀ ਯਾਤਰਾ ਦੌਰਾਨ ਵੇਖਿਆ ਕਿ ਕਿਵੇਂ ਚੀਨ, ਭਾਰਤ ਅਤੇ ਸਾਡੇ ਹੋਰ ਵਿਸ਼ਵਵਿਆਪੀ ਮੁਕਾਬਲੇਬਾਜ਼ ਸਿੱਖਿਆ, ਖਾਸ ਕਰਕੇ ਗਣਿਤ ਅਤੇ ਵਿਗਿਆਨ ਵਿਚ ਪ੍ਰਭਾਵਸ਼ਾਲੀ ਨਿਵੇਸ਼ ਕਰ ਰਹੇ ਹਨ।





FOR SALE & PURCHASE OF ANY KIND OF PROPERTY



RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਅਮਰੀਕਾ ਤੋਂ ਲਗਭਗ 1,80,000 ਭਾਰਤੀ ਨਾਗਰਿਕਾਂ ਦੀ ਵਾਪਸੀ ਲਈ ਭਾਰਤ ਤਿਆਰ



**ਵਾਸ਼ਿੰਗਟਨ, (ਪੰਜਾਬ ਮੇਲ)-** ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਭਾਰਤ ਹਮੇਸ਼ਾ ਜਾਇਜ਼ ਦਸਤਾਵੇਜ਼ਾਂ ਤੋਂ ਬਿਨਾਂ ਰਹਿ ਰਹੇ ਭਾਰਤੀਆਂ ਦੀ ਕਾਨੂੰਨੀ ਵਾਪਸੀ ਲਈ ਤਿਆਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਅਜੇ ਵੀ ਅਮਰੀਕਾ ਤੋਂ ਉਨ੍ਹਾਂ ਲੋਕਾਂ ਦੀ ਪੁਸ਼ਟੀ ਕਰਨ ਦੀ ਪ੍ਰਕਿਰਿਆ ਵਿਚ ਹੈ, ਜਿਨ੍ਹਾਂ ਨੂੰ ਭਾਰਤ ਭੇਜਿਆ ਜਾ ਸਕਦਾ ਹੈ ਅਤੇ ਇਸ ਸਮੇਂ ਅਜਿਹੇ ਵਿਅਕਤੀਆਂ ਦੀ ਗਿਣਤੀ ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਜੈਸ਼ੰਕਰ ਨੇ ਇੱਥੇ ਭਾਰਤੀ ਪੱਤਰਕਾਰਾਂ ਦੇ ਇੱਕ ਸਮੂਹ ਨੂੰ ਦੱਸਿਆ, "ਇੱਕ ਸਰਕਾਰ ਦੇ ਤੌਰ 'ਤੇ ਅਸੀਂ ਸਪੱਸ਼ਟ ਤੌਰ 'ਤੇ ਲੋਕਾਂ ਦੀ ਜਾਇਜ਼ ਆਵਾਜਾਈ ਦੇ ਵੱਡੇ ਸਮਰਥਕ ਹਾਂ ਕਿਉਂਕਿ ਅਸੀਂ ਵਿਸ਼ਵਵਿਆਪੀ ਕਾਰਜਬਲ ਵਿਚ ਵਿਸ਼ਵਾਸ ਰੱਖਦੇ ਹਾਂ।" ਅਸੀਂ ਚਾਹੁੰਦੇ ਹਾਂ ਕਿ ਭਾਰਤੀ ਪ੍ਰਤਿਭਾ ਅਤੇ ਭਾਰਤੀ ਹੁਨਰ ਨੂੰ ਵਿਸ਼ਵ ਪੱਧਰ 'ਤੇ ਵੱਧ ਤੋਂ ਵੱਧ ਮੌਕੇ ਮਿਲਣ। ਇਸ ਦੇ ਨਾਲ ਹੀ ਅਸੀਂ ਗੈਰ-ਕਾਨੂੰਨੀ ਆਵਾਜਾਈ ਅਤੇ ਗੈਰ-ਕਾਨੂੰਨੀ ਪ੍ਰਵਾਸ ਦਾ ਸਖ਼ਤ ਵਿਰੋਧ ਕਰਦੇ ਹਾਂ।"

ਗਲੋਬਲ ਵਰਕਫੋਰਸ ਤੋਂ ਭਾਵ ਕਾਮਿਆਂ ਦੇ ਅੰਤਰਰਾਸ਼ਟਰੀ ਲੇਬਰ ਪੂਲ ਤੋਂ ਹੈ, ਜਿਸ ਵਿਚ ਬਹੁ-ਰਾਸ਼ਟਰੀ ਕੰਪਨੀਆਂ ਦੁਆਰਾ ਨਿਯੁਕਤ ਜਾਂ ਵਿਦੇਸ਼ਾਂ ਵਿਚ ਜਾ ਕੇ ਕੰਮ ਕਰਨ ਵਿਦੇਸ਼ੀ ਕਾਮੇ, ਅਸਥਾਈ ਪ੍ਰਵਾਸੀ ਕਾਮੇ, ਇਸ ਵਿਚ ਦੂਰ-ਦੁਰਾਡੇ ਕਾਮੇ, ਨਿਰਯਾਤ ਨਾਲ ਸਬੰਧਤ ਨੌਕਰੀਆਂ ਨਾਲ ਜੁੜੇ ਲੋਕ, ਸੰਭਾਵਿਤ ਕਾਰਜਬਲ ਅਤੇ ਹੋਰ ਸ਼ਾਮਲ ਹਨ। ਜੈਸ਼ੰਕਰ ਨੇ ਕਿਹਾ, "ਤੁਸੀਂ ਇਹ ਵੀ ਜਾਣਦੇ ਹੋ ਕਿ ਜਦੋਂ ਕੁਝ ਗੈਰ-ਕਾਨੂੰਨੀ ਹੁੰਦਾ ਹੈ, ਤਾਂ ਕਈ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਵੀ ਇਸ ਨਾਲ ਜੁੜ ਜਾਂਦੀਆਂ ਹਨ, ਜੋ ਕਿ ਸਹੀ ਨਹੀਂ ਹੈ। ਇਹ ਨਿਸ਼ਚਿਤ ਤੌਰ 'ਤੇ ਸਾਖ ਲਈ ਵੀ ਚੰਗਾ ਨਹੀਂ ਹੈ। ਇਹ ਹਰ ਦੇਸ਼ ਨਾਲ ਹੁੰਦਾ ਹੈ ਅਤੇ ਅਮਰੀਕਾ ਵੀ ਕੋਈ ਅਪਵਾਦ ਨਹੀਂ ਹੈ। ਅਸੀਂ ਹਮੇਸ਼ਾ ਕਿਹਾ ਹੈ ਕਿ ਜੇਕਰ ਸਾਡਾ ਕੋਈ ਨਾਗਰਿਕ ਉੱਥੇ ਗੈਰ-ਕਾਨੂੰਨੀ ਤੌਰ 'ਤੇ ਹੈ ਅਤੇ ਜੇਕਰ ਸਾਨੂੰ ਲੱਗਦਾ ਹੈ ਕਿ ਉਹ ਸਾਡੇ ਨਾਗਰਿਕ ਹਨ, ਤਾਂ ਅਸੀਂ ਉਨ੍ਹਾਂ ਦੀ ਭਾਰਤ ਵਾਪਸੀ ਲਈ ਹਮੇਸ਼ਾ ਤਿਆਰ ਹਾਂ। ਮੰਤਰੀ ਉਨ੍ਹਾਂ ਸਵਾਲਾਂ ਦਾ ਜਵਾਬ ਦੇ ਰਹੇ ਸਨ, ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਭਾਰਤ ਡੋਨਾਲਡ ਟਰੰਪ ਪ੍ਰਸ਼ਾਸਨ ਨਾਲ ਮਿਲ ਕੇ ਅਮਰੀਕਾ ਵਿਚ ਰਹਿ ਰਹੇ ਲਗਭਗ 1,80,000 ਭਾਰਤੀਆਂ ਨੂੰ ਵਾਪਸ ਲਿਆਉਣ ਲਈ ਕੰਮ ਕਰ ਰਿਹਾ ਹੈ, ਜਿਨ੍ਹਾਂ ਕੋਲ ਜਾਂ ਤਾਂ ਕੋਈ ਦਸਤਾਵੇਜ਼ ਨਹੀਂ ਸਨ ਜਾਂ ਉਹ ਘਰ ਵਾਪਸ ਜਾਣ ਦੇ ਯੋਗ ਨਹੀਂ ਸਨ ਜਾਂ ਉਹ ਆਪਣੇ ਵੀਜ਼ਾ ਦੀ ਮਿਆਦ ਪੁੱਗਣ ਤੋਂ ਬਾਅਦ ਉੱਥੇ ਰਹਿ ਰਹੇ ਹਨ।

ਜੈਸ਼ੰਕਰ ਨੇ ਕਿਹਾ ਕਿ ਉਨ੍ਹਾਂ ਨੇ ਇਸ ਬਾਰੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਗੱਲ ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ, "ਜੇਕਰ ਵੀਜ਼ਾ ਪ੍ਰਾਪਤ ਕਰਨ ਲਈ 400 ਦਿਨਾਂ ਦੀ ਉਡੀਕ ਮਿਆਦ ਹੈ, ਤਾਂ ਮੈਨੂੰ ਨਹੀਂ ਲੱਗਦਾ ਕਿ ਇਸ ਨਾਲ ਸਬੰਧਾਂ ਵਿਚ ਸੁਧਾਰ ਹੋਵੇਗਾ।" ਉਸਨੇ (ਰੂਬੀਓ) ਨੇ ਵੀ ਇਸ ਗੱਲ ਵੱਲ ਧਿਆਨ ਦਿੱਤਾ। ਮੈਂ ਅੰਕੜੇ ਦੇਖੇ ਹਨ... ਸਾਡੇ ਲਈ ਇਹ ਸਿਰਫ਼ ਇੱਕ ਅੰਕੜਾ ਨਹੀਂ ਹੈ। ਇਹ ਸਿਰਫ਼ ਉਦੋਂ ਹੀ ਪ੍ਰਭਾਵਸ਼ਾਲੀ ਹੋਵੇਗਾ, ਜਦੋਂ ਅਸੀਂ ਅਸਲ ਵਿਚ ਇਸ ਤੱਥ ਦੀ ਪੁਸ਼ਟੀ ਕਰ ਸਕਾਂਗੇ ਕਿ ਸਬੰਧਤ ਵਿਅਕਤੀ ਭਾਰਤੀ ਮੂਲ ਦਾ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਐੱਚ-1ਬੀ ਵੀਜ਼ਾ ਧਾਰਕਾਂ ਦੇ ਬੱਚਿਆਂ ਨੂੰ 21 ਸਾਲ ਦੇ ਹੋਣ 'ਤੇ ਛੱਡਣਾ ਪਵੇਗਾ ਅਮਰੀਕਾ




**ਵਾਸ਼ਿੰਗਟਨ, (ਪੰਜਾਬ ਮੇਲ)-** ਇੱਕ ਪ੍ਰਭਾਵਸ਼ਾਲੀ ਅਮਰੀਕੀ ਸੰਸਦ ਮੈਂਬਰ ਨੇ ਟਰੰਪ ਪ੍ਰਸ਼ਾਸਨ ਦੀ ਐੱਚ-1ਬੀ ਵੀਜ਼ਾ ਨੀਤੀ ਦੀ ਆਲੋਚਨਾ ਕੀਤੀ ਹੈ। ਦਰਅਸਲ, ਨੀਤੀ ਦੇ ਤਹਿਤ ਐੱਚ-1ਬੀ ਵੀਜ਼ਾ ਧਾਰਕਾਂ ਦੇ ਬੱਚੇ ਪ੍ਰਭਾਵਿਤ ਹੋਣਗੇ ਅਤੇ ਉਨ੍ਹਾਂ ਨੂੰ 21 ਸਾਲ ਦੇ ਹੋਣ 'ਤੇ ਅਮਰੀਕਾ ਛੱਡਣਾ ਪਵੇਗਾ। ਨੀਤੀ ਦੀ ਆਲੋਚਨਾ ਕਰਨ ਵਾਲੇ ਡੈਮੋਕ੍ਰੇਟਿਕ ਸੰਸਦ ਮੈਂਬਰ ਨੇ ਕਿਹਾ ਕਿ ਬੱਚਿਆਂ ਨੂੰ ਅਜਿਹੇ ਦੇਸ਼ ਵਿਚ ਭੇਜਣਾ ਗਲਤ ਹੈ, ਜਿਸਨੂੰ ਉਹ ਨਹੀਂ ਜਾਣਦੇ ਅਤੇ ਨਾ ਹੀ ਉੱਥੇ ਉਨ੍ਹਾਂ ਦਾ ਕੋਈ ਸਪੋਰਟ ਨੈੱਟਵਰਕ ਹੈ।

ਐੱਚ-1ਬੀ ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ, ਜੋ ਅਮਰੀਕੀ ਕੰਪਨੀਆਂ ਨੂੰ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ। ਅਮਰੀਕੀ ਤਕਨਾਲੋਜੀ ਕੰਪਨੀਆਂ ਹਰ ਸਾਲ ਐੱਚ-1ਬੀ ਵੀਜ਼ਾ ਦੀ ਮਦਦ ਨਾਲ ਹਜ਼ਾਰਾਂ ਵਿਦੇਸ਼ੀ ਹੁਨਰਮੰਦ ਕਾਮਿਆਂ ਨੂੰ ਨੌਕਰੀ 'ਤੇ ਰੱਖਦੀਆਂ ਹਨ। ਅਮਰੀਕਾ ਵਿਚ ਐੱਚ-1ਬੀ ਵੀਜ਼ਾ ਦੇ ਆਧਾਰ 'ਤੇ ਕੰਮ ਕਰਨ ਵਾਲੇ ਜ਼ਿਆਦਾਤਰ ਕਰਮਚਾਰੀ ਚੀਨ ਅਤੇ ਭਾਰਤ ਦੇ ਹਨ। ਹਾਲਾਂਕਿ, ਟਰੰਪ ਸਰਕਾਰ ਦੇ ਅਧੀਨ ਐੱਚ-1ਬੀ ਵੀਜ਼ਾ ਨਿਯਮਾਂ ਵਿਚ ਕੁਝ ਬਦਲਾਅ ਕੀਤੇ ਗਏ ਹਨ। ਇਨ੍ਹਾਂ ਬਦਲਾਵਾਂ ਦੇ ਤਹਿਤ ਜੇਕਰ ਐੱਚ-1ਬੀ ਵੀਜ਼ਾ 'ਤੇ ਕੰਮ ਕਰਨ ਵਾਲੇ ਮਾਪਿਆਂ ਨੂੰ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿਣ ਲਈ ਗ੍ਰੀਨ ਕਾਰਡ ਨਹੀਂ ਮਿਲਿਆ ਹੈ, ਤਾਂ ਉਨ੍ਹਾਂ ਦੇ ਬੱਚੇ 21 ਸਾਲ ਦੇ ਹੋਣ ਤੋਂ ਬਾਅਦ ਅਮਰੀਕਾ ਵਿਚ ਨਹੀਂ ਰਹਿ ਸਕਣਗੇ ਅਤੇ ਉਨ੍ਹਾਂ ਨੂੰ ਅਮਰੀਕਾ ਵਿਚ ਰਹਿਣ ਲਈ ਅਰਜ਼ੀ ਦੇਣੀ ਪਵੇਗੀ। ਗ੍ਰੀਨ ਕਾਰਡ ਇੱਕ ਗੈਰ-ਅਮਰੀਕੀ ਨਾਗਰਿਕ ਨੂੰ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿਣ ਅਤੇ ਕੰਮ ਕਰਨ ਦੀ ਆਗਿਆ ਦਿੰਦਾ ਹੈ।

ਅਮਰੀਕੀ ਸੰਸਦ ਦੀ ਨਿਆਂ ਕਮੇਟੀ ਦੇ ਸੀਨੀਅਰ ਡੈਮੋਕ੍ਰੇਟਿਕ ਮੈਂਬਰ ਜੇਰੋਲਡ ਨੈਡਲਰ ਨੇ ਇਸ ਨੀਤੀ ਦਾ ਵਿਰੋਧ ਕਰਦੇ ਹੋਏ ਕਿਹਾ, "ਉੱਚ-ਹੁਨਰਮੰਦ ਕਾਮਿਆਂ ਲਈ ਗ੍ਰੀਨ ਕਾਰਡਾਂ ਦਾ ਬਹੁਤ ਵੱਡਾ ਬੈਕਲਾਗ ਹੈ ਅਤੇ ਐੱਚ-1ਬੀ ਵੀਜ਼ਾ ਧਾਰਕਾਂ ਨੂੰ ਗ੍ਰੀਨ ਕਾਰਡ ਪ੍ਰਾਪਤ ਕਰਨ ਲਈ ਦਹਾਕਿਆਂ ਤੱਕ ਉਡੀਕ ਕਰਨੀ ਪਵੇਗੀ। ਇਸ ਵੇਲੇ, ਜੇਕਰ ਮਾਪਿਆਂ ਕੋਲ ਐੱਚ-1ਬੀ ਦਰਜਾ ਹੈ, ਤਾਂ ਦੂਜੇ ਦੇਸ਼ਾਂ ਵਿਚ ਪੈਦਾ ਹੋਏ ਬੱਚੇ, ਜਿਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਅਮਰੀਕਾ ਵਿਚ ਬਿਤਾਈ ਹੈ, ਉਨ੍ਹਾਂ ਨੂੰ 21 ਸਾਲ ਦੇ ਹੋਣ 'ਤੇ ਦੇਸ਼ ਛੱਡਣਾ ਪਵੇਗਾ। ਅਮਰੀਕਾ ਵਿਚ ਰਹਿਣ ਲਈ, ਉਨ੍ਹਾਂ ਨੂੰ ਖੁਦ ਇਮੀਗ੍ਰੇਸ਼ਨ ਲਈ ਅਰਜ਼ੀ ਦੇਣੀ ਪਵੇਗੀ।

## ਰਿਪੁਦਮਨ ਮਲਿਕ ਕਤਲ ਮਾਮਲਾ: ਕੈਨੇਡਾ ਅਦਾਲਤ ਨੇ ਦੋ ਵਿਅਕਤੀਆਂ ਨੂੰ ਸੁਣਾਈ ਸਜ਼ਾ

**ਟੋਰਾਂਟੋ, (ਪੰਜਾਬ ਮੇਲ)-** ਰਿਪੁਦਮਨ ਮਲਿਕ ਦੇ ਕਤਲ ਮਾਮਲੇ ਵਿਚ ਕੈਨੇਡਾ ਅਦਾਲਤ ਨੇ ਸਜ਼ਾ ਸੁਣਾਈ ਹੈ। ਇਸ ਮਾਮਲੇ ਵਿਚ ਦੋਸ਼ੀ ਠਹਿਰਾਏ ਗਏ ਦੋ ਵਿਅਕਤੀਆਂ ਵਿਚੋਂ ਇੱਕ ਨੂੰ ਕੈਨੇਡਾ ਵਿਚ ਸਜ਼ਾ ਸੁਣਾਈ ਗਈ ਹੈ। ਟੈਨਰ ਫੌਕਸ ਨੂੰ 20 ਸਾਲਾਂ ਲਈ ਪੈਰੋਲ ਦੀ ਯੋਗਤਾ ਤੋਂ ਬਿਨਾਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਫੌਕਸ ਅਤੇ ਜੋਸ ਲੋਪੇਜ਼ ਨੇ ਰਿਪੁਦਮਨ ਸਿੰਘ ਮਲਿਕ ਦੀ ਗੋਲੀ ਮਾਰ ਕੇ ਹੱਤਿਆ ਦੇ ਮਾਮਲੇ ਵਿਚ ਦੂਜੇ ਦਰਜੇ ਦੇ ਕਤਲ ਦਾ ਦੋਸ਼ ਮੰਨਿਆ ਸੀ। ਸਰਕਾਰੀ ਵਕੀਲਾਂ ਨੇ ਕਿਹਾ ਕਿ ਮਲਿਕ ਨੂੰ ਮਾਰਨ ਲਈ ਦੋ ਆਦਮੀਆਂ ਨੂੰ ਨੌਕਰੀ 'ਤੇ ਰੱਖਿਆ ਗਿਆ ਸੀ ਅਤੇ ਉਨ੍ਹਾਂ ਨੂੰ ਪੈਸੇ ਦਿੱਤੇ ਗਏ ਸਨ ਪਰ ਇਹ ਨਹੀਂ ਦੱਸਿਆ ਕਿ ਉਨ੍ਹਾਂ ਨੂੰ ਕਿਸ ਨੇ ਨੌਕਰੀ 'ਤੇ ਰੱਖਿਆ ਸੀ। ਮਲਿਕ ਦੇ ਪਰਿਵਾਰ ਨੇ ਕਿਹਾ ਕਿ ਉਨ੍ਹਾਂ ਨੇ ਪੀੜਤਾਂ ਦੇ ਬਿਆਨਾਂ ਦੀ ਵਰਤੋਂ ਫੌਕਸ ਨੂੰ ਇਹ ਦੱਸਣ ਲਈ ਕੀਤੀ ਸੀ ਕਿ ਉਸਨੂੰ ਕਿਸਨੇ ਨੌਕਰੀ 'ਤੇ ਰੱਖਿਆ ਸੀ।




ਸਫਾ 1 ਦਾ ਬਾਕੀ

### ਮਹਾਕੁੰਭ 'ਚ ਭਾਜੜ : 22 ਸ਼ਰਧਾਲੂਆਂ ਦੀ ਮੌਤ; 50 ਤੋਂ...

ਸਾਰਿਆਂ ਨੂੰ ਮਹਾਕੁੰਭ ਨਗਰ ਦੇ ਕੇਂਦਰੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ।

ਮਹਾਕੁੰਭ 'ਚ ਮੌਨੀ ਮੱਸਿਆ ਲਈ ਸ਼ਰਧਾਲੂਆਂ ਦੀ ਭਾਰੀ ਭੀੜ ਸੀ। ਦੁਪਹਿਰ ਸਮੇਂ ਬੇਕਾਬੂ ਭੀੜ ਨੇ ਕਈ ਥਾਵਾਂ 'ਤੇ ਬੈਰੀਕੇਡ ਵੀ ਤੋੜ ਦਿੱਤੇ। ਰਾਤ ਨੂੰ ਇਸ਼ਨਾਨ ਸ਼ੁਰੂ ਹੋਣ ਤੋਂ ਬਾਅਦ ਸੰਗਮ 'ਤੇ ਭੀੜ ਵਧ ਗਈ। ਸੰਗਮ ਕੰਢੇ ਅਤੇ ਆਲੇ-ਦੁਆਲੇ ਲੱਖਾਂ ਸ਼ਰਧਾਲੂ ਇਕੱਠੇ ਹੋਏ। ਕੁਝ ਇਸ਼ਨਾਨ ਕਰਨ ਵਾਲਿਆਂ ਨੇ ਅਖਾੜਿਆਂ ਲਈ ਬਣੇ ਬੈਰੀਕੇਡਾਂ ਨੂੰ ਤੋੜਨ ਦੀ ਕੋਸ਼ਿਸ਼ ਵੀ ਕੀਤੀ। ਉਨ੍ਹਾਂ ਨੂੰ ਜਿੱਥੇ ਵੀ ਥਾਂ ਮਿਲਦੀ, ਉੱਥੇ ਜਾਂਦਾ। ਅੱਧੀ ਰਾਤ ਤੋਂ ਬਾਅਦ ਇਸ਼ਨਾਨ ਕਰਨ ਵਾਲਿਆਂ ਦੀ ਭੀੜ ਸੰਗਮ ਬੈਂਕ ਨੇੜੇ ਰੁੱਕ ਗਈ, ਜਿਸ ਕਾਰਨ ਸਥਿਤੀ ਵਿਗੜਨ ਲੱਗੀ। ਰਾਤ ਕਰੀਬ 2 ਵਜੇ ਜਦੋਂ ਸਥਿਤੀ ਕਾਬੂ ਤੋਂ ਬਾਹਰ ਹੋ ਗਈ, ਤਾਂ ਭਾਜੜ ਮੱਚ ਗਈ। ਜਿਹੜਾ ਇਧਰ-ਉਧਰ ਭੱਜਦੀ ਭੀੜ ਵਿਚ ਡਿੱਗ ਪਿਆ, ਉਹ ਉੱਠ ਨਾ ਸਕਿਆ। ਜਿਸ ਕਿਸੇ ਨੇ ਵੀ ਭੱਜਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਵੀ ਦੱਬ ਦਿੱਤਾ ਗਿਆ।

ਸਫਾ 1 ਦਾ ਬਾਕੀ

### ਓਨਟਾਰੀਓ 'ਚ 27 ਫਰਵਰੀ ਨੂੰ ਮੱਧਕਲੀ ਚੋਣਾਂ ਦਾ ਐਲਾਨ...

ਅਗਵਾਈ ਵਾਲੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ 83 ਸੀਟਾਂ ਜਿੱਤੀਆਂ ਤੇ 31 ਸੀਟਾਂ 'ਤੇ ਐੱਨ.ਡੀ.ਪੀ. ਕਾਬਜ ਹੋਈ। ਇਸ ਤੋਂ ਇਲਾਵਾ ਲਿਬਰਲ ਪਾਰਟੀ ਨੇ 8 ਤੇ ਗਰੀਨ ਪਾਰਟੀ ਤੇ ਆਜ਼ਾਦ ਨੇ ਇੱਕ ਇੱਕ ਸੀਟ ਜਿੱਤੀਆਂ ਸਨ।

ਗੌਰਤਲਬ ਹੈ ਕਿ ਓਨਟਾਰੀਓ 'ਚ 1981 ਤੋਂ ਬਾਅਦ ਸਰਦੀਆਂ 'ਚ ਹੋਣ ਵਾਲੀ ਇਹ ਪਹਿਲੀ ਚੋਣ ਹੈ। ਮੁੱਖ ਮੰਤਰੀ ਡੱਗ ਫੋਰਡ ਵਲੋਂ ਇਸ ਚੋਣ ਦੇ ਨਤੀਜਿਆਂ ਨੂੰ ਅਮਰੀਕਾ ਦੇ ਰਾਸ਼ਟਰਪਤੀ ਦੇ ਟੈਰਿਫ ਵਾਧੇ ਵਾਲੀ ਚੁਣੌਤੀ ਦਾ ਸਾਹਮਣਾ ਕਰਨ ਲਈ ਸ਼ਕਤੀਸ਼ਾਲੀ ਸਰਕਾਰ ਦੇ ਗਠਨ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਡੱਗ ਫੋਰਡ ਨੇ 2018 ਦੀਆਂ ਚੋਣਾਂ ਵਿਚ ਜਿੱਤ ਹਾਸਲ ਕਰਕੇ 15 ਸਾਲਾਂ 'ਚੋਂ ਕਾਬਜ ਲਿਬਰਲ ਪਾਰਟੀ ਨੂੰ ਵਿਰੋਧੀ ਧਿਰ ਵਿਚ ਬੈਠਣ ਲਈ ਮਜਬੂਰ ਕਰ ਦਿੱਤਾ।

ਉਧਰ ਵਿਰੋਧੀ ਪਾਰਟੀਆਂ ਦੇ ਆਗੂਆਂ ਵਲੋਂ ਮੱਧਕਾਲੀ ਚੋਣ ਨੂੰ ਸੂਬੇ ਦੇ ਲੋਕਾਂ ਸਿਰ 17 ਕਰੋੜ ਦਾ ਬੇਲੋੜਾ ਬੋਝ ਪਾਉਣ ਅਤੇ ਸੂਬੇ ਦੇ ਵਾਤਾਵਰਣ ਦੀ ਖਰਾਬੀ ਨਾਲ ਜੁੜੇ ਗਰੀਨ ਬੈਲਟ ਘੁਟਾਲੇ ਵਜੋਂ ਜਾਣੇ ਜਾਂਦੇ 7400 ਏਕੜ ਭੂਮੀ ਘੁਟਾਲੇ ਮੁੱਦਾ ਚੁੱਕਿਆ ਜਾ ਰਿਹਾ ਹੈ।

ਚੋਣਾਂ ਦੇ ਜਨਤਕ ਐਲਾਨ ਤੋਂ ਪਹਿਲਾਂ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਆਗੂ ਤੇ ਮੁੱਖ ਮੰਤਰੀ ਡੱਗ ਫੋਰਡ ਸੂਬੇ ਦੀ ਲੈਫਟੀਨੈਂਟ ਗਵਰਨਰ ਮੈਡਮ ਐਡਿਥ ਡੂਮੋਂਟ ਨੂੰ ਮਿਲਣ ਗਏ ਤੇ ਵਿਧਾਨ ਸਭਾ ਭੰਗ ਕਰਕੇ ਮੱਧਕਾਲੀ ਚੋਣਾਂ ਕਰਾਉਣ ਦਾ ਬੇਨਤੀ ਪੱਤਰ ਦਿੱਤਾ। ਡੂਮੋਂਟ ਨੇ ਬੇਨਤੀ ਤੁਰੰਤ ਪ੍ਰਵਾਨ ਕਰਕੇ 27 ਫਰਵਰੀ ਨੂੰ ਚੋਣਾਂ ਦੀ ਤਜਵੀਜ ਪ੍ਰਵਾਨ ਕਰ ਲਈ।

ਪੱਤਰਕਾਰ ਸੰਮੇਲਨ ਵਿਚ ਡੱਗ ਫੋਰਡ ਨੇ ਕਿਹਾ ਕਿ ਇਹ ਚੋਣ ਨਹੀਂ, ਸਗੋਂ ਚਾਰ ਸਾਲਾਂ ਲਈ ਸੂਬੇ ਦੀ ਆਰਥਿਕਤਾ ਦੀ ਮਜਬੂਤੀ ਦੀ ਲੜਾਈ ਹੈ, ਜਿਸ ਵਿਚ ਉਹ ਇਹ ਯਕੀਨੀ ਬਣਾਉਣਗੇ ਕਿ ਸੂਬੇ ਦੀ ਆਰਥਿਕਤਾ ਉੱਤੇ ਬਾਹਰਲਿਆਂ ਦੇ ਹਮਲੇ ਨੂੰ ਪੂਰੀ ਤਾਕਤ ਨਾਲ ਪਛਾੜਿਆ ਜਾਵੇ। ਉਨ੍ਹਾਂ ਕਿਹਾ ਕਿ ਉਹ ਸੂਬੇ ਦੀ ਆਰਥਿਕਤਾ ਨੂੰ ਏਨਾ ਮਜਬੂਤ ਬਣਾਉਣਾ ਚਾਹੁੰਦੇ ਹਨ ਕਿ ਇਥੋਂ ਦਾ ਸਾਰਾ ਉਤਪਾਦਨ ਇੱਥੋਂ ਦੀ ਮੰਗ ਬਣ ਜਾਵੇ ਅਤੇ ਅਮਰੀਕਾ ਦਾ ਟੈਰਿਫ ਮਾਮਲਾ ਠੁੱਸ ਹੋਕੇ ਰਹਿ ਜਾਵੇ।

ਸਫਾ 1 ਦਾ ਬਾਕੀ

### ਭਾਰਤ ਵੱਲੋਂ 2023 ਦੇ ਸਾਨ ਫਰਾਂਸਿਸਕੋ ਕੌਂਸਲੇਟ ਹਮਲੇ...

ਹਮਲਾ ਹੋਇਆ, ਜਦੋਂ ਖਾਲਿਸਤਾਨੀ ਸਮਰਥਕਾਂ ਨੇ ਦੁਬਾਰਾ ਕੌਂਸਲੇਟ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ। ਦੋਵਾਂ ਹਮਲਿਆਂ ਤੋਂ ਬਾਅਦ, ਸਾਨ ਫਰਾਂਸਿਸਕੋ ਪੁਲਿਸ ਵਿਭਾਗ ਅਤੇ ਵਿਸ਼ੇਸ਼ ਕੂਟਨੀਤਕ ਸੁਰੱਖਿਆ ਕਰਮਚਾਰੀਆਂ ਸਮੇਤ ਸਥਾਨਕ ਅਧਿਕਾਰੀਆਂ ਅਤੇ ਸੰਘੀ ਏਜੰਸੀਆਂ ਦੁਆਰਾ ਜਾਂਚ ਸ਼ੁਰੂ ਕੀਤੀ ਗਈ ਸੀ।

ਜੈਸ਼ੰਕਰ ਦੇ ਬਿਆਨ ਉਦੋਂ ਆਏ, ਜਦੋਂ ਉਹ ਵਾਸ਼ਿੰਗਟਨ ਡੀ.ਸੀ. ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਨੁਮਾਇੰਦਗੀ ਕਰਨ ਲਈ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਡੋਨਾਲਡ ਟਰੰਪ ਦੇ ਉਦਘਾਟਨ ਸਮਾਰੋਹ ਵਿਚ ਸ਼ਾਮਲ ਹੋਏ। ਦੌਰੇ ਦੌਰਾਨ ਜੈਸ਼ੰਕਰ ਨੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਾਈਕ ਵਾਲਟਜ਼ ਸਮੇਤ ਪ੍ਰਮੁੱਖ ਅਮਰੀਕੀ ਅਧਿਕਾਰੀਆਂ ਨਾਲ ਦੁਵੱਲੀ ਬੈਠਕ ਕੀਤੀ। ਉਸਨੇ ਆਪਣੇ ਆਸਟ੍ਰੇਲੀਆਈ ਅਤੇ ਜਾਪਾਨੀ ਹਮਰੁਤਬਾ ਨਾਲ ਕਵਾਡ ਵਿਦੇਸ਼ ਮੰਤਰੀਆਂ ਦੀ ਮੀਟਿੰਗ ਵਿਚ ਵੀ ਹਿੱਸਾ ਲਿਆ।

# PUNJAB MAIL USA

TV Channel, Newspaper, Radio

All over America, Canada, Australia & Europe

24 Hours 7 Days



Gold # 2867, Gem # 375, TV Zon # 6888,

Glow TV # 1828, Tashan # 131, Real TV etc.

For any Information & Advertisement Call at

+1-916-320-9444

E-mail: punjabmailtv@gmail.com

Iphone/Andriod App : Punjab Mail USA

Web: punjabmailusa.com

Facebook Page : Punjab Mail USA

# ਜਰਖੜ ਖੇਡਾਂ ਦੇ 39 ਵਰ੍ਹੇ: ਪੰਜਾਬ ਦੀਆਂ ਪੇਂਡੂ ਖੇਡਾਂ ਦਾ ਮੱਕਾ-ਮਦੀਨਾ ਬਣ ਗਈਆਂ ਹਨ ਜਰਖੜ ਖੇਡਾਂ

## ਜਰਖੜ ਖੇਡਾਂ ਹੋਣਗੀਆਂ 7, 8 ਅਤੇ 9 ਫਰਵਰੀ 2025 ਨੂੰ

-ਜਰਖੜ ਖੇਡਾਂ 'ਤੇ ਵਿਸ਼ੇਸ਼ ਰਿਪੋਰਟ
ਯਾਦਵਿੰਦਰ ਸਿੰਘ ਤੂਰ
ਖੇਡ ਲੇਖਕ
ਪੰਜਾਬ ਮੇਲUSA

ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟ ਚੁੱਕੀਆਂ ਜਰਖੜ ਖੇਡਾਂ ਆਪਣੇ 39 ਵਰ੍ਹੇ ਪੂਰੇ ਕਰ ਚੁੱਕੀਆਂ ਹਨ। ਇਸ ਵਰ੍ਹੇ 37ਵੀਆਂ ਇਨਫੀਲਡ ਮੋਟਰ ਸਾਇਕਲ, ਕੋਕਾ ਕੋਲਾ, ਏਵਨ ਸਾਈਕਲ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 7-8-9 ਫਰਵਰੀ 2025 ਨੂੰ 6 ਕਰੋੜ ਦੀ ਲਾਗਤ ਨਾਲ ਮਾਤਾ ਸਾਹਿਬ ਕੌਰ ਸਪੋਰਟਸ ਕੰਪਲੈਕਸ ਜਰਖੜ ਵਿਚ ਹੋ ਰਹੀਆਂ ਹਨ।

ਖੇਡਾਂ ਪ੍ਰਤੀ ਸੁਹਿਰਦ ਲੋਕਾਂ, ਸਪਾਂਸਰ ਅਤੇ ਪ੍ਰਵਾਸੀ ਖੇਡ ਪ੍ਰਮੋਟਰਾਂ ਨੂੰ ਇਹ ਲੇਖ ਲਿਖਣ ਤੋਂ ਪਹਿਲਾ ਇੱਕ ਬੇਨਤੀ ਕਰਾਂਗਾ ਕਿ ਜੇਕਰ ਉਹ ਵਾਕਿਆ ਹੀ ਪੰਜਾਬ ਦੀਆਂ ਖੇਡਾਂ ਪ੍ਰਤੀ ਚਿੰਤਤ ਹਨ, ਤਾਂ ਜਰਖੜ ਖੇਡ ਸਟੇਡੀਅਮ ਦਾ ਇੱਕ ਵਾਰ ਗੇੜਾ ਜ਼ਰੂਰ ਮਾਰ ਕੇ ਆਉਣ। ਪਿੰਡ ਜਰਖੜ ਲੁਧਿਆਣਾ ਤੋਂ 12 ਕਿਲੋਮੀਟਰ ਦੂਰ ਮਲੇਰਕੋਟਲਾ ਰੋਡ ਨੇੜੇ ਆਲਮਗੀਰ ਸਾਹਿਬ ਨੇੜੇ ਗੁਰੂ ਗੋਬਿੰਦ ਸਿੰਘ ਮਾਰਗ 'ਤੇ ਸਥਿਤ ਹੈ। 2 ਕੁ ਹਜ਼ਾਰ ਦੀ ਆਬਾਦੀ ਵਾਲੇ ਇਸ ਪਿੰਡ ਨੇ ਖੇਡਾਂ ਦੇ ਖੇਤਰ ਵਿਚ ਆਪਣੀ ਪਹਿਚਾਣ ਪੂਰੀ ਦੁਨੀਆਂ ਵਿਚ ਬਣਾ ਲਈ ਹੈ। ਖੇਡਾਂ ਤੋਂ ਇਲਾਵਾ ਵਿਰਾਸਤ ਨਾਲ ਸੰਬੰਧਿਤ ਇੱਕ ਅਜੂਬਾ "ਜੰਨਤ ਏ ਜਰਖੜ" ਦਾ ਨਜ਼ਾਰਾ ਵੀ ਵੇਖਣ ਵਾਲਾ ਹੈ।

ਗੱਲ ਕਰੀਏ ਜਰਖੜ ਖੇਡਾਂ ਦੀ ਕਿ 1986 'ਚ 1200 ਰੁਪਏ ਦੇ ਬਜਟ ਨਾਲ ਅਤੇ ਨਿੱਕੇ ਜਿਹੇ ਗਰਾਊਂਡ 'ਚ ਹੋਈ ਖੇਡਾਂ ਦੀ ਸ਼ੁਰੂਆਤ ਨੇ ਅੱਜ ਪੰਜਾਬ ਦਾ ਹੀ ਨਹੀਂ, ਸਗੋਂ ਮੁਲਕ ਦਾ ਇੱਕ ਅਜਿਹਾ ਨਿਵੇਕਲਾ ਸਟੇਡੀਅਮ ਜੋ ਮਾਤਾ ਸਾਹਿਬ ਕੌਰ ਦੇ ਨਾਮ 'ਤੇ ਹੈ, ਆਪਣੀ ਨਵੀਂ ਬਣਤਰ ਨਾਲ ਪੰਜਾਬ ਦੇ ਪੇਂਡੂ ਖੇਡ ਮੇਲਿਆਂ ਦਾ ਇੱਕ ਅਜੂਬਾ ਬਣ ਗਿਆ ਹੈ।

ਜਰਖੜ ਖੇਡਾਂ ਦੀ ਸਭ ਤੋਂ ਵੱਡੀ ਖਾਸੀਅਤ ਹੈ ਕਿ ਇਨ੍ਹਾਂ ਖੇਡਾਂ 'ਚ ਉਲੰਪਿਕ ਪੱਧਰ ਅਤੇ ਸਕੂਲੀ ਖੇਡਾਂ ਨੂੰ ਹੀ ਉਤਸ਼ਾਹਿਤ ਕੀਤਾ ਜਾਂਦਾ ਹੈ। ਸਟੇਡੀਅਮ ਵਿਚ ਇੱਕੋਂ ਸਮੇਂ ਬੈਠਿਆਂ ਦਾ 8 ਖੇਡਾਂ ਆਨੰਦ ਮਾਣਿਆ ਜਾ ਸਕਦਾ ਹੈ। ਇਨ੍ਹਾਂ ਖੇਡਾਂ ਵਿਚ ਆਮ ਤੌਰ 'ਤੇ ਕਬੱਡੀ, ਹਾਕੀ, ਫੁੱਟਬਾਲ, ਹੈਂਡਬਾਲ, ਬਾਸਕਟਬਾਲ, ਵਾਲੀਬਾਲ, ਸ਼ੂਟਿੰਗ, ਕੁਸ਼ਤੀਆਂ, ਸਾਈਕਲਿੰਗ, ਰੱਸਾਕਸ਼ੀ, ਅਥਲੈਟਿਕਸ ਆਦਿ ਖੇਡਾਂ ਦੇ ਮੁਕਾਬਲੇ ਹੁੰਦੇ ਹਨ। ਇਸੇ ਕਰਕੇ ਇਨ੍ਹਾਂ ਖੇਡਾਂ ਨੂੰ ਪੰਜਾਬ ਦੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਖੇਡਾਂ ਵਜੋਂ ਪਹਿਚਾਣ ਮਿਲੀ ਹੈ।

ਸਾਲ 2003 ਮਾਰਚ ਤੋਂ ਜਰਖੜ ਸਟੇਡੀਅਮ ਬਣਨਾ ਸ਼ੁਰੂ ਹੋਇਆ, ਅੱਜ ਇਸ ਵਿਚ ਐਸਟਰੋਟਰਫ ਹਾਕੀ ਮੈਦਾਨ, ਗਰਾਸ ਹਾਕੀ, ਦੋ ਵਾਲੀਬਾਲ ਕੋਰਟ, ਹੈਂਡਬਾਲ ਅਤੇ ਬਾਸਕਟਬਾਲ ਕੋਰਟ, ਕਬੱਡੀ ਅਤੇ ਕੁਸ਼ਤੀਆਂ ਦੇ ਵਧੀਆ ਮੈਦਾਨ ਬਣੇ ਹੋਏ ਹਨ। ਤਿੰਨ ਪ੍ਰਮੁੱਖ ਵੱਡੀਆਂ ਸਟੇਜਾਂ, ਸਟੇਡੀਅਮ ਵਿਚ ਤਿੰਨ ਦਰਜਨ ਦੇ ਕਰੀਬ ਕਮਰੇ, ਜਿੰਮ, ਫੋਟੋ ਗੈਲਰੀ, ਆਧੁਨਿਕ ਸਹੂਲਤਾਂ ਵਾਲਾ ਦਫਤਰ, ਸਟੂਡੀਓ ਰੂਮ ਆਦਿ ਬਣੇ ਹੋਏ ਹਨ। ਜਰਖੜ ਸਟੇਡੀਅਮ ਪੰਜਾਬ ਦਾ ਪਹਿਲਾ ਇੱਕੋ ਇੱਕ ਸਟੇਡੀਅਮ ਹੈ, ਜਿੱਥੇ ਫਲੱਡ ਲਾਈਟਾਂ ਦੀ ਸਹੂਲਤ ਵੀ ਉਪਲਬਧ ਹੈ ਤੇ ਇਸ ਤੋਂ ਇਲਾਵਾ ਸਟੇਡੀਅਮ ਵਿਚ ਬਣੀ ਫੋਟੋ ਗੈਲਰੀ ਵਿਚ ਪੁਰਾਣੀਆਂ ਖੇਡਾਂ ਦੀਆਂ ਯਾਦਗਾਰਾਂ ਧਿਆਨ ਚੰਦ ਤੋਂ ਲੈ ਕੇ ਨਾਮੀ ਖਿਡਾਰੀਆਂ ਦੀਆਂ ਤਸਵੀਰਾਂ ਜਰਖੜ ਖੇਡਾਂ ਨਾਲ ਸਬੰਧਤ ਵੱਡੀਆਂ ਤਸਵੀਰਾਂ ਸਟੇਡੀਅਮ ਦੀ ਸ਼ਾਨ ਨੂੰ ਵਧਾ ਰਹੀਆਂ ਹਨ। ਇਸ ਤੋਂ ਇਲਾਵਾ 7 ਉੱਘੀਆਂ ਖੇਡ ਸ਼ਖਸੀਅਤਾਂ ਜਿਨ੍ਹਾਂ ਵਿਚ ਫਲਾਇੰਗ ਸਿੱਖ ਮਿਲਖਾ ਸਿੰਘ, ਹਾਕੀ ਦਾ ਜਾਦੂਗਰ ਧਿਆਨ ਚੰਦ, ਉਲੰਪੀਅਨ ਸੁਰਜੀਤ ਸਿੰਘ ਰੰਧਾਵਾ, ਉਲੰਪੀਅਨ ਪ੍ਰਿਥੀਪਾਲ ਸਿੰਘ, ਪਹਿਲੇ ਸਿੱਖ ਜਿਨ੍ਹਾਂ ਨੇ ਚਾਰ ਉਲੰਪਿਕਾਂ ਖੇਡਣ ਦਾ ਮਾਣ ਹਾਸਲ ਕੀਤਾ ਉਲੰਪੀਅਨ ਊਧਮ ਸਿੰਘ, ਖੇਡ ਪ੍ਰਮੋਟਰ ਅਮਰਜੀਤ ਸਿੰਘ ਗਰੇਵਾਲ ਗੁੱਜਰਵਾਲ, ਕਬੱਡੀ ਖਿਡਾਰੀ ਸਵ: ਮਾਣਕ ਜੋਧਾ ਦੇ ਆਦਮਕੱਦ ਬੁੱਤ ਸਥਾਪਿਤ ਕੀਤੇ ਗਏ ਹਨ। ਇਸ ਤੋਂ ਇਲਾਵਾ ਸੈਵਨ-ਏ ਸਾਈਡ ਨੀਲੇ ਰੰਗ ਦੀ ਐਸਟਰੋਟਰਫ ਜੋ ਆਪਣੇ ਹੀਲੇ ਵਸੀਲੇ ਨਾਲ ਲਗਵਾਈ ਹੈ, ਸਟੇਡੀਅਮ ਦੀ ਸ਼ੋਭਾ ਨੂੰ ਵਧਾ ਰਹੀ ਹੈ।

ਸਾਲ 2006 ਵਿਚ ਅਪ੍ਰੈਲ ਦੇ ਵਿਚ ਜਰਖੜ ਵਿਖੇ ਹਾਕੀ ਅਕੈਡਮੀ ਦੀ ਸਥਾਪਨਾ ਹੋਈ, ਜਰਖੜ ਅਕੈਡਮੀ 'ਚ ਇਸ ਵੇਲੇ 80 ਦੇ ਕਰੀਬ ਖਿਡਾਰੀ ਹਾਕੀ ਦੀ ਟ੍ਰੇਨਿੰਗ ਲੈ ਰਹੇ ਹਨ। ਸਾਰੇ ਹੀ ਖਿਡਾਰੀ ਗਰੀਬ ਘਰਾਂ ਨਾਲ ਸਬੰਧਤ ਹਨ। ਪਿਛਲੇ 1 ਦਹਾਕੇ 'ਚ 300 ਦੇ ਕਰੀਬ ਸਕੂਲ ਨੈਸ਼ਨਲ ਤੇ 60 ਤੋਂ ਵੱਧ ਕੌਮੀ ਪੱਧਰ ਦੇ ਮੁਕਾਬਲੇ ਖੇਡ ਚੁੱਕੇ ਹਨ। ਹੁਣ ਤੱਕ ਵੱਖ-ਵੱਖ ਵਿਭਾਗਾਂ 'ਚ 40 ਦੇ ਕਰੀਬ ਖਿਡਾਰੀਆਂ ਨੂੰ ਸਰਕਾਰੀ ਵਿਭਾਗਾਂ ਵਿਚ ਨੌਕਰੀ ਮਿਲ ਚੁੱਕੀ ਹੈ। ਉੱਤਰ ਭਾਰਤ ਦੇ ਸਾਰੇ ਪ੍ਰਮੁੱਖ ਟੂਰਨਾਮੈਂਟਾਂ 'ਚ ਜਰਖੜ ਅਕਾਦਮੀ ਦੇ ਖਿਡਾਰੀ ਆਪਣੀ ਪਹਿਚਾਣ ਨੂੰ ਦਰਸਾ ਰਹੇ ਹਨ।

ਜਰਖੜ ਖੇਡਾਂ, ਸਟੇਡੀਅਮ ਤੇ ਅਕਾਦਮੀ ਨੂੰ ਇਸ ਮੁਕਾਮ 'ਤੇ ਪਹੁੰਚਦਿਆਂ ਬਹੁਤ ਵੱਡੀਆਂ ਆਫਤਾਂ ਵੀ ਆਈਆਂ ਤੇ ਹਰ ਰੋਜ਼ ਕੋਈ ਨਵੀਂ ਤੋਂ ਨਵੀਂ ਸਮੱਸਿਆ ਆਉਂਦੀ ਹੈ ਪਰ ਪ੍ਰਮਾਤਮਾ ਦੀ ਮਿਹਰ ਸਦਕਾ ਅੱਜ ਜਰਖੜ ਖੇਡਾਂ ਬੁਲੰਦੀਆਂ ਵੱਲ ਵਧ ਰਹੀਆਂ ਹਨ। ਪੰਜਾਬ ਦੇ ਨਾਮੀ ਗਾਇਕ ਹਰਭਜਨ ਮਾਨ, ਜੈਜੀ ਬੀ, ਦਿਲਜੀਤ ਦੋਸਾਂਝ, ਮਨਮੋਹਣ ਵਾਰਿਸ, ਦੇਬੀ ਮਖਸੂਸਪੁਰੀ, ਹਰਜੀਤ ਹਰਮਨ, ਕੰਵਰ ਗਰੇਵਾਲ ਨੇ ਜਰਖੜ ਸਟੇਡੀਅਮ ਤੋਂ ਪ੍ਰਭਾਵਿਤ ਹੋ ਕੇ ਵੱਖ-ਵੱਖ ਸਮੇਂ ਦੌਰਾਨ ਮੁਫਤ ਅਖਾੜੇ ਵੀ ਲਗਾਏ। ਇਨ੍ਹਾਂ ਸਾਰਿਆਂ ਦੇ ਯੋਗਦਾਨ ਸਦਕਾ ਜਰਖੜ ਖੇਡ ਅਕਾਦਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਆਪਣੀ ਦਿਨ-ਰਾਤ ਦੀ ਮਿਹਨਤ ਨਾਲ ਸਟੇਡੀਅਮ ਨੂੰ ਪੂਰੇ ਵਿਸ਼ਵ 'ਚ ਰੁਸ਼ਨਾਉਣ ਦਾ ਜ਼ੋਰ ਲਗਾ ਰਹੇ ਹਨ। ਜਿਸਦੀ ਮਿਸਾਲ ਜਰਖੜ ਪਿੰਡ ਦੇ ਸਟੇਡੀਅਮ 'ਚ ਪਹੁੰਚਦਿਆਂ ਹੀ ਪਤਾ ਚੱਲਦਾ ਹੈ। ਇਸ ਵਰ੍ਹੇ ਦੀਆਂ ਜਰਖੜ ਖੇਡਾਂ ਜੋ 7-8-9 ਫਰਵਰੀ 2025 ਨੂੰ ਹੋ ਰਹੀਆਂ ਹਨ। ਕਬੱਡੀ ਓਪਨ ਦਾ ਕੱਪ ਪੁਰਾਣੇ ਕਬੱਡੀ ਖਿਡਾਰੀ ਅਤੇ ਖੇਡਾਂ ਨੂੰ ਸਮਰਪਿਤ ਉੱਘੀ ਸ਼ਖਸੀਅਤ ਸਵਰਗੀ ਨਾਇਬ ਸਿੰਘ ਗਰੇਵਾਲ ਯੋਧਾਂ ਦੀ ਯਾਦ ਨੂੰ ਸਮਰਪਿਤ ਹੋਵੇਗਾ। ਇਸਦੇ ਨਾਲ ਹੀ ਮਾਤਾ ਸਾਹਿਬ ਕੌਰ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਵਿਧਾਇਕ ਜੀਵਨ ਸਿੰਘ ਸੰਗੋਵਾਲ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ, ਕਬੱਡੀ ਪ੍ਰਮੋਟਰ ਮੋਹਣਾ ਜੋਧਾਂ ਸਿਆਟਲ, ਦਲਜੀਤ ਸਿੰਘ ਜਰਖੜ ਕੈਨੇਡਾ, ਜਗਦੀਪ ਸਿੰਘ ਕਾਹਲੋਂ, ਬਲਵੀਰ ਸਿੰਘ ਹੀਰ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਸਾਬੀ ਕੂਨਰ ਕੈਨੇਡਾ, ਪਰਮਜੀਤ ਸਿੰਘ ਨੀਟੂ, ਸ਼ਿੰਗਾਰਾ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਦੁਪਿੰਦਰ ਸਿੰਘ ਡਿੰਪੀ, ਪਹਿਲਵਾਨ ਹਰਮੇਲ ਸਿੰਘ ਕਾਲਾ, ਪ੍ਰੋ. ਰਜਿੰਦਰ ਸਿੰਘ, ਹਰਦੇਵ ਸਿੰਘ ਦੁਲੇਅ ਆਦਿ ਹੋਰ ਨੇੜਲੇ ਸਾਥੀ ਅਤੇ ਪੂਰੀ ਟੀਮ ਵੱਲੋਂ ਖੇਡਾਂ ਦੀ ਕਾਮਯਾਬੀ ਲਈ ਤਨ, ਮਨ, ਧਨ ਨਾਲ ਆਪਣਾ ਸਹਿਯੋਗ ਦਿੱਤਾ ਜਾ ਰਿਹਾ ਹੈ।

ਇਸ ਵਾਰ ਇਨ੍ਹਾਂ ਖੇਡਾਂ ਵਿਚ ਹਾਕੀ (ਮਰਦ ਤੇ ਇਸਤਰੀਆਂ) ਹਾਕੀ ਅੰਡਰ 15 ਸਾਲ ਮੁੰਡੇ, ਕੁਸ਼ਤੀਆਂ, ਰੱਸਾਕਸੀ ਸਕੂਲੀ ਪੱਧਰ, ਵਾਲੀਵਾਲ, ਫੁੱਟਬਾਲ ਖੇਡਾਂ ਦੇ ਮੁਕਾਬਲੇ ਹੋਣਗੇ। ਖੇਡਾਂ ਦੇ ਫਾਈਨਲ ਸਮਾਰੋਹ 'ਤੇ ਸਿੱਖਿਆ ਤੇ ਖੇਡਾਂ ਦੇ ਖੇਤਰ ਵਿਚ ਸੇਵਾ ਕਰਨ ਵਾਲੀਆਂ 5 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ, ਜਿਨਾਂ ਨੂੰ ਵੱਖ-ਵੱਖ ਖੇਡ ਐਵਾਰਡਾਂ ਦੇ ਨਾਲ ਸਨਮਾਨਿਤ ਕੀਤਾ ਜਾਵੇਗਾ।













### ਜਰਖੜ ਖੇਡਾਂ 'ਤੇ ਹੋਵੇਗਾ 6 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ

ਖੇਡਾਂ ਦਾ ਉਦਘਾਟਨੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ। ਖੇਡਾਂ ਦੇ ਫਾਈਨਲ ਸਮਾਰੋਹ 'ਤੇ 9 ਫਰਵਰੀ ਨੂੰ ਜਿੱਥੇ ਵੱਖ-ਵੱਖ ਖੇਡਾਂ ਦੇ ਫਾਈਨਲ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ, ਉੱਥੇ ਉੱਘੇ ਲੋਕ ਗਾਇਕਾਂ ਦਾ ਖੁੱਲ੍ਹਾ ਅਖਾੜਾ ਵੀ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ, ਜਿਸ ਵਿਚ ਲੋਕ ਗਾਇਕ ਜੈਜੀ ਬੀ, ਗਿੱਲ ਹਰਦੀਪ, ਨਿਰਮਲ ਸਿੱਧੂ ਯੂ.ਕੇ., ਕਮਲ ਗਰੇਵਾਲ, ਹਰਫ਼ ਚੀਮਾ, ਨੀਟੂ ਸ਼ਟਰਾਂ ਵਾਲਾ ਆਦਿ ਹੋਰ ਨਾਮੀ ਗਾਇਕ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇਸ ਮੌਕੇ 'ਤੇ ਉੱਘੀਆਂ 6 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਹੋਵੇਗਾ, ਜਿਸ ਵਿਚ ਪੱਤਰਕਾਰ ਸਵਰਨ ਟਹਿਣਾ, ਜ਼ਿਲਾ ਸਿੱਖਿਆ ਅਫਸਰ ਸ਼੍ਰੀਮਤੀ ਰਵਿੰਦਰ ਕੌਰ, ਲੋਕ ਗਾਇਕ ਜਸਵੰਤ ਸੰਦੀਲਾ, ਹਾਕੀ ਉਲੰਪੀਅਨ ਬਲਵਿੰਦਰ ਸਿੰਘ ਸੰਮੀ, ਖੇਡ ਲੇਖਕ ਨਵਦੀਪ ਸਿੰਘ ਗਿੱਲ ਨੂੰ ਵੱਖ-ਵੱਖ ਐਵਾਰਡਾਂ ਨਾਲ ਸਨਮਾਨਿਤ ਕੀਤਾ ਜਾਵੇਗਾ।

ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 2025 ਦੇ ਇਸ ਵਰ੍ਹੇ ਇਤਿਹਾਸ ਦਾ ਇੱਕ ਹੋਰ ਨਵਾਂ ਪੰਨਾ ਜੋੜਨਗੀਆਂ, ਜੋ ਕਿ ਖਿਡਾਰੀਆਂ ਅਤੇ ਦਰਸ਼ਕਾਂ ਲਈ ਇੱਕ ਪ੍ਰੇਰਨਾ ਸਰੋਤ ਹੋਣਗੀਆਂ। ਗੁਰੂ ਭਲੀ ਕਰੇ, ਰੱਬ ਰਾਖਾ।


# ਵਿਸ਼ਵ ਪੰਜਾਬੀ ਕਾਨਫ਼ਰੰਸ ਲਾਹੌਰ : ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਵਿਰਾਸਤੀ ਗਲਵਕੜੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲUSA

ਸਾਹਿਤ, ਸੰਗੀਤ ਤੇ ਸਲੀਕਾ ਰੂਹ ਦੀ ਖ਼ੁਰਾਕ ਹੁੰਦੇ ਹਨ। ਇਸ ਰੂਹ ਦੀ ਖ਼ੁਰਾਕ ਦਾ ਮਾਧਿਅਮ ਬੋਲੀ ਹੁੰਦੀ ਹੈ। ਕਿਸੇ ਦੀ ਦੇਸ਼ ਦਾ ਸੱਭਿਆਚਾਰ ਉਸ ਦੇਸ਼ ਦੀ ਖ਼ੁਸ਼ਹਾਲੀ ਤੇ ਸੁੰਦਰਤਾ ਦਾ ਪ੍ਰਤੀਕ ਹੁੰਦਾ ਹੈ। ਸੱਭਿਆਚਾਰ ਵਿਚ ਭਾਵੇਂ ਖਾਣ-ਪੀਣ, ਰਹਿਣ-ਸਹਿਣ, ਪਹਿਰਾਵਾ ਅਤੇ ਹੋਰ ਬਹੁਤ ਕੁਝ ਸ਼ਾਮਲ ਹੁੰਦਾ ਹੈ ਪ੍ਰੰਤੂ ਸਾਹਿਤ ਤੇ ਸੰਗੀਤ ਇਸਦੇ ਬਹੁਤ ਹੀ ਮਹੱਤਵਪੂਰਨ ਅੰਗ ਹੁੰਦੇ ਹਨ, ਜਿਹੜੇ ਮਨੁੱਖ ਦੀ ਮਾਨਸਿਕ ਤ੍ਰਿਪਤੀ ਕਰਦੇ ਹਨ। ਜਿਹੜਾ ਮਨੁੱਖ ਮਾਨਸਿਕ ਤੌਰ 'ਤੇ ਮਜ਼ਬੂਤ ਹੋਵੇਗਾ, ਉਸਦਾ ਵਿਵਹਾਰ, ਰਹਿਣ-ਸਹਿਣ ਅਤੇ ਮੇਲ-ਮਿਲਾਪ ਸਮਾਜ ਵਿਚ ਸਦਭਾਵਨਾ ਪੈਦਾ ਕਰੇਗਾ। ਇਸ ਸਦਭਾਵਨਾ ਦੀ ਮੂੰਹ ਬੋਲਦੀ ਤਸਵੀਰ ਤਿੰਨ ਰੋਜ਼ਾ 18 ਜਨਵਰੀ 2025 ਤੋਂ 21 ਜਨਵਰੀ 2025 ਤੱਕ ਪਾਕਿਸਤਾਨ ਦੇ ਲਾਹੌਰ ਸ਼ਹਿਰ ਦੇ 'ਪਾਕਿ ਹੈਰੀਟਾਈਜ ਡੈਵਿਸ ਹੋਟਲ' ਵਿਚ ਆਯੋਜਿਤ ਵਿਸ਼ਵ ਪੰਜਾਬੀ ਕਾਨਫ਼ਰੰਸ ਵੇਖਣ ਨੂੰ ਮਿਲਦੀ ਰਹੀ। ਇਹ ਕਾਨਫ਼ਰੰਸ ਪੰਜਾਬੀ ਸੱਭਿਆਚਾਰ ਦੀ ਵਿਲੱਖਣ ਤਸਵੀਰ ਪੇਸ਼ ਕਰਦੀ ਹੋਈ ਆਪਸੀ, ਪਿਆਰ, ਸਤਿਕਾਰ, ਸਲੀਕਾ ਅਤੇ ਮਿਲਵਰਤਨ ਦਾ ਪ੍ਰਤੀਕ ਬਣਕੇ ਸਾਹਮਣੇ ਆਈ ਹੈ। ਇੱਕ ਕਿਸਮ ਨਾਲ ਦੋ ਦੇਸ਼ਾਂ ਦੇ ਰਾਜਦੂਤਾਂ ਦੀ ਕਾਨਫਰੰਸ ਬਣ ਗਈ ਸੀ। ਇਸ ਕਾਨਫ਼ਰੰਸ ਤੋਂ ਇਉਂ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਜੁਗਾਂ ਤੋਂ ਵਿਛੜੇ ਵਿਰਾਸਤੀ ਪਰਿਵਾਰ ਮੁੜ ਆਪਣੀ ਵਿਰਾਸਤ ਨਾਲ ਇੱਕਮਿਕ ਹੋ ਕੇ ਗਲਵਕੜੀ ਪਾ ਰਹੇ ਹੋਣ। ਇਹ ਵੀ ਲੱਗ ਰਿਹਾ ਸੀ, ਜਿਵੇਂ ਪੰਜਾਬ ਦੇ ਵਿਰਾਸਤੀ ਪਿੰਡ ਵਿਚ ਮੇਲਾ ਲੱਗਿਆ ਹੋਵੇ, ਜਿਸ ਵਿਚ ਸੰਗੀਤ ਦੀ ਛਹਿਬਰਾਂ ਲੱਗੀਆਂ ਹੋਣ, ਜੋ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਦੀ ਤਰਜਮਾਨੀ ਕਰਦੀਆਂ ਸਨ। ਪ੍ਰੇਮ ਪਿਆਰ ਦੇ ਵਹਿਣ ਵਿਚ ਵਹਿੰਦਿਆਂ ਪੰਜਾਬੀ ਦੇ ਪ੍ਰੇਮੀ ਸੱਭਿਆਚਾਰ ਦੀ ਵਿਰਾਸਤ ਵਿਚ ਡੁਬਕੀਆਂ ਲਾਉਣ ਲੱਗ ਗਏ।

ਦੋਹਾਂ ਪੰਜਾਬਾਂ ਦੇ ਫ਼ਨਕਾਰਾਂ ਨੇ ਸਾਂਝੀਵਾਲਤਾ ਦੇ ਗੀਤਾਂ ਨਾਲ ਐਸਾ ਰੰਗ ਬੰਨ੍ਹਿਆਂ ਕਿ ਦਰਸ਼ਕ ਸਰਸ਼ਾਰ ਹੋ ਕੇ ਭਾਵੁਕਤਾ ਦੇ ਵਹਿਣ ਵਿਚ ਵਹਿ ਗਏ। ਹਰਵਿੰਦਰ ਦਾ ਗੀਤ ਜਾਰੀ ਕੀਤਾ ਗਿਆ। ਪੰਮੀ ਬਾਈ ਅਤੇ ਆਰਿਫ਼ ਲੋਹਾਰ ਦੀ ਜੁਗਲਬੰਦੀ ਨੇ ਪੁਰਾਤਨ ਵਿਰਾਸਤ ਨੂੰ ਯਾਦ ਕਰਵਾ ਦਿੱਤਾ। ਸੁਖੀ ਬਰਾੜ, ਡੌਲੀ ਗੁਲੇਰੀਆ, ਪੰਮੀ ਬਾਈ, ਸਤਨਾਮ ਪੰਜਾਬੀ, ਆਰਿਫ਼ ਲੋਹਾਰ, ਅਕਰਮ ਰਾਹੀ, ਇਮਰਾਨ ਸ਼ੌਕਤ ਅਲੀ, ਖਤੀਜਾ, ਅਸਲਮ ਬਾਹੂ ਵੀਰ ਸਿਪਾਹੀ ਦੇ ਗੀਤਾਂ ਨੂੰ ਸੁਣਕੇ ਪੰਜਾਬੀਆਂ ਦੇ ਚਿਹਰੇ ਟਹਿਕਣ ਲੱਗ ਪਏ। ਬਾਬਾ ਨਜਮੀ ਨੇ 'ਇਕਬਾਲ ਪੰਜਾਬੀ ਦਾ' ਗਾ ਕੇ ਅਤੇ ਇਲਿਆਸ ਘੁੰਮਣ ਨੇ ਸੰਵੇਦਨਸ਼ੀਲ ਤਕਰੀਰ ਕਰਕੇ ਜੋਸ਼ ਭਰ ਦਿੱਤਾ। ਤ੍ਰੈਲੋਚਨ ਲੋਚੀ ਨੇ ਬਹੁਤ ਹੀ ਭਾਵਪੂਰਤ ਢੰਗ ਨਾਲ 'ਜ਼ਾਲਮ ਕਹਿਣ ਬਲਾਵਾਂ ਹੁੰਦੀਆਂ, ਕੁੜੀਆਂ ਤਾਂ ਕਵਿਤਾਵਾਂ ਹੁੰਦੀਆਂ' ਨਾਲ ਮਾਹੌਲ ਭਾਵੁਕ ਕਰ ਦਿੱਤਾ। ਇਸ ਭਾਈਚਾਰਕ ਸਾਂਝ ਵਿਚ ਸਾਹਿਤ, ਕਲਾ, ਸੰਗੀਤ, ਪੱਤਰਕਾਰੀ, ਅਦਾਕਾਰੀ ਅਤੇ ਵਿਦਵਤਾ ਦੇ ਮੁਜੱਸਮੇ ਅਦੀਬ ਆਪਣੇ ਦਿਲ ਦੀਆਂ ਕੁੰਦਰਾਂ ਵਿਚੋਂ ਖ਼ੁੱਸੀਆਂ ਯਾਦਾਂ ਨੂੰ ਤਾਜ਼ਾ ਕਰਦੇ ਹੋਏ ਆਨੰਦਿਤ ਹੋ ਰਹੇ ਸਨ। ਪੰਜਾਬ ਤੇ ਪੰਜਾਬੀਅਤ ਦਾ ਝੰਡਾ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਅਦੀਬਾਂ ਨੇ ਬੁਲੰਦ ਕੀਤਾ। ਇਸ ਕਾਨਫ਼ਰੰਸ ਵਿਚ ਪੰਜਾਬੀ ਭਾਸ਼ਾ ਦੀ ਸ਼ੁਰੂਆਤ ਕਰਕੇ ਇਸਨੂੰ ਅਮੀਰ ਕਰਨ ਵਾਲੇ ਸੂਫ਼ੀਇਜ਼ਮ ਸਾਹਿਤ ਦੇ ਧੁਰੰਦਰ ਵਿਦਵਾਨਾਂ ਦੀ ਸਾਹਿਤਕ ਦੇਣ ਨੂੰ ਸਲਾਮ ਕਰਦਿਆਂ ਸੰਜੀਦਾ ਪਰਿਚਰਚਾ ਕੀਤੀ ਗਈ। ਸੁਖਦੇਵ ਸਿੰਘ ਸਿਰਸਾ ਅਤੇ ਡਾ. ਸੁਜਿੰਦਰ ਸਿੰਘ ਸੰਘਾ ਨੇ ਸੂਫ਼ੀਇਜ਼ਮ 'ਤੇ ਖੋਜੀ ਪਰਚੇ ਪੜ੍ਹੇ, ਜਿਨ੍ਹਾਂ 'ਤੇ ਭਰਪੂਰ ਚਰਚਾ ਹੋਈ। 34ਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਵਿਚ ਭਾਰਤ ਤੋਂ 65 ਸੰਗੀਤ, ਸਾਹਿਤ ਤੇ ਕਲਾ ਪ੍ਰੇਮੀਆਂ ਦਾ ਕਾਫ਼ਲਾ ਹੁੰਮ-ਹੁੰਮਾ ਕੇ ਤੇ ਗੱਜ ਵਜਾਕੇ ਪਹੁੰਚਿਆ ਸੀ, ਜਿਵੇਂ ਉਹ ਨਾਨਕ ਛੱਕ 'ਤੇ ਗਏ ਹੋਏ ਗਦ-ਗਦ ਹੋ ਰਹੇ ਹੋਣ। ਦੂਜੇ ਪਾਸੇ ਵੀ ਆਪਣੇ ਪੇਕਿਆਂ ਦੇ ਮੇਲ ਨੂੰ ਦਿਲ ਦੇ ਢੋਲਕੀ ਛੈਣਿਆਂ ਨਾਲ ਤੇਲ 'ਚੋ ਕੇ ਸੁਆਗਤ ਕੀਤਾ ਗਿਆ। ਦੋਹਾਂ ਪਾਸਿਆਂ ਦੇ ਅਦੀਬਾਂ ਨੂੰ ਚਾਅ ਚੜ੍ਹਿਆ ਪਿਆ ਸੀ, ਜਿਵੇਂ ਨਜ਼ਦੀਕੀ ਸੰਬੰਧੀ ਦੇ ਵਿਆਹ ਦਾ ਆਨੰਦ ਮਾਣ ਰਹੇ ਹੋਣ। ਚੜ੍ਹਦੇ ਪੰਜਾਬ ਦੇ ਜਥੇ ਦੀ ਅਗਵਾਈ ਭਾਰਤੀ ਚੈਪਟਰ ਦੇ ਕੋਆਰਡੀਨੇਟਰ ਸਹਿਜਪ੍ਰੀਤ ਸਿੰਘ ਮਾਂਗਟ, ਭਾਰਤੀ ਚੈਪਟਰ ਦੇ ਚੇਅਰਮੈਨ ਡਾ. ਦੀਪਕ ਮਨਮੋਹਨ ਸਿੰਘ ਅਤੇ ਉੱਘੇ ਕਵੀ ਅਤੇ ਪੰਜਾਬੀ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਕਰ ਰਹੇ ਸਨ। ਪ੍ਰੇਮੀਆਂ ਦਾ ਇਹ ਕਾਫ਼ਲਾ ਪਾਕਿਸਤਾਨ ਦੇ ਸਾਬਕਾ ਵਜ਼ੀਰ ਫ਼ਖ਼ਰ ਜ਼ਮਾਨ ਦੇ ਸੱਦੇ 'ਤੇ ਲਾਹੌਰ ਪਹੁੰਚਿਆ ਸੀ। ਅਨੀਤਾ ਸ਼ਬਦੀਸ਼ ਨੇ ਬਹੁਤ ਹੀ ਭਾਵਪੂਰਤ ਨਾਟਕ 'ਗੁੰਮਸ਼ੁਦਾ ਔਰਤ' ਜੋ ਔਰਤਾਂ ਦੇ ਸ਼ਸ਼ਤੀਕਰਨ ਦਾ ਸੰਦੇਸ਼ ਦਿੰਦਾ ਸੀ, ਖੇਡਿਆ ਗਿਆ, ਜਿਸਨੇ ਦੋਵਾਂ ਦੇਸ਼ਾਂ ਦੇ ਪੰਜਾਬੀ ਪ੍ਰੇਮੀਆਂ ਦੀਆਂ ਅੱਖਾਂ ਵਿਚ ਪਿਆਰ ਦੇ ਹੰਝੂ ਵਹਿਣ ਲਾ ਦਿੱਤੇ। ਲਾਹੌਰ ਸ਼ਹਿਰ ਵਿਚ ਰੌਣਕਾਂ ਲੱਗ ਗਈਆਂ। ਇਸੇ ਕਰਕੇ ਕਹਿੰਦੇ ਹਨ, ਜਿਸਨੇ ਲਾਹੌਰ ਨਹੀਂ ਵੇਖਿਆ ਉਹ ਜੰਮਿਆਂ ਹੀ ਨਹੀਂ। ਲਾਹੌਰ ਵਿਚੋਂ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਦੇ ਪਿਆਰ ਦੀ ਖ਼ੁਸ਼ਬੋ ਆ ਰਹੀ ਸੀ। ਦਿਨ ਭਰ ਸੂਫ਼ੀਇਜ਼ਮ ਵਰਗੇ ਬਹੁਤ ਹੀ ਗੰਭੀਰ ਵਿਸ਼ਿਆਂ 'ਤੇ ਵਿਚਾਰ-ਵਟਾਂਦਰੇ ਹੁੰਦੇ ਤੇ ਹਰ ਰੋਜ਼ ਸ਼ਾਮ ਨੂੰ ਇੱਕ ਨਹੀਂ, ਸਗੋਂ ਵੱਖੋ-ਵੱਖਰੀਆਂ ਮਹਿਫ਼ਲਾਂ ਸਜਦੀਆਂ, ਜਿਨ੍ਹਾਂ ਵਿਚ ਸੰਗੀਤਕ ਤੇ ਸਾਹਿਤਕ ਰੂਹਾਂ ਆਪਣੇ ਕਲਾਮ ਪੇਸ਼ ਕਰਦੀਆਂ। ਫ਼ਖ਼ਰ ਤੇ ਮਾਣ ਵਾਲੀ ਗੱਲ ਹੈ ਕਿ ਪਾਕਿਸਤਾਨ ਵਿਚ ਪੰਜਾਬੀ ਜ਼ੁਬਾਨ ਦਾ ਪਰਚਮ ਲਹਿਰਾ ਰਿਹਾ ਹੈ। ਲਹਿੰਦੇ ਪੰਜਾਬ ਦੇ ਪੰਜਾਬੀਆਂ ਨੇ ਤਹੱਈਆ ਕੀਤਾ ਹੋਇਆ ਹੈ ਕਿ ਪੰਜਾਬੀ ਜ਼ੁਬਾਨ ਆਪਣੀ ਮਾਂ ਦੀ ਤਰ੍ਹਾਂ ਸਾਂਭ ਕੇ ਰੱਖਣਗੇ ਤੇ ਘਰਾਂ ਵਿਚ ਪੰਜਾਬੀ ਬੋਲੀ ਜਾਵੇਗੀ। ਇਹ ਵੀ ਖ਼ੁਸ਼ੀ ਦੀ ਗੱਲ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਲਹਿੰਦੇ ਪੰਜਾਬ ਵਿਚ ਯੂਨੀਵਰਸਿਟੀ ਸਥਾਪਤ ਕੀਤੀ ਹੋਈ ਹੈ।



ਤਸਵੀਰਾਂ: ਵਿਸ਼ਵ ਪੰਜਾਬੀ ਕਾਨਫਰੰਸ ਲਾਹੌਰ।

ਇਸ ਮੌਕੇ 'ਤੇ ਫ਼ਖ਼ਰ ਜ਼ਮਾਨ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਦੁੱਖ ਦੀ ਗੱਲ ਹੈ ਕਿ ਪੰਜਾਬੀ ਜ਼ੁਬਾਨ ਨੂੰ ਬਿਗਾਨਿਆਂ ਨਾਲੋਂ ਆਪਣਿਆਂ ਤੋਂ ਵਧੇਰੇ ਖ਼ਤਰਾ ਹੈ। ਡਾ. ਦੀਪਕ ਮਨਮੋਹਨ ਸਿੰਘ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਲਾਹੌਰ ਨੇ ਪੰਜਾਬੀ ਬੋਲੀ, ਤਹਿਜ਼ੀਬ ਤੇ ਭਾਸ਼ਾ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਵਿਸ਼ਵ ਪੰਜਾਬੀ ਕਾਨਫ਼ਰੰਸ ਦੀ ਸ਼ੁਰੂਆਤ ਤੋਂ ਲੈ ਕੇ ਇਸ ਦੀ ਸਫਲਤਾ ਲਈ ਯੋਗਦਾਨ ਪਾਉਣ ਵਾਲੇ ਪੰਜਾਬੀਆਂ ਨੂੰ ਯਾਦ ਕੀਤਾ। ਆਮ ਤੌਰ 'ਤੇ ਵਿਸ਼ਵ ਪੰਜਾਬੀ ਕਾਨਫ਼ਰੰਸਾਂ 'ਤੇ ਕਿੰਤੂ-ਪ੍ਰੰਤੂ ਕੀਤੇ ਜਾਂਦੇ ਰਹੇ ਹਨ ਕਿ ਉਨ੍ਹਾਂ ਵਿਚ ਵਿਦੇਸ਼ਾਂ ਵਿਚ ਸੈਰ ਕਰਨ ਦੇ ਬਹਾਨੇ ਲੋਕ ਜਾਂਦੇ ਹਨ ਅਤੇ ਉਨ੍ਹਾਂ ਦਾ ਪੰਜਾਬੀ ਸਾਹਿਤ ਤੇ ਸੰਗੀਤ ਨਾਲ ਕੋਈ ਵਾਸਤਾ ਨਹੀਂ ਹੁੰਦਾ ਪ੍ਰੰਤੂ ਲਾਹੌਰ ਵਾਲੀ ਵਿਸ਼ਵ ਪੰਜਾਬੀ ਕਾਨਫ਼ਰੰਸ ਵਿਚ ਚੋਟੀ ਦੇ ਸਾਹਿਤਕਾਰ, ਸੰਗੀਤਕਾਰ, ਗਾਇਕ, ਅਦਾਕਾਰ ਅਤੇ ਪੱਤਰਕਾਰ ਸ਼ਾਮਲ ਹੋਏ, ਜਿਹੜੇ ਜਾਣੇ ਪਛਾਣੇ ਵਿਅਕਤੀ ਹਨ। ਇਸ ਕਾਨਫ਼ਰੰਸ ਦੀ ਸਫਲਤਾ ਨੇ ਝੰਡੇ ਗੱਡ ਦਿੱਤੇ ਹਨ। ਭਾਰਤ ਤੋਂ ਸ਼ਾਮਲ ਹੋਏ ਵਿਦਵਾਨਾਂ ਵਿਚ ਜੰਗ ਬਹਾਦਰ ਗੋਇਲ, ਸੁਖਦੇਵ ਸਿੰਘ ਸਿਰਸਾ, ਦਰਸ਼ਨ ਸਿੰਘ ਬੁੱਟਰ, ਗੁਰਪ੍ਰੀਤ ਸਿੰਘ ਤੂਰ, ਕਾਹਨ ਸਿੰਘ ਪੰਨੂੰ, ਸੁਨੀਤਾ ਧੀਰ, ਬਲਕਾਰ ਸਿੱਧੂ, ਪੰਮੀ ਬਾਈ, ਖ਼ਾਲਿਦ ਹੁਸੈਨ, ਅਨੀਤਾ ਸ਼ਬਦੀਸ਼ ਆਦਿ। ਪੱਤਰਕਾਰਾਂ ਵਿਚ ਨਵਦੀਪ ਸਿੰਘ ਗਿੱਲ ਅਤੇ ਜਗਤਾਰ ਸਿੰਘ ਭੁੱਲਰ। ਇਸ ਮੌਕੇ 'ਤੇ ਲਹਿੰਦੇ ਪੰਜਾਬ ਦੇ ਅਬਦੁਲ ਕਦੀਮ, ਡਾ. ਕੁਦਸੀ, ਬੁਸ਼ਰਾ ਏਜਾਜ, ਬਾਬਾ ਨਜ਼ਮੀ, ਬਾਬਾ ਗੁਲਾਮ ਹੁਸੈਨ ਹੈਦਰ, ਰਾਜਾ ਸਾਦਿਕ ਉਲਾ ਖ਼ਾਨ, ਖਾਲਿਦ ਏਜਾਜ਼ ਮੁਫ਼ਤੀ, ਸ਼ਾਇਦਾ ਬਾਨੋ ਅਤੇ ਪੱਤਰਕਾਰਾਂ ਵਿਚ ਭੁਲੇਖਾ ਅਖ਼ਬਾਰ ਦੇ ਸੰਪਾਦਕ ਮੁਦੱਸਰ ਇਕਬਾਲ ਬੱਟ, ਪੰਚਮ ਅਖ਼ਬਾਰ ਦੇ ਮੁੱਖ ਸੰਪਾਦਕ ਮਕਸੂਦ ਸਾਕਿਬ ਅਤੇ ਸੁਗਰਾ ਸਦੇਫ਼ ਸ਼ਾਮਲ ਸਨ। ਪੰਜਾਬੀ ਭਾਸ਼ਾ ਦੇ ਬੋਲਬਾਲੇ ਨੇ ਅਗਲੇ ਪੰਜਾਹ ਸਾਲਾਂ ਵਿਚ ਪੰਜਾਬੀ ਖ਼ਤਮ ਹੋਣ ਦੀਆਂ ਅਫ਼ਵਾਹਾਂ ਨੂੰ ਝੁਠਲਾ ਦਿੱਤਾ। ਇਸ ਤੋਂ ਇਲਾਵਾ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿਚ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਲਗਾਤਾਰ ਹੁੰਦੀਆਂ ਰਹਿੰਦੀਆਂ ਹਨ। ਇਸੇ ਲੜੀ ਸੰਬੰਧੀ 1993 ਵਿਚ ਪਟਿਆਲਾ ਵਿਖੇ ਵੇਦ ਪ੍ਰਕਾਸ਼ ਗੁਪਤਾ ਚੇਅਰਮੈਨ ਪੰਜਾਬ ਰਾਈਟਰਜ਼ ਐਂਡ ਕਲਚਰਲ ਫੋਰਮ ਅਤੇ ਸ. ਬੇਅੰਤ ਸਿੰਘ ਤਤਕਾਲੀ ਮੁੱਖ ਮੰਤਰੀ ਪੰਜਾਬ ਵੱਲੋਂ ਸਾਂਝੇ ਤੌਰ 'ਇੰਡੋ-ਪਾਕਿ ਮੁਸ਼ਾਇਰਾ' ਥਾਪਰ ਇੰਸਟੀਚਿਊਟ ਵਿਖੇ ਆਯੋਜਿਤ ਕੀਤਾ ਗਿਆ ਸੀ, ਜਿਸ ਵਿਚ ਚੋਟੀ ਦੇ ਪਾਕਿਸਤਾਨ ਅਤੇ ਭਾਰਤ ਦੇ ਸ਼ਾਇਰਾਂ ਨੇ ਹਿੱਸਾ ਲਿਆ ਸੀ। ਫਿਰ 2004 ਵਿਚ ਪਟਿਆਲਾ ਵਿਖੇ ਹੀ ਇੰਡੋ-ਪਾਕਿ ਖੇਡਾਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦੀ ਪੰਜਾਬ ਸਰਕਾਰ ਵੇਲੇ 2004 ਵਿਚ ਆਯੋਜਿਤ ਕੀਤੀਆਂ ਗਈਆਂ ਸਨ। ਪਾਕਿਸਤਾਨ ਤੇ ਭਾਰਤ ਵਿਚ ਅਜਿਹੀਆਂ ਸਰਗਰਮੀਆਂ ਮਹੱਤਵਪੂਰਨ ਹਨ ਕਿਉਂਕਿ ਇਨ੍ਹਾਂ ਦੇ ਹੋਣ ਨਾਲ ਦੋਹਾਂ ਦੇਸ਼ਾਂ ਵਿਚ ਸਦਭਾਵਨਾ ਵੱਧਦੀ ਹੈ, ਜਿਸਦੀ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕਾਂ ਲਈ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਲੋਕਾਂ ਦੀਆਂ ਆਂਦਰਾਂ ਜੁੜੀਆਂ ਹੋਈਆਂ ਹਨ।

ਵਿਸ਼ਵ ਪੰਜਾਬੀ ਕਾਨਫ਼ਰੰਸ ਲਾਹੌਰ ਵਿਚ ਇੱਕ ਹੋਰ ਖ਼ੁਸ਼ਨੁਮਾ ਫ਼ੈਸਲਾ ਕੀਤਾ ਗਿਆ, ਜਿਸ ਅਨੁਸਾਰ ਪੰਜਾਬੀ ਭਾਸ਼ਾ ਨੂੰ ਪ੍ਰਫ਼ੁਲਿਤ ਕਰਨ ਲਈ 12 ਨੁਕਾਤੀ ਪ੍ਰੋਗਰਾਮ ਦਾ ਐਲਾਨ ਦੋਹਾਂ ਦੇਸ਼ਾਂ ਲਈ ਕੀਤਾ ਗਿਆ, ਜਿਸ ਵਿਚ ਮੁੱਖ ਤੌਰ 'ਤੇ ਪੰਜਾਬੀ ਸਾਰੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਚ ਪ੍ਰਾਇਮਰੀ ਤੋਂ ਲਾਜ਼ਮੀ ਵਿਸ਼ੇ ਦੇ ਤੌਰ 'ਤੇ ਪੜ੍ਹਾਈ ਜਾਵੇ, ਪੰਜਾਬੀ ਨੂੰ ਪੰਜਾਬ ਵਿਚ ਸਰਕਾਰੀ ਭਾਸ਼ਾ ਵਜੋਂ ਮਾਣਤਾ ਦਿੱਤੀ ਜਾਵੇ, ਦਸ ਹਜ਼ਾਰ ਅਧਿਆਪਕ ਭਰਤੀ ਕੀਤੇ ਜਾਣ, ਗਲੀਆਂ ਤੇ ਸੜਕਾਂ ਦੇ ਨਾਮ ਪੰਜਾਬੀ ਵਿਚ ਲਿਖੇ ਜਾਣ, ਪੰਜਾਬੀ ਦੇ ਅਖ਼ਬਾਰਾਂ ਤੇ ਰਸਾਲਿਆਂ ਨੂੰ ਆਰਥਿਕ ਮਦਦ ਦਿੱਤੀ ਜਾਵੇ ਅਤੇ ਦਫ਼ਤਰਾਂ ਤੇ ਘਰਾਂ ਵਿਚ ਪੰਜਾਬੀ ਬੋਲੀ ਜਾਵੇ, ਆਦਿ ਸ਼ਾਮਲ ਹਨ।

ਇਸ ਕਾਨਫ਼ਰੰਸ ਵਿਚ ਚੜ੍ਹਦੇ ਪੰਜਾਬ ਤੋਂ ਸਤਿਨਾਮ ਮਾਣਕ ਦੀ ਪੁਸਤਕ 'ਬਾਤਾਂ ਵਾਹਗਿਓਂ ਪਾਰ ਦੀਆਂ (ਸਫ਼ਰਨਾਮਾ)', ਸਰਬਜੀਤ ਜੱਸ ਦੀ ਪੁਸਤਕ 'ਲਸਕੀ ਹੋਈ ਅੱਖ (ਕਵਿਤਾ)', ਗੁਰਭਜਨ ਸਿੰਘ ਗਿੱਲ ਦੀ ਮੇਰੇ ਪੰਜ ਦਰਿਆ (ਗੀਤ), ਜੰਗ ਬਹਾਦਰ ਗੋਇਲ ਦੀ 'ਸਾਹਿਤ ਸੰਜੀਵਨੀ (ਵਾਰਤਕ)', ਸਹਿਜਪ੍ਰੀਤ ਸਿੰਘ ਮਾਂਗਟ ਦੀ 'ਸਹਿਜ ਮਤੀਆਂ (ਕਵਿਤਾ)', ਤ੍ਰੈਲੋਚਨ ਲੋਚੀ ਦੀ 'ਦਿਲ ਦਰਵਾਜ਼ੇ (ਗ਼ਜ਼ਲਾਂ)', ਨਵਦੀਪ ਸਿੰਘ ਗਿੱਲ ਦੀ 'ਪੰਜ-ਆਬ ਦੇ ਸ਼ਾਹ ਅਸਵਾਰ (ਦੋਹਾਂ ਪੰਜਾਬਾਂ ਦੇ ਖਿਡਾਰੀਆਂ ਦੇ ਰੇਖਾ ਚਿੱਤਰ)' ਅਤੇ ਹਰਮੀਤ ਵਿਦਿਆਰਥੀ ਦੀ 'ਮੈਂ ਚਸ਼ਮਦੀਦ (ਕਵਿਤਾਵਾਂ)' ਦੀਆਂ ਪੁਸਤਕਾਂ ਦੇ ਸ਼ਾਹਮੁਖੀ ਐਡੀਸ਼ਨ ਲੋਕ ਅਰਪਨ ਕੀਤੇ ਗਏ। ਲਹਿੰਦੇ ਪੰਜਾਬ ਦੀ ਬਿਹਤਰੀਨ ਸ਼ਾਇਰਾ ਬੁਸ਼ਰਾ ਇਜ਼ਾਜ਼ ਦੀ ਪੁਸਤਕ 'ਮੈਂ ਪੂਣੀ ਕੱਤੀ ਰਾਤ ਦੀ (ਕਵਿਤਾ)' ਦਾ ਗੁਰਮੁਖੀ ਐਡੀਸ਼ਨ ਲੋਕ ਅਰਪਨ ਕੀਤਾ ਗਿਆ। ਸ਼ਾਲਾ ਅਜਿਹੀਆਂ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਹੁੰਦੀਆਂ ਰਹਿਣ!

# ਨਸ਼ਿਆਂ ਦੀ ਦਲਦਲ-ਵੱਡੀ ਚਣੌਤੀ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਨਸ਼ਾ ਮਾਫੀਏ ਦੀਆਂ ਸਰਗਰਮੀਆਂ ਸਿਖ਼ਰਾਂ 'ਤੇ ਹਨ। ਬੱਚਿਆਂ, ਭੋਲੇ-ਭਾਲੇ ਚੜ੍ਹਦੀ ਉਮਰ ਦੇ ਮੁੱਛ-ਫੁੱਟ ਗੱਭਰੂਆਂ, ਨੌਜਵਾਨ-ਮੁਟਿਆਰਾਂ ਨੂੰ ਆਪਣੇ ਰਸਤੇ ਤੋਂ ਭਟਕਾ ਕੇ ਦੇਸ਼, ਦੁਨੀਆਂ ਵਿਚ ਮਨ-ਆਈਆਂ ਕਰਨ ਲਈ, ਸਭ ਤੋਂ ਸੌਖਾ ਤਰੀਕਾ ਜਿਹੜਾ ਦਿਸਦਾ ਹੈ, ਉਹ ਨਸ਼ੀਲੇ ਪਦਾਰਥ ਬਨਾਉਣਾ, ਵੰਡਣਾ, ਵੇਚਣਾ ਅਤੇ ਇਸਦਾ ਦੁਨੀਆਂ ਭਰ 'ਚ ਪ੍ਰਸਾਰ ਕਰਨਾ ਹੈ। ਇਹ ਕੰਮ ਕਰਨ ਵਾਲੇ ਨਸ਼ਾ ਸੌਦਾਗਰ ਇੰਨੇ ਬਲਵਾਨ ਹੋ ਚੁੱਕੇ ਹਨ ਕਿ ਦੁਨੀਆਂ ਦੀ ਕੋਈ ਵੀ ਸਰਕਾਰ ਨਸ਼ੇ ਦੇ ਇਨ੍ਹਾਂ ਸੌਦਾਗਰਾਂ ਉਤੇ ਪੱਕੇ ਤੌਰ 'ਤੇ ਪਾਬੰਦੀ ਲਾਉਣ ਤੋਂ ਅਸਮਰਥ ਹੈ। ਇਸੇ ਕਰਕੇ ਨਸ਼ਿਆਂ ਦਾ ਅੰਤ ਨਹੀਂ ਹੋ ਰਿਹਾ।

ਦੁਨੀਆਂ ਭਰ 'ਚ ਨਸ਼ੀਲੇ ਪਦਾਰਥਾਂ ਦਾ ਜਾਲ ਵਿਛਿਆ ਹੋਇਆ ਹੈ। ਨਸ਼ੀਲੇ ਪਦਾਰਥ ਬਨਾਉਣ ਤੋਂ ਲੈ ਕੇ ਵੇਚਣ ਤੱਕ ਦੇ ਆਪਣੇ ਕੰਮ ਨੂੰ ਨਸ਼ਾ ਸੌਦਾਗਰ ਅਤਿਅੰਤ ਵਪਾਰਕ ਪੱਧਰ 'ਤੇ ਪੂਰਾ ਕਰਦੇ ਹਨ। ਕੋਈ ਦੋ ਰਾਵਾਂ ਨਹੀਂ ਕਿ ਸ਼ਾਸਨ-ਪ੍ਰਸ਼ਾਸਨ ਦੀਆਂ ਕੁਝ ਗੰਦੀਆਂ ਮੱਛੀਆਂ ਲੁੱਕਵੇਂ ਰੂਪ 'ਚ ਇਸ ਵਿਚ ਸ਼ਾਮਲ ਹਨ। ਜੇਕਰ ਇੰਜ ਨਾ ਹੁੰਦਾ ਤਾਂ ਨਸ਼ਾ ਮਾਫੀਆ ਇਸ ਕਦਰ ਵੱਧ-ਫੁੱਲ ਨਹੀਂ ਸੀ ਸਕਦਾ।

ਸਮੱਸਿਆ ਨਸ਼ਿਆਂ ਦੇ ਪਦਾਰਥਾਂ ਦੀ ਖਰੀਦੋ-ਫ਼ਰੋਖਤ ਤੱਕ ਹੀ ਸੀਮਤ ਨਹੀਂ ਰਹੀ। ਪੈਕਟ ਬੰਦ ਡੱਬੇ, ਡੱਬੇ ਬੰਦ ਭੋਜਨ ਅਤੇ ਪੀਣ ਵਾਲੀਆਂ ਚੀਜ਼ਾਂ ਵਿਚ ਵੀ ਸਿਹਤ ਲਈ ਘਾਤਕ, ਮੌਤ ਦੇ ਮੂੰਹ ਧੱਕਣ ਵਾਲੇ ਰਸਾਇਣਿਕ ਮਿਸ਼ਰਣ ਪਾਏ ਜਾਂਦੇ ਹਨ। ਪਿਛਲੇ 25 ਵਰ੍ਹਿਆਂ 'ਚ ਇਹ ਅਭਿਆਸ ਨਿਰੰਤਰ ਵਧਿਆ ਹੈ। ਇਸ ਅਭਿਆਸ ਦੀ ਨਿਗਰਾਨੀ ਉੱਤੇ, ਜੋ ਪਹਿਲਾਂ ਸਰਕਾਰੀ ਬੰਦਸ਼ ਸੀ, ਉਹ ਕਾਫੀ ਢਿੱਲੀ ਪੈ ਚੁੱਕੀ ਹੈ। ਹੁਣ ਕਣਕ, ਚਾਵਲ, ਦਾਲ, ਸਬਜ਼ੀ, ਫਲ, ਮਸਾਲੇ, ਤੇਲ, ਘਿਓ, ਪੈਕਟ ਬੰਦ ਭੋਜਨ ਅਤੇ ਸੋਡਾ ਵਾਟਰ ਤੇ ਹੋਰ ਪੀਣ ਵਾਲੇ ਪਦਾਰਥਾਂ ਵਿਚ ਇਸ ਦੀ ਮਾਤਰਾ ਆਮ ਪਾਈ ਜਾਂਦੀ ਹੈ, ਜਿਸਨੇ ਬਹੁਤੇ ਲੋਕਾਂ ਦੀ ਸਿਹਤ ਨੂੰ ਹਾਲੋਂ-ਬੇਹਾਲ ਕੀਤਾ ਹੋਇਆ ਹੈ। ਆਮ ਆਦਮੀ ਬੇਬਸ ਹੈ। ਉਸਦੇ ਸਰੀਰ ਦੇ ਅੰਦਰੂਨੀ ਅੰਗਾਂ ਉਤੇ ਇਸਦਾ ਅਸਰ ਪੈ ਰਿਹਾ ਹੈ। ਇਹਦਾ ਅਸਰ ਮਨੁੱਖ ਦੀ ਮਨੋਂ ਅਵਸਥਾ ਉਤੇ ਵੀ ਪੈਂਦਾ ਹੈ।

ਨਸ਼ੀਲੇ ਪਦਾਰਥਾਂ ਦੀ ਤਸਕਰੀ ਭਾਰਤ ਲਈ ਹੀ ਨਹੀਂ, ਸਗੋਂ ਦੁਨੀਆਂ ਲਈ ਵੀ ਵੱਡੀ ਸਿਰਦਰਦੀ ਹੈ। ਲਗਭਗ ਸਾਰੇ ਦੇਸ਼ਾਂ ਦੇ ਵੱਡੀ ਸੰਖਿਆਂ 'ਚ ਛੋਟੀ ਉਮਰ ਵਾਲੇ ਅਤੇ ਨੌਜਵਾਨ ਨਸ਼ਿਆਂ ਦੀ ਮਾਰ ਹੇਠ ਹਨ। ਹੈਰਾਨੀਜਨਕ ਤਾਂ ਇਹ ਹੈ ਕਿ ਕਾਨੂੰਨੀ ਤੌਰ 'ਤੇ ਨਸ਼ਿਆਂ ਦੀ ਮਨਾਹੀ ਹੈ। ਪਰ ਇਹ ਧੰਦਾ ਰੁੱਕ ਨਹੀਂ ਰਿਹਾ, ਲਗਾਤਾਰ ਵੱਧ ਰਿਹਾ ਹੈ। ਸਵਾਲ ਉੱਠਦੇ ਹਨ ਕਿ ਕੀ ਇਹ ਸਭ ਕੁਝ ਸਰਕਾਰੀ ਮਿਲੀਭੁਗਤ ਨਾਲ ਹੋ ਰਿਹਾ ਹੈ ? ਤੱਥ ਇਹ ਵੀ ਕੱਢੇ ਜਾ ਰਹੇ ਹਨ ਕਿ ਜਿਨ੍ਹਾਂ ਦੇਸ਼ਾਂ ਵਿਚ ਪਰਿਵਾਰਿਕ ਇਕਾਈਆਂ ਟੁੱਟ ਰਹੀਆਂ ਹਨ ਜਾਂ ਟੁੱਟ ਚੁੱਕੀਆਂ ਹਨ, ਉਥੇ ਨੌਜਵਾਨਾਂ 'ਚ ਨਸ਼ਿਆਂ ਦੀ ਵਰਤੋਂ ਜ਼ਿਆਦਾ ਹੈ।

ਭਾਰਤ ਜਿਹੇ ਦੇਸ਼ ਵਿਚ ਹੁਣ ਵੀ ਬੱਚਿਆਂ ਅਤੇ ਨੌਜਵਾਨਾਂ ਨੂੰ ਪਰਿਵਾਰ ਅਤੇ ਸਮਾਜ ਦਾ ਡਰ ਹੈ, ਇਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੋਰ ਦੇਸ਼ਾਂ ਦੇ ਮੁਕਾਬਲੇ ਘੱਟ ਹੈ, ਲੇਕਿਨ ਪਿਛਲੇ ਕੁਝ ਦਹਾਕਿਆਂ ਵਿਚ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਜਿਨ੍ਹਾਂ ਸੂਬਿਆਂ 'ਚ ਸਰਕਾਰਾਂ ਦਾ ਕੁ-ਪ੍ਰਬੰਧ ਹੈ, ਉਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵੱਧ ਰਹੀ ਹੈ ਅਤੇ ਨਸ਼ਿਆਂ ਦਾ ਪ੍ਰਕੋਪ ਸਿਖ਼ਰਾਂ 'ਤੇ ਪੁੱਜ ਗਿਆ ਹੈ। ਭਾਰਤ ਦੇ ਸਰਹੱਦੀ ਸੂਬੇ ਇਸਦੀ ਮਾਰ ਵਿਚ ਹਨ। ਪੰਜਾਬ ਨਸ਼ਿਆਂ ਦੀ ਵੱਡੀ ਮਾਰ ਸਹਿ ਰਿਹਾ ਹੈ।

ਨਸ਼ਿਆਂ ਦੀ ਵਰਤੋਂ ਦੀ ਵੱਧ ਰਹੀ ਤਸਵੀਰ ਅੰਕੜਿਆਂ ਤੋਂ ਵੇਖੀ ਜਾ ਸਕਦੀ ਹੈ। ਇਕੱਲੇ 2024 ਵਿਚ ਹੀ 16,914 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ। ਕੁਝ ਦਿਨ ਪਹਿਲਾਂ ਨਵੀਂ ਦਿੱਲੀ 'ਚ 560 ਕਿਲੋ ਤੋਂ ਜ਼ਿਆਦਾ ਕੋਕੀਨ ਅਤੇ 40 ਕਿਲੋ ਮਾਰੀਜੁਆਨਾ ਫੜਿਆ ਗਿਆ। ਇਸ ਦੀ ਕੀਮਤ ਸੱਤ ਹਜ਼ਾਰ ਕਰੋੜ ਹੈ। ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਇੱਕ ਕਾਰਖਾਨੇ ਵਿਚ 1814 ਕਰੋੜ ਮੁੱਲ ਦਾ 907 ਕਿਲੋ ਮੈਫੇਡਰੀਨ ਪਦਾਰਥ ਫੜਿਆ ਗਿਆ। ਇਹ ਨਸ਼ਾ ਬਨਾਉਣ ਵਾਲੀ ਕੱਚੀ ਸਮੱਗਰੀ ਵਜੋਂ ਵਰਤਿਆ ਜਾਂਦਾ ਹੈ। ਇੰਝ ਬਹੁਤ ਵੱਡੀ ਰਾਸ਼ੀ ਨਸ਼ਿਆਂ ਦੇ ਪਦਾਰਥਾਂ ਦੇ ਪ੍ਰਚਲਣ ਲਈ ਇਸਤੇਮਾਲ ਹੋ ਰਹੀ ਹੈ। ਹੈਰਾਨੀਜਨਕ ਹੈ ਕਿ ਅੰਕੜਿਆਂ 'ਚ ਦੱਸਿਆ ਹੈ ਕਿ ਇਹ ਪਦਾਰਥ ਜਾਂ ਸਮੱਗਰੀ ਉਹ ਹੈ ਜੋ ਛਾਪਿਆਂ 'ਚ ਜ਼ਬਤ ਕੀਤੀ ਜਾ ਰਹੀ ਹੈ, ਪਰ ਪੈਸੇ ਦੀ ਜਿਹੜੀ ਵਰਤੋਂ ਨਸ਼ਾ ਵਪਾਰ 'ਚ ਹੋ ਰਹੀ ਹੈ, ਉਸਦਾ ਅੰਦਾਜ਼ਾ ਲਗਾਇਆ ਹੀ ਨਹੀਂ ਜਾ ਸਕਦਾ।

ਭਾਰਤ ਵਿਚ ਸਾਲ 2009 ਤੋਂ 2014 ਤੱਕ ਕੁੱਲ 3.63 ਲੱਖ ਨਸ਼ੀਲੇ ਪਦਾਰਥ ਜ਼ਬਤ ਹੋਏ, ਜਦਕਿ 2014 ਤੋਂ 2024 ਤੱਕ 24 ਲੱਖ ਕਿਲੋ ਨਸ਼ੀਲੇ ਪਦਾਰਥ ਜ਼ਬਤ ਹੋਏ। 2004-14 ਤੱਕ ਨਸ਼ੀਲੇ ਜ਼ਬਤ ਪਦਾਰਥਾਂ ਦਾ ਮੁੱਲ 8150 ਕਰੋੜ ਸੀ, ਜਦਕਿ 2014-24 ਦੇ ਵਿਚ ਨਸ਼ਟ ਕੀਤੇ ਨਸ਼ੀਲੇ ਪਦਾਰਥਾਂ ਦਾ ਮੁੱਲ 54,831 ਕਰੋੜ ਸੀ। ਭਾਰਤ ਵਿਚ ਵੀ ਤੇ ਦੁਨੀਆਂ ਵਿਚ ਵੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਧੰਦਾ ਚਰਮ ਸੀਮਾ 'ਤੇ ਹੈ। ਇਸ ਕਾਲੇ ਕਾਰੋਬਾਰ ਨੂੰ ਵਧਾਉਣ ਲਈ ਮਾਨਵ ਤਸਕਰੀ ਅਤੇ ਖ਼ਾਸ ਕਰਕੇ ਵੇਸਵਾ ਵਿਰਤੀ ਦਾ ਪ੍ਰਚਲਣ ਵਧ ਰਿਹਾ ਹੈ ਅਤੇ ਨੌਜਵਾਨ ਲੜਕੀਆਂ ਦੀ ਵੱਡੀ ਸੰਖਿਆ ਇਸ ਕਾਲੇ ਧੰਦੇ ਵਿਚ ਘਸੀਟੀ ਜਾ ਰਹੀ ਹੈ।

ਨਸ਼ਾ ਤਸਕਰੀ 'ਚ ਤਸਕਰ-ਗ੍ਰੋਹ ਡਾਰਕ ਵੇਵ, ਔਨਲਾਈਨ ਅਤੇ ਡਰੋਨ ਆਧਾਰਿਤ ਠੱਗੀ ਵੀ ਸ਼ੁਰੂ ਕਰ ਚੁੱਕੇ ਹਨ। ਨਤੀਜਾ ਇਹ ਹੈ ਕਿ ਉਨ੍ਹਾਂ ਦੀਆਂ ਵਿਆਪਕ ਭੈੜੀਆਂ ਸਰਗਰਮੀਆਂ ਦੀ ਮਾਰ ਹੇਠ ਸਮਾਜ ਦੀ ਕੋਈ ਵੀ ਗਤੀਵਿਧੀ ਸੁਰੱਖਿਅਤ ਨਹੀਂ ਰਹੀ। ਇਥੋਂ ਤੱਕ ਕਿ ਦੇਸ਼ਾਂ ਦੀ ਆਰਥਿਕਤਾ ਵੀ ਇਨ੍ਹਾਂ ਤਸਕਰ-ਗ੍ਰੋਹਾਂ ਦੇ ਨਿਸ਼ਾਨੇ 'ਤੇ ਆ ਚੁੱਕੀ ਹੈ। ਮਾਫੀਆ ਰਾਜ ਦਾ ਪਸਾਰਾ ਇਨ੍ਹਾਂ ਦੀ ਬਦੌਲਤ ਵਧ ਫੁੱਲ ਰਿਹਾ ਹੈ। ਅਪਰਾਧਾਂ ਦੀ ਵੱਧ ਰਹੀ ਚਿੰਤਾਜਨਕ ਵੱਡੀ ਗਿਣਤੀ ਵੀ ਨਸ਼ਾ ਗ੍ਰੋਹਾਂ ਦੀ ਉਪਜ ਹੈ, ਜਿਹੜੇ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਨਿੱਤ ਦਿਹਾੜੇ ਵਾਰਦਾਤਾਂ ਕਰਦੇ ਹਨ। ਇਹ ਹੋਰ ਵੀ ਚਿੰਤਾਜਨਕ ਹੈ ਕਿ ਰੋਜ਼ਗਾਰ ਤੋਂ ਵੰਚਿਤ ਨੌਜਵਾਨ ਇਨ੍ਹਾਂ ਗ੍ਰੋਹਾਂ 'ਚ ਸ਼ਾਮਲ ਹੋ ਰਹੇ ਹਨ ਅਤੇ ਸਮਾਜ ਵਿਚ ਨਿੱਤ ਨਵੀਆਂ ਮੁਸੀਬਤਾਂ ਦਾ ਕਾਰਨ ਬਣ ਰਹੇ ਹਨ। ਇਸ ਤੋਂ ਵੀ ਵੱਡੀ ਚਿੰਤਾ ਨਸ਼ਾ ਤਸਕਰਾਂ, ਗੁੰਡਾ ਗ੍ਰੋਹਾਂ ਸਮਾਜ ਵਿਰੋਧੀ ਅਨਸਰਾਂ ਦੇ ਸਰਗਨਿਆਂ ਦਾ ਸਿਆਸੀ ਧਿਰਾਂ ਦਾ ਜੋੜ-ਮੇਲ ਵੱਧ ਰਿਹਾ ਹੈ, ਜੋ ਦੇਸ਼ ਵਿਚ ਹੋ ਰਹੀਆਂ ਕਿਸੇ ਕਿਸਮ ਦੀਆਂ ਚੋਣਾਂ 'ਚ ਅਹਿਮ ਭੂਮਿਕਾ ਨਿਭਾਉਣ ਦੇ ਯੋਗ ਬਣ ਗਏ ਹਨ। ਸਿੱਟਾ ਇਹ ਹੈ ਕਿ ਸਾਰਵਜਨਿਕ ਰੂਪ ਵਿਚ ਤਸਕਰਾਂ ਦੀ ਅਰਾਜਕਤਾ ਪ੍ਰਭਾਵੀ ਢੰਗ ਨਾਲ ਦੇਸ਼ ਤੇ ਸਮਾਜ ਵਿਚ ਦਿਖਣ ਲੱਗੀ ਹੈ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਭਾਰੀ ਪੈਣ ਲੱਗੀ ਹੈ। ਇਥੋਂ ਤੱਕ ਕਿ ਦੇਸ਼ ਦੀ ਸੁਰੱਖਿਆ ਵੀ ਇਨ੍ਹਾਂ ਤਸਕਰਾਂ ਕਾਰਨ ਦਾਅ 'ਤੇ ਲੱਗੀ ਦਿਸ ਰਹੀ ਹੈ, ਕਿਉਂਕਿ ਨਿੱਤ ਦਿਹਾੜੇ ਸਰਹੱਦੋਂ ਪਾਰ ਡਰੋਨ ਹਮਲੇ ਅਤੇ ਸਰਹੱਦੀਆਂ ਥਾਣੇ ਚੌਕੀਆਂ 'ਤੇ ਗਰਨੇਡ ਹਮਲੇ ਹੋ ਰਹੇ ਹਨ। ਪੰਜਾਬ ਦੇ ਸਰਹੱਦੀ ਜ਼ਿਲਿਆਂ ਵਿਚ ਇਸ ਕਿਸਮ ਦੀਆਂ ਵਾਰਦਾਤਾਂ ਪਿੱਛੇ ਪੁਲਿਸ ਪ੍ਰਸ਼ਾਸਨ, ਇਨ੍ਹਾਂ ਨਸ਼ਾ ਤਸਕਰਾਂ ਦਾ ਹੀ ਹੱਥ ਵੇਖਦਾ ਹੈ।

ਵੈਸੇ ਤਾਂ ਦੇਸ਼ ਦੇ ਹਰ ਸੂਬੇ 'ਚ ਨਸ਼ਿਆਂ ਦਾ ਜਾਲ ਫੈਲਾਇਆ ਜਾ ਰਿਹਾ ਹੈ। ਪਰ ਸਰਹੱਦੀ ਸੂਬੇ ਇਸਦੀ ਮਾਰ ਹੇਠ ਜ਼ਿਆਦਾ ਹਨ। ਪੰਜਾਬ 'ਚ ਨਸ਼ਾ ਤਸਕਰ ਆਪਣਾ ਪ੍ਰਭਾਵ ਵਧਾ ਚੁੱਕੇ ਹਨ। ਪੰਜਾਬ ਦੇ ਪਿੰਡਾਂ 'ਚ ਸ਼ਹਿਰਾਂ ਦੀਆਂ ਬਸਤੀਆਂ ਦਾ ਬੇਰੋਕ-ਟੋਕ ਮਿਲਣਾ ਅਤੇ ਨਸ਼ਿਆਂ ਖਿਲਾਫ਼ ਬੋਲਣ ਵਾਲਿਆਂ ਨੂੰ ਨਸ਼ਾ ਤਸਕਰਾਂ ਵੱਲੋਂ ਚੁੱਪ ਕਰਵਾਉਣਾ ਆਮ ਜਿਹੀ ਗੱਲ ਹੈ। ਕਈ ਥਾਵਾਂ ਉਤੇ, ਜਿਥੇ ਨਸ਼ਿਆਂ ਦਾ ਭਰਵਾਂ ਵਿਰੋਧ ਹੋਇਆ, ਉਥੇ ਸਰਪੰਚਾਂ ਜਾਂ ਮੁਹੱਤਬਰਾਂ ਦੇ ਕਤਲਾਂ ਦੀਆਂ ਖ਼ਬਰਾਂ ਵੀ ਮਿਲਦੀਆਂ ਹਨ। ਪੰਜਾਬ 'ਚ ਨੌਜਵਾਨਾਂ 'ਚ ਵੱਧ ਰਹੀ ਬੇਰੁਜ਼ਗਾਰੀ, ਖੇਤੀ ਖੇਤਰ 'ਚ ਘੱਟ ਰਹੀ ਆਮਦਨ ਕਾਰਨ ਲੋਕਾਂ 'ਚ ਫੈਲੀ ਨਿਰਾਸ਼ਾ, ਸਾਂਝੇ ਪਰਿਵਾਰਾਂ ਦਾ ਟੁੱਟਣਾ, ਨਸ਼ਿਆਂ ਦਾ ਕਾਰਨ ਬਣ ਰਿਹਾ ਹੈ। ਸਿਆਸਤਦਾਨਾਂ ਵੱਲੋਂ ਗੁੰਡਾ ਅਨਸਰਾਂ ਨੂੰ ਆਪਣੇ ਸਵਾਰਥ ਸਿੱਧੀ ਲਈ ਸ਼ਾਬਾਸ਼ੀ, ਨੌਜਵਾਨਾਂ 'ਚ ਗਲੈਮਰ ਦੀ ਭਾਵਨਾ ਵੀ ਭਰਦੀ ਹੈ, ਉਹ ਪਹਿਲਾਂ ਗੁੰਡਾਂ ਗ੍ਰੋਹਾਂ, ਸਮਾਜ ਵਿਰੋਧੀ ਅਨਸਰਾਂ ਵਿਚ ਅਤੇ ਫਿਰ ਨਸ਼ਾ ਤਸਕਰਾਂ ਨਾਲ ਸਾਂਝ ਭਿਆਲੀ ਨਾਲ ਕੰਮ ਕਰਨ 'ਚ ਮਾਣ ਮਹਿਸੂਸ ਕਰਦੇ ਹਨ। ਕਾਰਨ ਭਾਵੇਂ ਹੋਰ ਵੀ ਵਧੇਰੇ ਹੋਣ, ਨੌਜਵਾਨਾਂ ਦਾ ਆਰਥਿਕ ਪੱਖੋਂ ਟੁੱਟਣਾ ਅਤੇ ਜ਼ਿੰਦਗੀ ਪ੍ਰਤੀ ਉਤਸ਼ਾਹ ਦੀ ਕਮੀ ਉਨ੍ਹਾਂ ਨੂੰ ਔਜੜੇ ਰਾਹੀਂ ਪਾਉਂਦੀ ਹੈ, ਜਿਹੜੀ ਅੰਤ 'ਚ ਉਨ੍ਹਾਂ ਦੇ ਉਜਾੜੇ ਦਾ ਕਾਰਨ ਬਣਦੀ ਹੈ।

ਭਾਵੇਂ ਭਾਰਤ ਵਿਚ ਨਸ਼ਾ ਤਸਕਰੀ ਰੋਕਣ ਲਈ ਡਰੱਗ ਕੰਟਰੋਲ ਐਕਟ ਬਣਿਆ ਹੋਇਆ ਹੈ। ਨਾਰੋਕੋਟਿਕਸ ਕੰਟਰੋਲ ਬਿਊਰੋ ਇਸ ਕਾਨੂੰਨ ਨੂੰ ਲਾਗੂ ਕਰਨ ਵਾਲੀ ਪ੍ਰਭਾਵੀ ਸਰਕਾਰੀ ਏਜੰਸੀ ਹੈ ਅਤੇ ਇਸ ਐਕਟ ਅਧੀਨ ਸਜ਼ਾਵਾਂ ਵੀ ਭਰਵੀਆਂ ਹਨ, ਜਿਸ ਵਿਚ ਜੁਰਮਾਨਾ ਅਤੇ 10 ਸਾਲ ਤੋਂ 20 ਸਾਲ ਤੱਕ ਦੀ ਕੈਦ ਵੀ ਸ਼ਾਮਲ ਹੈ ਅਤੇ ਬਾਵਜੂਦ ਸਰਕਾਰ ਦੇ ਇਨ੍ਹਾਂ ਐਲਾਨਾਂ ਦੇ ਕਿ ਉਸ ਵੱਲੋਂ ਤਸਕਰੀ ਰੋਕਣ ਲਈ ਹਰ ਸੰਭਵ ਯਤਨ ਹੋਣਗੇ, ਨਸ਼ਾ ਤਸਕਰਾਂ ਦੀਆਂ ਸਰਗਰਮੀਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਅੱਜ ਦੇਸ਼ ਸਾਹਮਣੇ ਵੱਡੀ ਚਣੌਤੀ ਨਸ਼ੇ ਹਨ। ਨੌਜਵਾਨ, ਜਿਹੜੇ ਨਸ਼ਾਗ੍ਰਸਤ ਹਨ, ਉਨ੍ਹਾਂ ਨੂੰ ਸਰਕਾਰੀ, ਗੈਰ-ਸਰਕਾਰੀ ਯਤਨਾਂ ਨਾਲ ਮੁੱਖ ਧਾਰਾ ਵਿਚ ਲਿਆਂਦਾ ਜਾਣਾ ਸਮੇਂ ਦੀ ਲੋੜ ਹੈ। ਨਸ਼ਾ ਤਸਕਰਾਂ ਵਿਰੁੱਧ ਵੱਡੀ ਲਾਮਬੰਦੀ ਕਰਕੇ ਉਨ੍ਹਾਂ ਨੂੰ ਸਖ਼ਤ ਸਜ਼ਾ ਦੇਣ, ਨਸ਼ਾ ਬਨਾਉਣ ਵਾਲੀਆਂ ਗੈਰ-ਕਾਨੂੰਨੀ ਫੈਕਟਰੀਆਂ, ਉਨ੍ਹਾਂ ਦੇ ਮਾਲਕਾਂ ਨੂੰ ਵੱਡੇ ਦੰਡ ਦੇਣ ਦੀ ਵੀ ਲੋੜ ਹੈ।

ਨਸ਼ਾ ਮਾਫੀਆ ਤਿਕੱੜੀ, ਜਿਸ ਵਿਚ ਨਸ਼ਾ ਤਸਕਰ, ਭੈੜੇ ਸਵਾਰਥੀ ਸਿਆਸਤਦਾਨ ਅਤੇ ਸੁਰੱਖਿਆ ਬਲਾਂ 'ਚ ਬੈਠੀਆਂ ਕਾਲੀਆਂ ਭੇਡਾਂ ਸ਼ਾਮਲ ਹਨ, ਦਾ ਚਿਹਰਾ ਨੰਗਾ ਕਰਕੇ, ਉਨ੍ਹਾਂ ਨੂੰ ਨੱਥ ਪਾਉਣ ਤੋਂ ਬਿਨ੍ਹਾਂ ਆਮ ਲੋਕਾਂ ਦੀ ਨਸ਼ਿਆਂ ਪ੍ਰਤੀ ਚਿੰਤਾ-ਮੁਕਤੀ ਸੰਭਵ ਨਹੀਂ ਹੈ।





# ਵਿਦੇਸ਼ਾਂ ਵਿਚ ਪੰਜਾਬੀ ਬੋਲੀ ਦਾ ਪ੍ਰਚਾਰ ਪ੍ਰਸਾਰ

ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA



ਅੱਜ ਬਹੁਤ ਸਾਰੀਆਂ ਸੰਸਥਾਵਾਂ, ਬਹੁਤ ਸਾਰੇ ਵਿਅਕਤੀ ਵਿਸ਼ੇਸ਼ ਦੇਸ਼-ਵਿਦੇਸ਼ ਵਿਚ ਪੰਜਾਬੀ ਬੋਲੀ ਦੇ ਪ੍ਰਚਾਰ ਪ੍ਰਸਾਰ ਵਿਚ ਲੱਗੇ ਹੋਏ ਹਨ। ਪੂਰੇ ਵਿਸ਼ਵ ਵਿਚ 15 ਕਰੋੜ ਦੇ ਕਰੀਬ ਲੋਕ ਪੰਜਾਬ ਬੋਲੀ ਬੋਲਦੇ ਹਨ। ਸਭ ਤੋਂ ਵੱਧ ਪੰਜਾਬੀ ਬੋਲੀ ਬੋਲਣ ਵਾਲੇ ਪਾਕਿਸਤਾਨ ਵਿਚ ਹਨ। ਦੂਸਰਾ ਨੰਬਰ ਭਾਰਤ ਦਾ ਹੈ। ਤੀਸਰਾ ਕੈਨੇਡਾ ਦਾ। ਚੌਥਾ ਇੰਗਲੈਂਡ ਦਾ। ਪੰਜਵਾਂ ਅਮਰੀਕਾ ਦਾ ਅਤੇ ਛੇਵਾਂ ਆਸਟਰੇਲੀਆ ਦਾ। ਇੰਗਲੈਂਡ ਵਿਚ ਪੰਜਾਬੀ ਦਾ ਨੰਬਰ ਚੌਥਾ ਅਤੇ ਆਸਟਰੇਲੀਆ ਵਿਚ ਪੰਜਵਾਂ ਹੈ। ਪੰਜਾਬੀ ਦੁਨੀਆਂ ਭਰ ਵਿਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਨੌਵੀਂ ਭਾਸ਼ਾ ਹੈ।

ਬੀਤੇ ਦਿਨੀਂ ਡੀ.ਡੀ. ਪੰਜਾਬੀ ਨੇ ਆਪਣੇ ਚਰਚਿਤ ਪ੍ਰੋਗਰਾਮ 'ਗੱਲਾਂ ਤੇ ਗੀਤ' ਤਹਿਤ ਕੈਨੇਡਾ ਤੋਂ ਆਏ ਡਾ. ਦਲਬੀਰ ਸਿੰਘ ਕਥੂਰੀਆ ਨਾਲ 'ਵਿਦੇਸ਼ਾਂ ਵਿਚ ਪੰਜਾਬੀ ਬੋਲੀ ਦਾ ਪ੍ਰਚਾਰ ਪ੍ਰਸਾਰ' ਵਿਸ਼ੇ 'ਤੇ ਵਿਸਥਾਰਤ ਗੱਲਬਾਤ ਕੀਤੀ। ਬਤੌਰ ਸੰਚਲਕ ਸ਼੍ਰੀ ਸ਼ੁਕਰਗੁਜਾਰ ਸਿੰਘ ਮੌਜੂਦ ਸਨ ਅਤੇ ਪ੍ਰੋਗਰਾਮ ਦੇ ਨਿਰਮਾਤਾ ਨਿਰਦੇਸ਼ਕ ਸ਼੍ਰੀ ਸੁਖਵਿੰਦਰ ਕੁਮਾਰ ਸਨ।

ਡਾ. ਕਥੂਰੀਆ ਨੇ ਕਿਹਾ ਕਿ ਅਸੀਂ ਮਾਂ ਬੋਲੀ ਦਾ ਕਰਜ਼ ਕਦੇ ਵੀ ਉਤਾਰ ਨਹੀਂ ਸਕਦੇ ਪਰ ਪੰਜਾਬ ਵਿਚ ਬੱਚੇ ਮਾਂ ਬੋਲੀ ਤੋਂ ਦੂਰ ਜਾ ਰਹੇ ਹਨ। ਇਸ ਵਿਚ ਬੱਚਿਆਂ ਨਾਲੋਂ ਮਾਂ ਬਾਪ ਦੀ ਭੂਮਿਕਾ ਵਧੇਰੇ ਹੈ।

ਇਹ ਵੀ ਸਹੀ ਹੈ ਕਿ ਸਮੇਂ ਨਾਲ ਸਭ ਕੁਝ ਬਦਲ ਰਿਹਾ ਹੈ। ਇਸ ਦਾ ਪ੍ਰਭਾਵ ਸਾਡੀ ਭਾਸ਼ਾ 'ਤੇ ਵੀ ਪਿਆ ਹੈ। ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਪਹਿਲਾਂ ਪੰਜਾਬੀ ਬੋਲੀ ਨਾਲ ਜੋੜਨਾ ਪਵੇਗਾ।

ਉਨ੍ਹਾਂ ਕਿਹਾ ਕਿ ਦੁਨੀਆਂ ਦੀਆਂ ਜਿੰਨੀਆਂ ਮਰਜ਼ੀ ਭਾਸ਼ਾਵਾਂ ਸਿੱਖੋ ਪਰ ਮਾਂ ਬੋਲੀ ਨੂੰ ਉਸਦਾ ਪਹਿਲਾ ਸਥਾਨ ਜ਼ਰੂਰ ਦਿਓ।

ਪਰਵਾਸੀ ਪੰਜਾਬੀ ਭਾਵੇਂ ਆਪਣੇ ਮੁਲਕ ਤੋਂ ਦੂਰ ਵਿਦੇਸ਼ਾਂ ਵਿਚ ਵੱਸਦੇ ਹਨ ਪਰ ਉਨ੍ਹਾਂ ਦਾ ਆਪਣੇ ਮੁਲਕ, ਆਪਣੇ ਰਾਜ, ਆਪਣੀ ਭਾਸ਼ਾ ਨਾਲ ਅੰਤਾਂ ਦਾ ਮੋਹ ਹੈ। ਪਰ ਦੁਨੀਆਂ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਅਲੋਪ ਹੋ ਗਈਆਂ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਰਲ ਕੇ ਦੇਸ਼ ਵਿਦੇਸ਼ ਵਿਚ ਪੰਜਾਬੀ ਬੋਲੀ ਦਾ ਲਗਾਤਾਰ ਪ੍ਰਚਾਰ ਪ੍ਰਸਾਰ ਕਰਨਾ ਚਾਹੀਦਾ ਹੈ।

ਵਧੇਰੇ ਧਿਆਨ ਨੌਜਵਾਨਾਂ ਵੱਲ ਦੇਣ ਦੀ ਲੋੜ ਹੈ। ਇਸ ਮਾਮਲੇ ਵਿਚ ਪਰਵਾਸੀ ਪੰਜਾਬੀ, ਪੰਜਾਬ ਦੇ ਪੰਜਾਬੀਆਂ ਨਾਲੋਂ ਅੱਗੇ ਹਨ। ਉਥੇ ਘਰਾਂ ਵਿਚ ਮਾਪੇ ਬੱਚਿਆਂ ਨਾਲ ਪੰਜਾਬੀ ਹੀ ਬੋਲਦੇ ਹਨ। ਪੰਜਾਬ ਵਿਚ ਅਜਿਹਾ ਨਹੀਂ ਹੈ।

ਪੰਜਾਬੀ ਦੀ ਵਿਦੇਸ਼ਾਂ ਵਿਚ ਵੀ ਓਨੀ ਹੀ ਲੋੜ ਹੈ। ਕੈਨੇਡਾ ਦੇ ਸ਼ਹਿਰ ਬਰੈਂਪਟਨ, ਸਰੀ, ਵੈਨਕੂਵਰ ਵਿਚ ਪੰਜਾਬੀਆਂ ਦਾ ਸਾਰਾ ਕਾਰੋਬਾਰ ਪੰਜਾਬੀ ਬੋਲੀ ਵਿਚ ਹੁੰਦਾ ਹੈ। ਕਿਉਂਕਿ ਉਥੇ ਮਾਲਕ, ਖਰੀਦਦਾਰ, ਕਰਮਚਾਰੀ ਸਾਰੇ ਪੰਜਾਬੀ ਹਨ। ਡਾ. ਕਥੂਰੀਆ ਨੇ ਅਖੀਰ ਵਿਚ ਕਿਹਾ ਕਿ ਜੇਕਰ ਤੁਹਾਨੂੰ ਆਪਣੀ ਭਾਸ਼ਾ ਨਹੀਂ ਆਉਂਦੀ, ਤਾਂ ਤੁਸੀਂ ਕੋਈ ਹੋਰ ਭਾਸ਼ਾ ਵੀ ਚੰਗੀ ਤਰ੍ਹਾਂ ਨਹੀਂ ਸਿੱਖ ਸਕਦੇ। ਕੈਨੇਡਾ ਵਿਚ ਸਕੂਲਾਂ ਵਿਚ ਪੰਜਾਬੀ ਪੜ੍ਹਾਈ ਜਾਂਦੀ ਹੈ, ਪੰਜਾਬੀ ਮੇਲੇ ਲੱਗਦੇ ਹਨ, ਵਿਆਹ-ਸ਼ਾਦੀਆਂ ਪੰਜਾਬੀ ਮਾਹੌਲ ਅਨੁਸਾਰ ਹੁੰਦੀਆਂ ਹਨ।




## ਟਰੰਪ ਅਤੇ ਟਿੱਕ-ਟਾਕ

19 ਜਨਵਰੀ ਨੂੰ ਕਾਨੂੰਨ ਅਨੁਸਾਰ ਐਪਲ ਇੰਕ ਅਤੇ ਗੂਗਲ ਨੇ ਅਮਰੀਕਾ ਵਿਚ ਆਪਣੇ ਐਪ ਸਟੋਰ ਵਿਚੋਂ ਟਿੱਕ-ਟਾਕ ਨੂੰ ਹਟਾ ਦਿੱਤਾ। ਇਸ ਤੋਂ ਕੁਝ ਹੀ ਘੰਟੇ ਪਹਿਲਾਂ 'ਟਿੱਕ-ਟਾਕ' ਨੇ 17 ਕਰੋੜ ਅਮਰੀਕੀਆਂ ਲਈ ਸੇਵਾਵਾਂ ਰੋਕ ਦਿੱਤੀਆਂ ਸਨ। ਬੀਤੇ ਸਾਲ ਰਾਸ਼ਟਰਪਤੀ ਜੋਅ ਬਾਇਡਨ ਨੇ ਨਵੇਂ ਕਾਨੂੰਨ 'ਤੇ ਦਸਤਖ਼ਤ ਕੀਤੇ ਸਨ। ਬੀਤੇ ਦਿਨੀਂ ਟਰੰਪ ਨੇ ਸੰਕੇਤ ਦਿੱਤੇ ਸਨ ਕਿ ਅਹੁਦਾ ਸੰਭਾਲਣ ਬਾਅਦ ਉਹ ਟਿੱਕ-ਟਾਕ ਨੂੰ ਕਾਨੂੰਨ ਤੋਂ 90 ਦਿਨ ਲਈ ਰਾਹਤ ਦੇ ਸਕਦੇ ਹਨ। ਇਸ ਨਾਲ ਅਮਰੀਕਾ ਵਿਚ ਟਿੱਕ-ਟਾਕ ਵਰਤਣ ਵਾਲਿਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਫੈਸਲਾ ਕਰਦੇ ਵਕਤ ਟਰੰਪ ਨੇ 90 ਦੀ ਥਾਂ 70 ਦਿਨਾਂ ਦੀ ਰਾਹਤ ਦਿੱਤੀ ਹੈ।

## ਟਰੰਪ ਅਤੇ ਮਸਕ

ਐਲਨ ਮਸਕ ਕਦੇ ਡੋਨਾਲਡ ਟਰੰਪ ਦਾ ਆਲੋਚਕ ਰਿਹਾ ਹੈ। ਪਰੰਤੂ ਸਮੇਂ ਨਾਲ ਚੋਣਾਂ ਵਿਚ ਉਸਦਾ ਵੱਡਾ ਪ੍ਰਚਾਰਕ ਬਣ ਗਿਆ। ਟਰੰਪ ਦੀ ਸ਼ਾਨਦਾਰ ਜਿੱਤ ਵਿਚ ਮਸਕ ਦੀ ਅਹਿਮ ਭੂਮਿਕਾ ਰਹੀ ਹੈ। ਦੋਵੇਂ ਇਕ ਦੂਸਰੇ ਦੀ ਖੁੱਲ੍ਹ ਕੇ ਪ੍ਰਸ਼ੰਸਾ ਕਰ ਰਹੇ ਹਨ। ਟਰੰਪ ਦੀ ਜਿੱਤ ਤੋਂ ਬਾਅਦ ਮਸਕ ਨੇ ਕਿਹਾ ਸੀ, "ਭਵਿੱਖ ਸ਼ਾਨਦਾਰ ਹੋਣ ਵਾਲਾ ਹੈ।" ਇਸ ਤੋਂ ਪਹਿਲਾਂ 2016 ਅਤੇ 2020 ਦੀਆਂ ਚੋਣਾਂ ਵਿਚ ਉਸਨੇ ਹਿਲੇਰੀ ਕਲਿੰਟਨ ਅਤੇ ਜੋਅ ਬਾਈਡਨ ਦੀ ਮਦਦ ਕੀਤੀ ਸੀ।

ਟਰੰਪ ਨੇ ਐਲਨ ਮਸਕ ਨੂੰ ਸਰਕਾਰੀ ਵਿਭਾਗ ਦਾ ਮੁਖੀ ਬਣਾਉਂਦਿਆਂ ਕਿਹਾ ਕਿ ਇਹ ਮੇਰੇ ਪ੍ਰਸ਼ਾਸਨ ਲਈ ਸਰਕਾਰੀ ਨੌਕਰਸ਼ਾਹੀ ਨੂੰ ਖ਼ਤਮ ਕਰਨ, ਵਾਧੂ ਨਿਯਮਾਂ ਨੂੰ ਘਟਾਉਣ, ਫਜ਼ੂਲ ਖਰਚ ਵਿਚ ਕਟੌਤੀ ਕਰਨ ਅਤੇ ਸੰਘੀ ਏਜੰਸੀਆਂ ਦੇ ਪੁਨਰਗਠਨ ਲਈ ਰਸਤਾ ਬਣਾਉਣਗੇ।

## ਟਰੰਪ ਅਤੇ ਜ਼ੁਕਰਬਰਗ

ਦੁਨੀਆਂ ਦੇ ਵੱਡੇ ਆਈ.ਟੀ. ਆਗੂ ਟਰੰਪ ਦੀ ਜਿੱਤ ਬਾਅਦ ਉਸ ਨਾਲ ਦੋਸਤੀ ਵਧਾਉਣ ਦੀ ਕੋਸ਼ਿਸ਼ ਵਿਚ ਹਨ। ਜ਼ੁਕਰਬਰਗ ਇਸ ਵਿਚ ਕਾਮਯਾਬ ਹੋ ਗਏ ਹਨ। ਇਸ 'ਤੇ ਹੈਰਾਨੀ ਪ੍ਰਗਟ ਕਰਦੇ ਹੋਏ ਟਰੰਪ ਨੇ ਕਿਹਾ "ਪਿਛਲੀ ਵਾਰ ਹਰ ਕੋਈ ਮੇਰੇ ਨਾਲ ਲੜ੍ਹ ਰਿਹਾ ਸੀ। ਇਸ ਵਾਰ ਹਰ ਕੋਈ ਮੇਰਾ ਮਿੱਤਰ ਬਣਨਾ ਚਾਹੁੰਦਾ ਹੈ। ਮੈਨੂੰ ਸਮਝ ਨਹੀਂ ਆ ਰਹੀ ਕਿ ਮੇਰਾ ਵਿਅਕਤੀਤਵ ਬਦਲ ਗਿਆ ਹੈ ਜਾਂ ਕੋਈ ਹੋਰ ਕਾਰਨ ਹਨ?"

ਜ਼ੁਕਰਬਰਗ ਨੇ ਟਰੰਪ ਦੇ ਸਹੁੰ ਚੁੱਕ ਸਮਾਗਮ ਲਈ ਵੱਡੀਆਂ ਰਕਮਾਂ ਵੀ ਦਿੱਤੀਆਂ ਹਨ। ਨਤੀਜੇ ਵਜੋਂ ਟਰੰਪ ਨੇ ਉਸਨੂੰ ਹੋਸਟ ਦੀ ਜ਼ਿੰਮੇਵਾਰੀ ਸੌਂਪੀ। ਨਵੰਬਰ ਦੇ ਅਖੀਰ ਵਿਚ ਡੋਨਾਲਡ ਟਰੰਪ ਨੇ ਰਾਤ ਦੇ ਖਾਣੇ ਲਈ ਜ਼ੁਕਰਬਰਗ ਨੂੰ ਸੱਦਿਆ ਸੀ। ਉਹ ਵੀ ਦਿਨ ਸਨ, ਜਦ ਟਰੰਪ ਨੇ ਜ਼ੁਕਰਬਰਗ ਨੂੰ ਜੇਲ੍ਹ ਭੇਜਣ ਦੀ ਧਮਕੀ ਦੇ ਦਿੱਤੀ ਸੀ।

## ਟਰੰਪ ਦਾ ਮੀਡੀਆ ਕਾਰੋਬਾਰ

ਟਰੰਪ ਮੀਡੀਆ ਅਤੇ ਟੈਕਨਾਲੋਜੀ ਗਰੁੱਪ ਵੱਲੋਂ 'ਟਰੁੱਥ ਸੋਸ਼ਲ' ਨਾਂ ਦਾ ਸੋਸ਼ਲ ਮੀਡੀਆ ਪਲੇਟਫਾਰਮ ਚਲਾਇਆ ਜਾ ਰਿਹਾ ਹੈ। ਇਸਦੀ ਸ਼ੁਰੂਆਤ ਚਾਰ ਸਾਲ ਪਹਿਲਾਂ 2021 ਵਿਚ ਕੀਤੀ ਗਈ ਸੀ। ਅਮਰੀਕਾ ਵਿਚ ਇਸਨੂੰ ਟਵਿੱਟਰ ਅਤੇ ਫੇਸਬੁੱਕ ਦਾ ਬਦਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਨੇਕਾਂ ਔਕੜਾਂ ਪਾਰ ਕਰਦਿਆਂ 'ਟਰੁੱਥ ਸੋਸ਼ਲ' ਅੱਜ ਅਮਰੀਕਾ ਵਿਚ ਕਾਫ਼ੀ ਚਰਚਿਤ ਹੈ। ਇਸ ਨੂੰ 'ਟਵਿੱਟਰ ਕਲੋਨ' ਵੀ ਕਿਹਾ ਜਾਂਦਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ 'ਟਰੁੱਥ ਸੋਸ਼ਲ' ਦੀ ਆਮਦਨ ਅੱਜ ਮਸਕ ਦੇ 'ਐਕਸ' ਨਾਲੋਂ ਵੱਧ ਹੈ।

# ਜਦੋਂ ਗੁਰਮੁਖ ਸਿੰਘ ਸ਼ੇਰਗਿੱਲ ਨੇ ਬਲਦੇ ਹੋਏ ਘਰ ਵਿਚੋਂ ਇੱਕ ਗੋਰੀ ਔਰਤ ਦੀ ਜਾਨ ਬਚਾਈ

ਇਹ ਗੱਲ ਸੰਨ ਮਈ 1974 ਦੀ ਹੈ, ਜਦੋਂ ਗੁਰਮੁਖ ਸਿੰਘ ਸ਼ੇਰਗਿੱਲ ਚੜ੍ਹਦੀ ਜਵਾਨੀ ਵਿਚ ਸਨ ਅਤੇ ਇੰਗਲੈਂਡ ਦੇ ਸ਼ਹਿਰ 'ਵੌਲਸਾਲ' ਵਿਖੇ ਰਹਿੰਦੇ ਸਨ। ਜਦੋਂ ਦੁਪਹਿਰ 2 ਵਜੇ ਆਪਣੇ ਕੰਮ ਦੀ ਸ਼ਿਫਟ ਖਤਮ ਕਰਕੇ ਘਰ ਨੂੰ ਬੱਸ ਰਾਹੀਂ ਆ ਰਹੇ ਸਨ, ਤਾਂ ਰਾਹ ਵਿਚ ਇੱਕ ਘਰ ਅੱਗ ਨਾਲ ਮੱਚ ਰਿਹਾ ਸੀ ਤੇ ਭਾਂਬੜ ਬਲ਼ ਰਹੇ ਸਨ। ਇਸ ਸਮੇਂ ਇੱਕ ਲੜਕੀ ਜੋ ਕਿ ਉਸ ਔਰਤ ਦੀ ਬੇਟੀ ਸੀ, ਬੱਸ ਦੇ ਅੱਗੇ ਆ ਕੇ ਮਦਦ ਲਈ ਪੁਕਾਰ ਕਰਨ ਲੱਗੀ ਕਿ ਮੇਰੀ ਮਾਤਾ ਅੰਦਰ ਅੱਗ ਵਿਚ ਫਸ ਗਈ ਹੈ। ਸਾਰੇ ਪੈਸੰਜਰ ਬੱਸ 'ਚੋਂ ਬਾਹਰ ਆ ਗਏ, ਪਰ ਕੋਈ ਵੀ ਉਸ ਲੇਡੀ ਦੀ ਮਦਦ ਲਈ ਘਰ ਵਿਚ ਜਾਣ ਨੂੰ ਤਿਆਰ ਨਾ ਹੋਇਆ।

ਪਰ ਗੁਰਮੁਖ ਸਿੰਘ ਸ਼ੇਰਗਿੱਲ ਦੇ ਹੱਥ ਵਿਚ ਇੱਕ ਕੱਚ ਦੀ ਦੁੱਧ ਵਾਲੀ ਖਾਲੀ ਬੋਤਲ ਆ ਗਈ। ਉਨ੍ਹਾਂ ਨੇ ਛੇਤੀ ਨਾਲ ਘਰ ਦੀ ਪਿਛਲੇ ਪਾਸੇ ਕਿਚਨ ਵਾਲੀ ਖਿੜਕੀ ਤੋੜ ਕੇ ਅੰਦਰ ਛਾਲ ਮਾਰ ਦਿੱਤੀ। ਉਨ੍ਹਾਂ ਦੇਖਿਆ ਕਿ ਧੂੰਏ ਦੇ ਵਿਚ ਇੱਕ ਬਜ਼ੁਰਗ ਔਰਤ ਬੇਹੋਸ਼ ਕਦੇ ਖੜ੍ਹ ਜਾਂਦੀ ਤੇ ਕਦੇ ਡਿੱਗ ਪੈਂਦੀ ਪਰ ਗੁਰਮੁਖ ਸਿੰਘ ਉਸਨੂੰ ਚੁੱਕ ਕੇ ਬਾਹਰ ਲੈ ਆਇਆ। ਦੋ ਆਦਮੀ ਜਿਨ੍ਹਾਂ 'ਚੋਂ ਇਕ ਦਾ ਨਾਮ ਮੋਹਨ ਲਾਲ, ਜੋ ਪਿਛਲੇ ਦਰਵਾਜ਼ੇ ਕੋਲ ਖੜ੍ਹੇ ਸਾਨੂੰ ਦੇਖ ਰਹੇ ਸਨ। ਉਨ੍ਹਾਂ ਨੇ ਉਸ ਔਰਤ ਜਿਸਦਾ ਨਾਮ ਪੀਟ ਸੀ ਤੇ ਗੁਰਮੁੱਖ ਸਿੰਘ ਨੂੰ ਬਾਹਰ ਧੂਹ ਲਿਆ। ਇਸ ਸਮੇਂ ਗੁਰਮੁਖ ਸਿੰਘ ਨੂੰ ਵੀ ਧੂੰਆਂ ਚੜ੍ਹ ਗਿਆ ਤੇ ਨਕਸੀਰ ਫੁੱਟ ਗਈ। ਜੇਕਰ ਦੱਸ ਸੈਕਿੰਟ ਹੋਰ ਅੰਦਰ ਰਹਿ ਜਾਂਦੇ, ਤਾਂ ਉਸ ਔਰਤ ਨੇ ਤਾਂ ਮਰਨਾ ਹੀ ਸੀ ਪਰ ਗੁਰਮੁਖ ਸਿੰਘ ਹੋਰਾਂ ਦੀ ਜਾਨ ਵੀ ਜਾ ਸਕਦੀ ਸੀ। ਇਹ ਕਾਰਨਾਮਾ ਗੁਰਮੁਖ ਸਿੰਘ ਨੇ ਭਰ ਜਵਾਨੀ ਵਿਚ ਕੀਤਾ, ਜਦੋਂ ਉਹ 19 ਸਾਲਾਂ ਦੇ ਸਨ।

ਅੱਗ ਨਾਲ ਮੱਚ ਰਹੇ ਘਰ ਦੀ ਗੁਆਂਢਣ ਸ਼੍ਰੀਮਤੀ ਗਰਟਰੂਡ ਹੈਂਪਟਨ ਨੇ ਕਿਹਾ "ਧੂੰਆਂ ਅਤੇ ਅੱਗ ਦੀਆਂ ਲਪਟਾਂ ਸੱਚਮੁੱਚ ਬਹੁਤ ਭਿਆਨਕ ਸਨ"।




Men save widow trapped in blazing home

THREE men who braved intense flames and smoke to rescue a widow from her blazing home, probably saved her life.

Comfortable

ਸ. ਗੁਰਮੁੱਖ ਸਿੰਘ ਸ਼ੇਰਗਿੱਲ, ਸਰੀ ਅਤੇ ਅੰਗਰੇਜ਼ੀ ਅਖ਼ਬਾਰ ਦੀ ਕਟਿੰਗ ਗੁਰਮੁਖ ਸਿੰਘ ਸ਼ੇਰਗਿੱਲ ਦੀ ਫੋਟੋ ਨਾਲ।

ਗੁਰਮੁਖ ਸਿੰਘ ਸ਼ੇਰਗਿੱਲ ਨੇ ਗੱਲਬਾਤ ਕਰਦਿਆਂ ਦੱਸਿਆਂ ਕਿ ਇਹ ਖ਼ਬਰ ਉਸ ਸਮੇਂ ਇੰਗਲੈਂਡ ਦੇ ਮੁੱਖ ਪੇਪਰ 'ਐਕਸਪ੍ਰੈੱਸ ਸਟਾਰ' ਅਤੇ ਦੂਸਰਾ 'ਈਵਨਿੰਗ ਮੇਲ' ਵਿਚ ਮੁੱਖ ਪੰਨੇ 'ਤੇ ਛਪੀ ਸੀ। ਇਹ ਅਖ਼ਬਾਰਾਂ ਮੈਂ ਕਈ ਸਾਲ ਸਾਂਭ ਕੇ ਰੱਖੀਆਂ ਪਰ 1992 ਵਿਚ ਜਦੋਂ ਕੈਨੇਡਾ ਆਏ, ਤਾਂ ਉਸ ਸਮੇਂ ਅਖ਼ਬਾਰਾਂ ਦੀ ਕਟਿੰਗਜ਼ ਕਿਧਰੇ ਗੁਆਚ ਗਈਆਂ।

ਪਰ ਧੰਨਵਾਦ ਹੈ ਅੱਜ ਦੀ ਟੈਕਨਾਲੋਜੀ ਦਾ ਅਤੇ ਸਤਨਾਮ ਸਿੰਘ ਢੁੱਲਰ 'ਫਿਲਮ ਮੇਕਰ' ਦਾ, ਜਿਸਨੇ ਇਹ ਸਾਰੀ ਖ਼ਬਰ ਦੀ ਪੁਰਾਣੀ ਕਟਿੰਗਜ਼ ਕੰਪਿਊਟਰ ਵਿਚੋਂ ਕੱਢ ਕੇ ਮੈਨੂੰ ਦਿੱਤੀ।

ਉਸ ਸਮੇਂ ਅੱਗ ਲੱਗਣ ਦਾ ਕਾਰਨ ਇੱਕ ਰਹੱਸ ਸੀ। ਜਦੋਂ ਫਾਇਰ ਬ੍ਰਿਗੇਡ ਅਤੇ ਪੁਲਿਸ ਨੇ ਜਾਂਚ ਕੀਤੀ, ਤਾਂ ਪਤਾ ਲੱਗਿਆ ਕਿ ਘਰ ਨੂੰ ਅੱਗ ਸ਼੍ਰੀਮਤੀ ਪੀਟ ਦੀ ਉਸੇ ਧੀ ਮੈਰੀ ਟੇਲਰ ਨੇ ਹੀ ਲਾਈ ਸੀ, ਜੋ ਕਿ ਮਦਦ ਲਈ ਪੁਕਾਰ ਰਹੀ ਸੀ ਤੇ ਉਹ ਅੱਗ ਲਾ ਕੇ ਬਾਹਰ ਨਿਕਲ ਆਈ ਸੀ।

ਜਦੋਂ ਸ. ਗੁਰਮੁਖ ਸਿੰਘ ਸ਼ੇਰਗਿੱਲ ਨੂੰ ਪੁੱਛਿਆ ਕਿ ਐਨਾ ਹੌਂਸਲਾ ਤੁਹਾਡੇ ਵਿਚ ਕਿਵੇਂ ਆਇਆ, ਤਾਂ ਉਨ੍ਹਾਂ ਕਿਹਾ ਕਿ ਇਹ ਮੇਰੇ ਪਿਤਾ ਸ. ਪਿਆਰਾ ਸਿੰਘ ਅਤੇ ਮਾਤਾ ਰੇਸ਼ਮ ਕੌਰ ਵੱਲੋਂ ਦਿੱਤੇ ਸੰਸਕਾਰ ਸਨ। ਉਨ੍ਹਾਂ ਦੱਸਿਆ ਕਿ ਮੈਂ ਵੀ ਛੋਟਾ ਹੁੰਦਾ ਸਾਡੇ ਪਿੰਡ ਜਮਸ਼ੇਰ ਖਾਸ (ਜ਼ਿਲ੍ਹਾ ਜਲੰਧਰ) ਖੂਹੀ ਵਿਚ ਡਿੱਗ ਪਿਆ ਸੀ ਪਰ ਮੇਰੇ ਪਿਤਾ ਨੇ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਮੇਰੇ ਮਗਰ ਹੀ ਖੂਹੀ ਵਿਚ ਛਾਲ ਮਾਰ ਦਿੱਤੀ ਤੇ ਮੈਨੂੰ ਬਚਾਇਆ। ਜਦੋਂ ਮੈਨੂੰ ਮੇਰਾ ਪਿਤਾ ਖੂਹੀ ਵਿਚੋਂ ਬਾਹਰ ਕੱਢ ਰਿਹਾ ਸੀ, ਤਾਂ ਮੈਂ ਰੋਣ ਲੱਗਾ ਤਾਂ ਮੇਰੇ ਪਿਤਾ ਨੇ ਹੌਂਸਲਾ ਦਿੱਤਾ ਕਿ ਪੁੱਤਰਾ ਜਾਂ ਦੋਵੇਂ ਬਾਹਰ ਨਿਕਲਾਂਗੇ ਜਾਂ ਦੋਵੇਂ ਇਕੱਠੇ ਹੀ ਮਰਾਂਗੇ।

ਇਸ ਔਰਤ ਦੀ ਜਾਨ ਬਚਾਉਣ ਦਾ ਕਾਰਨ ਮੇਰੇ ਪਿਤਾ ਦੇ ਦਿੱਤੇ ਸੰਸਕਾਰ ਹੀ ਸਨ। ਮੇਰੇ ਮਾਤਾ ਜੀ ਰੇਸ਼ਮ ਕੌਰ ਵੀ ਕਹਿੰਦੇ ਰਹਿੰਦੇ ਸਨ ਕਿ ਮਦਦ ਹਮੇਸ਼ਾਂ ਲੋੜਵੰਦ ਦੀ ਕਰੋ, ਕਿਸੇ ਦੀ ਜਾਨ ਬਚਾਉਣੀ ਵੱਡਾ ਪੁੰਨ ਹੈ। ਇਹ ਗੱਲਾਂ ਮੇਰੇ ਮਾਤਾ-ਪਿਤਾ ਦੀਆਂ ਹਮੇਸ਼ਾਂ ਮਨ ਵਿਚ ਰਹਿੰਦੀਆਂ ਹਨ ਅਤੇ ਹੁਣ ਵੀ ਆਪਣੇ ਬੱਚਿਆਂ ਹੋਰ ਮਿੱਤਰਾਂ ਦੋਸਤਾਂ ਨੂੰ ਇਨ੍ਹਾਂ ਬਾਰੇ ਦੱਸਦਾ ਰਹਿੰਦਾ ਹਾਂ। ਜਦੋਂ ਇਹ ਖ਼ਬਰ ਇੰਗਲੈਂਡ ਦੇ ਅਖ਼ਬਾਰਾਂ ਵਿਚ ਛਪੀ, ਤਾਂ ਗੋਰੇ ਲੋਕ ਵੀ ਪੰਜਾਬੀਆਂ ਦੀ ਬਹੁਤ ਇੱਜ਼ਤ ਕਰਨ ਲੱਗੇ ਕਿ ਇਹ ਲੋਕ ਵਾਕਈ ਬਹਾਦਰ ਹਨ ਅਤੇ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਹਰ ਇੱਕ ਦੀ ਮਦਦ ਕਰਦੇ ਹਨ।

# ਸਾਂਝੇ ਚੁੱਲ੍ਹੇ ਦਾ ਸ਼ਾਂਤ, ਸੰਤੁਸ਼ਟ ਤੇ ਸ਼ਾਨਾਮੱਤਾ ਸੱਭਿਆਚਾਰ

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ
ਮੋਬ : 78373-90309
ਪੰਜਾਬ ਮੇਲUSA



ਪੰਜਾਬ ਦੀ ਜੀਵਨ ਸ਼ੈਲੀ ਵਿਚ ਸੱਭਿਆਚਾਰ ਦੀ ਅਮਿੱਟ ਛਾਪ ਹੈ। ਜਿਸ ਦਾ ਚਾਨਣ ਰੋਜ਼ਮੱਰਾ ਦੀ ਕਿਰਿਆ ਨੂੰ ਖੁਸ਼ੀਆਂ ਨਾਲ ਰਸ਼ਨਾਉਂਦਾ ਹੈ। ਇਸ ਦੀਆ ਮਿੱਥਾਂ, ਕਲਾ, ਰੀਤੀ-ਰਿਵਾਜ਼ ਨਾਲ ਉਪਜੀ ਆਪਸੀ ਸਾਂਝ ਇਕ ਵੱਖਰੀ ਕਾਇਨਾਤ ਸਿਰਜਦੀ ਹੈ। ਸੱਭਿਆਚਾਰ ਬਾਰੇ ਮਹਾਤਮਾ ਗਾਂਧੀ ਜੀ ਲਿਖਦੇ ਹਨ "ਇੱਕ ਰਾਸ਼ਟਰ ਦਾ ਸੱਭਿਆਚਾਰ ਉਸ ਦੇ ਲੋਕਾਂ ਦੇ ਦਿਲਾਂ ਅਤੇ ਆਤਮਾ ਵਿਚ ਵਸਦਾ ਹੈ, ਬਾਸ਼ਰਤੇ ਪੀੜ੍ਹੀ-ਦਰ-ਪੀੜ੍ਹੀ ਚੱਲਣਾ ਵੀ ਜ਼ਰੂਰੀ ਹੈ।" ਸਾਂਝੇ ਕਾਰਜ, ਸਮਾਜਿਕ ਵਿਵਹਾਰ, ਖੁਸ਼ੀਆਂ-ਗਮੀਆਂ ਦੀਆਂ ਰਸਮਾਂ ਅਤੇ ਮੋਹ ਦੀਆਂ ਤੰਦਾਂ ਨਾਲ ਬੱਝੇ ਸਾਂਝੇ ਚੁੱਲ੍ਹੇ ਤੇ ਸਾਂਝੇ ਪਰਿਵਾਰ ਗੁਰੂਆਂ ਦੀਆਂ ਬਖਸ਼ਿਸ਼ਾਂ ਹਨ, ਜਿਸ ਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ। ਕੁੱਲ ਆਲਮ ਵਿਚ ਪੰਜਾਬ ਦੇ ਵਿਰਾਸਤੀ ਸੱਭਿਆਚਾਰ ਦੀ ਵੱਖਰੀ ਸ਼ਾਨ ਅਤੇ ਪਹਿਚਾਣ ਹੈ।



ਸਾਂਝਾ ਚੁੱਲਾ ਪਰਿਵਾਰ ਦੀਆਂ ਖੁਸ਼ੀਆਂ ਦੀ ਆਧਾਰ ਹੈ। ਇਸ ਵਿਚ ਪਰਿਵਾਰ ਨੂੰ ਜੋੜ ਕੇ ਰੱਖਣ ਦੀ ਅਲੌਕਿਕ ਸ਼ਕਤੀ ਹੈ। ਇਸ ਦਾ ਇੱਕ ਖ਼ਾਸ ਸਥਾਨ ਤੈਅ ਸੀ। ਘਰ ਦੀਆਂ ਔਰਤਾਂ ਪਿੰਡ ਦੇ ਟੋਭੇ 'ਚੋਂ ਚੀਕਣੀ ਮਿੱਟੀ ਲਿਆ ਕੇ ਤਿਆਰ ਕਰਦੀਆਂ ਸਨ। ਕਈ ਵਾਰ ਮਿੱਟੀ ਲਿਆਉਣ ਦਾ ਕੰਮ ਮਰਦਾਂ ਤੋਂ ਵੀ ਲਿਆ ਜਾਂਦਾ ਸੀ। ਉਸ ਮਿੱਟੀ ਨਾਲ ਚੁੱਲ੍ਹਾ ਤਿਆਰ ਕਰਦੇ, ਜਿਸ ਦੇ ਢਾਂਚੇ ਦੀ ਮਜ਼ਬੂਤੀ ਲਈ ਇੱਟਾਂ, ਪੀਲੀ ਮਿੱਟੀ ਤੇ ਤੂੜੀ ਦੀ ਵਰਤੋਂ ਵੀ ਕੀਤੀ ਜਾਂਦੀ। ਚੁੱਲ੍ਹੇ ਦੇ ਨਾਲ ਹਾਰਾ, ਲੋਹ-ਚੁਰ, ਤੰਦੂਰ ਅਤੇ ਭੱਠੀ ਵੀ ਬਣਾਈ ਜਾਂਦੀ। ਜੋ ਸਰਦੀਆਂ ਵਿਚ ਖੋਆ ਕੱਢਣ ਜਾਂ ਵਿਆਹ ਸ਼ਾਦੀਆਂ ਦੇ ਸਮੇਂ ਵਰਤਦੇ ਸਨ। ਅੱਜ ਵਾਂਗ ਕੰਮ ਕਰਦੇ ਹਾਲੀ, ਪਾਲੀ (ਹਾਲੀ ਹਲਵਾਹਕ ਖੇਤਾਂ ਵਿਚ ਕੰਮ ਕਰਨ ਵਾਲੇ ਤੇ ਪਾਲੀ ਪਸ਼ੂ ਪਾਲਣ ਵਾਲੇ) ਆਪਣੇ ਨਾਲ ਰੋਟੀ ਦੇ ਡੱਬੇ ਚੁੱਕ ਕੇ ਨਹੀਂ ਲਿਆਉਂਦੇ ਸਨ, ਸਭ ਲਈ ਖਾਣਾ ਘਰ ਹੀ ਤਿਆਰ ਹੁੰਦਾ। ਹਾਰੇ ਵਿਚ ਮੱਠੀ ਅੱਗ ਨਾਲ ਕੜਦਾ ਦੁੱਧ, ਰਿਝਦੀ ਦਾਲ ਜਾਂ ਸਾਗ ਦੀ ਮਹਿਕ ਘਰ ਦੇ ਮਾਹੌਲ ਨੂੰ ਮਹਿਕਣ ਲਾ ਦਿੰਦੀ। ਚੁੱਲ੍ਹੇ ਦੀ ਵਰਤੋਂ ਥੋੜੀ ਦਾਲ ਰੋਟੀ ਬਣਾਉਣ ਲਈ ਕੀਤੀ ਜਾਂਦੀ। ਲੋਹ ਵੱਡੇ ਅਕਾਰ ਦਾ ਚੁੱਲ੍ਹਾ ਹੈ, ਜਿਸ ਉਪਰ ਲੋਹੇ ਦੀ ਤਵੀ ਰੱਖ 10 ਤੋਂ 15 ਰੋਟੀਆਂ ਇਕੋ ਸਮੇਂ ਬਣ ਸਕਦੀਆਂ ਹਨ। ਲੋਹ ਦੀ ਤੇਜ਼ ਅੱਗ ਲਈ ਹਰ-ਹਰ ਜਾਂ ਕਪਾਹ ਦੀਆਂ ਛਿਟੀਆਂ ਅਤੇ ਕਮਾਦ ਦੀ ਪੱਤੀ ਦੀ ਵੀ ਵਰਤੋਂ ਬਾਲਣ ਦੇ ਰੂਪ ਵਿਚ ਕਰਦੇ ਸਨ। ਸਰਦੀਆਂ ਵਿਚ ਚੁੱਲ੍ਹੇ ਦੀ ਅੱਗ ਮਾਨਣ ਦਾ ਨਿੱਘਾ ਨਜ਼ਾਰਾ ਬਿਜਲਈ ਹੀਟਰਾਂ ਨੂੰ ਫੇਲ ਕਰ ਦਿੰਦਾ।

ਸਾਂਝੇ ਚੁੱਲੇ ਦੇ ਢਾਂਚੇ ਜਾਂ ਚੌਤਰਾ ਬੀਤੇ ਜ਼ਮਾਨੇ ਦੀ ਖੁੱਲ੍ਹੀ ਰਸੋਈ (ਓਪਨ ਕਿਚਨ) ਸੀ, ਜਿਸ ਵਿਚ ਭਾਂਡੇ ਰੱਖਣ ਲਈ ਚੌਂਕਾ ਬਣਾਉਂਦੇ ਸਨ। ਮਾਡਰਨ ਸਮੇਂ ਦੀ ਅਤਿ ਆਧੁਨਿਕ ਮੋਡੂਲਰ ਕਿਚਨ ਦੇ ਤੁਲ ਭਾਵੇਂ ਮਾਸਾ ਵੀ ਨਹੀਂ ਪਰ ਉਥੇ ਤਿਉ-ਮੁਹੱਬਤ ਨਾਲ ਬਣਦਾ ਖਾਣਾ ਤੇ ਤੀਆਂ ਦੀਆਂ ਰੌਣਕਾਂ ਵਰਗੇ ਦਿਨਾਂ ਦਾ ਸਵਰਗਮਈ ਵਾਸਾ ਕਿਧਰੇ ਨਜ਼ਰ ਨਹੀਂ ਆਉਂਦਾ। ਉਸ ਵਕਤ ਪਰਦੇ ਦਾ ਵੀ ਖਾਸ ਧਿਆਨ ਰੱਖਦੇ ਸਨ। ਚੁੱਲ੍ਹੇ ਦੁਆਲੇ ਤਿੰਨ ਤੋਂ ਚਾਰ ਫੁੱਟ ਉਚਾ ਓਟਾ ਬਣਾਇਆ ਜਾਂਦਾ, ਤਾਂ ਜੋ ਬਾਹਰੋਂ ਆਏ ਵਿਅਕਤੀ ਦੀ ਨਜ਼ਰ ਸੁਆਣੀਆਂ ਜਾ ਖਾਣੇ ਉੱਪਰ ਨਾ ਜਾਵੇ। ਚੌਂਤਰੇ ਦੀ ਕੰਧ ਵਿਚ ਆਲੇ ਬਣਾਏ ਜਾਂਦੇ ਸਨ, ਜਿਸ ਵਿਚ ਸਜਾਵਟੀ ਜਾ ਨਿੱਕਆਨਾ ਸਮਾਨ ਸਾਂਭਿਆ ਜਾਂਦਾ ਸੀ। ਚੁੱਲੇ ਦੀ ਸਜਾਵਟੀ ਦਿੱਖ ਲਈ ਆਂਢ-ਗੁਆਂਢ ਨਾਲੋਂ ਆਪਸ ਵਿਚ ਨਣਦਾਂ, ਭਰਜਾਈ, ਬਾਲੜੀਆਂ ਤੇ ਮਾਈਆਂ ਦਾ ਮੁਕਾਬਲਾ ਨਿਰੰਤਰ ਚਲਦਾ ਰਹਿੰਦਾ, ਜਿਸ ਨੂੰ ਸਜਾਉਣ ਵਿਚ ਪੂਰੀ ਵਾਹ ਲਗਾ ਦਿੰਦੀਆਂ ਸਨ। ਵਿਹੜੇ ਤੇ ਚੌਤਰੇ ਵਿਚ ਸਾਫ ਨਾਲ ਹੱਥ ਪੀਲੀ ਮਿੱਟੀ ਦਾ ਪੋਚਾ ਪੱਕੇ ਫਰਸ਼ ਨੂੰ ਮਾਤ ਪਾਉਂਦੇ। ਓਟੇ ਅਤੇ ਭਾਂਡੇ ਰੱਖਣ ਵਾਲੇ ਚੌਂਕੇ ਨੂੰ ਵਿਰਾਸਤੀ ਹੱਥੀਂ ਚਿੱਤਰਕਾਰੀ ਨਾਲ ਸਜਾਇਆ ਜਾਂਦਾ ਸੀ। ਕੰਧਾਂ ਉਪਰ ਪਾਂਡੂ ਫੇਰਨ ਪਿੱਛੋਂ ਫੁੱਲ ਬੂਟੇ, ਤਾਰੇ, ਚਿੜੀਆਂ, ਕਬੂਤਰ, ਮੋਰ, ਘੋੜੇ ਆਦਿ ਬਣਾ ਕੇ ਸਜਾਉਂਦੇ ਸਨ, ਜਿਸ ਲਈ ਨੀਲੀ, ਪੀਲੀ ਗਾਜ਼ਣੀ, ਲਾਲ, ਹਰਾ ਤੇ ਗੁਲਾਨਾਰੀ ਰੰਗ ਦੀ ਵਧੇਰੇ ਵਰਤੋਂ ਹੁੰਦੀ। ਚੌਂਕੇ ਵਿਚ ਪਏ ਕਾਂਸੀ, ਤਾਂਬੇ, ਸਟੀਲ, ਪਿੱਤਲ ਥਾਲ, ਕੰਗਣੀ ਵਾਲੇ ਗਿਲਾਸ, ਛੰਨੇ, ਬਾਟੀਆਂ, ਤੇ ਪਤੀਲੇ ਵਰਗੇ ਭਾਂਡਿਆਂ ਦੀ ਪੈਂਦੀ ਸੋਨੇ ਚਾਂਦੀ ਵਰਗੀ ਚਮਕ ਚੌਂਕੇ ਦੀ ਸ਼ੋਭਾ ਨੂੰ ਹੋਰ ਵਧਾ ਦਿੰਦੀ। ਦੁੱਧ ਕਾੜਨ ਵਾਲੇ ਹਾਰੇ ਨੂੰ ਜ਼ਿਆਦਾਤਰ ਖਿੜਕੀ ਲਗਾ ਕੇ ਰੱਖਦੇ ਸਨ, ਤਾਂ ਜੋ ਜਾਨਵਰਾਂ ਬਚਾ ਹੋ ਜਾਵੇ ਤੇ ਕੰਮ ਬਿਨਾਂ ਡਰ ਤੋਂ ਕਰ ਸਕਣ। ਤਿਉਹਾਰਾਂ ਦੇ ਦਿਨਾਂ ਵਿਚ ਔਰਤਾਂ ਚੁੱਲ੍ਹੇ-ਚੌਂਕੇ ਦੀ ਸਜਾਵਟ ਦਾ ਖਾਸ ਧਿਆਨ ਰੱਖਦੀਆਂ ਸਨ।

ਸੁੱਚਮ ਰੱਖਦੇ ਹੋਏ ਬੱਚਿਆਂ ਨੂੰ ਖਾਣਾ ਚੌਂਤਰੇ ਤੋਂ ਬਾਹਰ ਪਰੋਸਿਆ ਜਾਂਦਾ। ਪਰ ਜਮਾਈ ਜਾ ਮਹਿਮਾਨਾਂ ਦੀ ਆਮਦ 'ਤੇ ਪਹਿਲਾਂ ਖਾਣਾ ਉਨ੍ਹਾਂ ਨੂੰ ਪਰੋਸਦੇ ਸਨ, ਉਂਜ ਜ਼ਿਆਦਾਤਰ ਚੌਂਕੇ ਵਿਚੋਂ ਪਹਿਲਾਂ ਖਾਣਾ ਵੱਡੇ ਬਜ਼ੁਰਗਾਂ ਨੂੰ ਦਿੰਦੇ ਸਨ। ਤਿਉਹਾਰਾਂ ਦੇ ਸਮੇਂ ਚੁੱਲ੍ਹੇ-ਚੌਂਕੇ ਦੀ ਰੌਣਕ ਦੁੱਗਣੀ ਹੋ ਜਾਂਦੀ। ਉਸ ਸਮੇਂ ਖੋਏ ਦੀ ਬਰਫੀ, ਚੌਲਾਂ ਦੀਆਂ ਪਿੰਨੀਆਂ, ਪਕੌੜੇ ਅਤੇ ਲੱਡੂ ਘਰ ਹੀ ਬਣਾਉਂਦੇ ਜਾਂਦੇ ਸਨ। ਚੁੱਲ੍ਹੇ ਕੋਲੋਂ ਉਠਦੀਆਂ ਸੁਗੰਦਾਂ ਦੇ ਨਾਲ ਘਰ ਦਾ ਚਾਰ ਚੁਫੇਰੇ ਸਵਾਦਲਾ ਹੋ ਜਾਂਦਾ।

ਸਾਂਝੇ ਪਰਿਵਾਰ ਦੀ ਪਵਿੱਤਰ ਰੀਤ ਜਿਥੇ ਕੁਨਬੇ ਨੂੰ ਸੰਯੁਕਤ ਰੱਖਦੀ, ਉਥੇ ਹੀ ਬੱਚਿਆਂ ਨੂੰ ਸੰਸਕਾਰੀ ਸਿੱਖਿਆ ਵੀ ਆਪ ਮੁਹਾਰੇ ਪ੍ਰਾਪਤ ਹੋ ਜਾਂਦੀ ਸੀ। ਪਿਆਰ ਨਾਲ ਰਹਿਣਾ, ਵੰਡ ਕੇ ਖਾਣਾ, ਮਿਲ ਕੇ ਖੇਡਣਾ ਵਰਗੀਆਂ ਸਾਧਾਰਨ ਗੱਲਾਂ ਨੂੰ ਦੱਸਣ ਦੀ ਲੋੜ ਨਹੀਂ ਪੈਂਦੀ। ਇਹ ਸਭ ਕੁਝ ਘਰ ਦੇ ਵਰਤਾਰੇ ਨੂੰ ਦੇਖ ਹੀ ਸਿੱਖ ਜਾਂਦੇ। ਭਾਵੇਂ ਅੱਜ ਵਾਂਗ ਪੈਸੇ ਦੀ ਬਹੁਤਾਤ ਨਹੀਂ ਸੀ ਪਰ ਖੁਸ਼ੀਆਂ ਜ਼ਰੂਰ ਬੇਹਿਸਾਬੀਆਂ ਸਨ। ਤੰਗੀਆਂ-ਤੁਰਸ਼ੀਆਂ ਦਾ ਸੰਘਰਸ਼ੀ ਜੀਵਨ ਹਰ ਕਸੌਟੀ ਉੱਤੇ ਖਰੇ ਉਤਰਨ ਦੀ ਤਾਂਘ ਰੱਖਦਾ ਹੈ। ਬਚਪਨ ਵਿਚ ਮਿਲੀ ਸਿੱਖਿਆ ਜੀਵਨ ਜਾਂਚ ਸਿਖਾਉਂਦੀ ਹੈ, ਜਿਸ ਨਾਲ ਘਾਟੇ ਨੂੰ ਸਹਿਣਾ, ਵਾਧੇ ਵੇਲੇ ਸੰਜਮ, ਮਿਹਨਤ ਕਰਨਾ, ਮੁਸ਼ਕਲਾਂ ਵਿਚ ਸਾਥ ਨਿਭਾਉਣ ਵਾਲੇ ਗੁਣ ਬੱਚੇ ਦੇ ਮਨ 'ਤੇ ਉੱਕਰ ਜਾਂਦੇ ਹਨ, ਜੋ ਤਾਉਮਰ ਮਿਹਨਤ ਨਾਲ ਜੀਵਨ ਨੂੰ ਸੁਖਾਲਾ ਬਣਾਉਣ ਵਿਚ ਸਹਾਈ ਹੁੰਦੇ ਹਨ। ਇਹ ਵਿਰਾਸਤ ਸਤਿਕਾਰ, ਪਿਆਰ, ਸੰਵੇਦਨਾ ਸਮਾਜਿਕ ਵਿਕਾਸ, ਸੁਰੱਖਿਆ, ਸਿੱਖਿਆ ਅਤੇ ਜ਼ਿੰਮੇਵਾਰੀ ਨਿਭਾਉਣ ਦੇ ਗੁਣ ਦੇਣ ਵਾਲੀ ਸੰਸਥਾ ਤੋਂ ਘੱਟ ਨਹੀਂ। ਪਾਕਿਸਤਾਨ ਦੀ ਸਿਰਮੌਰ ਗਾਇਕਾ ਰੇਸ਼ਮਾ ਨੇ ਬਲਵੰਤ ਗਾਰਗੀ ਦਾ ਲਿਖਿਆ ਗੀਤ "ਸ਼ੁਕਰ ਰੱਬਾ ਸਾਂਝਾ ਚੁੱਲ੍ਹਾ ਬਲਿਆ" ਨੂੰ ਆਪਣੀ ਸੋਜ਼ ਭਰੀ ਆਵਾਜ਼ ਨਾਲ ਰੱਬ ਦਾ ਸ਼ੁਕਰਾਨਾ ਕਰ ਪੰਜਾਬੀ ਵਿਰਾਸਤ ਦੇ ਸਤਿਕਾਰ ਵਿਚ ਹੋਰ ਇਜ਼ਾਫਾ ਕਰ ਦਿੱਤਾ।

ਅਜੋਕੇ ਸਮੇਂ ਦੀ ਪੀੜ੍ਹੀ ਲਈ ਇਹ ਪ੍ਰੰਪਰਾ ਵੱਡਾ ਸਬਕ ਹੋ ਸਕਦੀ ਸੀ ਪਰ ਇਸ ਰੀਤ ਦੀ ਖੜੋਤ ਤੇ ਅਲੋਪ ਹੋਣ ਦਾ ਮੰਜਰ ਸਾਹਮਣੇ ਹੈ। ਬਾਕੀ ਕਸਰ ਨਵਯੁੱਗ ਦੀਆਂ ਕਾਢਾਂ ਨੇ ਪੂਰੀ ਕਰ ਦਿੱਤੀ, ਜਿਨ੍ਹਾਂ ਦੇ ਸਦਉਪਯੋਗ ਦੇ ਨਾਲੋਂ ਦੁਰਉਪਯੋਗ ਜ਼ਿਆਦਾ ਹੋ ਰਿਹਾ ਹੈ। ਅੱਜ ਸਭ ਹੱਥੀਂ ਤੇ ਦਿਮਾਗੀ ਕੰਮ ਜਲਦੀ ਤੇ ਸੌਖਿਆਂ ਹੋਣ ਦਾ ਅਨੰਦ ਮਾਣ ਰਹੇ ਹਨ। ਪਰ ਉਸ ਕਾਰਨ ਵਿਹਲਾ ਮਨ ਸ਼ੈਤਾਨ ਦਾ ਘਰ ਹੋਰ ਵੱਡਾ ਹੋ ਗਿਆ। ਸਾਂਝੀ ਸੰਗਤ ਵਿਚ ਮਿਲਣ ਵਾਲੀ ਸੰਜੀਦਾ ਸਿੱਖਿਆ ਤੋਂ ਵਾਂਝੇ ਹੋ ਗਏ। ਸਾਕ-ਸਬੰਧੀਆਂ ਦੀ ਮਿਲਣੀ ਖੁਸ਼ੀ ਤੇ ਗ਼ਮੀ ਦੇ ਸਮਾਗਮਾਂ ਤੱਕ ਸਿਮਟ ਕੇ ਰਹਿ ਗਈ। ਅਸੀਂ ਸੱਭਿਆਚਾਰ ਦੇ ਨਾਲੋਂ-ਨਾਲ ਸੰਸਕਾਰਾਂ ਤੋਂ ਵੀ ਪਾਸਾ ਵੱਟ ਗਏ। ਮਾਡਰਨ ਯੁੱਗ ਦੇ ਮਾਪੇ ਪੀੜ੍ਹੀ ਦਰ ਪੀੜ੍ਹੀ ਵਾਲੇ ਸੰਸਕਾਰ ਮਹਿੰਗੇ ਸਕੂਲਾਂ ਜਾਂ ਇੰਟਰਨੈੱਟ ਦੇ ਜ਼ਰੀਏ ਮੋਬਾਇਲ ਤੋਂ ਲੱਭਦੇ ਹਨ। ਪਰ ਉਹ ਸਿੱਖਿਆਵਾਂ ਬੱਚਿਆਂ ਲਈ ਮਨੋਰੰਜਨ ਤੋਂ ਅੱਗੇ ਨਹੀਂ ਵਧਦੀਆਂ। ਬੀਤੇ ਸਮੇਂ ਨੂੰ ਮੋੜਿਆ ਨਹੀਂ ਜਾ ਸਕਦਾ ਪਰ ਸਾਡੇ ਚਿੰਤਨਸ਼ੀਲ ਬਜ਼ੁਰਗ ਅੱਜ ਵੀ ਝੋਲੀਆਂ ਨਜ਼ਰਾਂ ਨਾਲ ਇਹ ਹੀ ਲੱਭਦੇ ਹਨ, ਕਾਸ਼ ਕਿਤੇ ਉਹ ਬੀਤੇ ਵੇਲੇ ਮੁੜ ਆਵਣ...

ਹਕੀਕਤ ਵਿਚ ਸ਼ਾਨਾਮੱਤਾ ਸੱਭਿਆਚਾਰ ਸਾਨੂੰ ਜ਼ਿੰਦਗੀ ਜਿਊਣ ਦਾ ਸਲੀਕਾ ਦੱਸਦਾ ਹੈ, ਜਿਸ ਨਾਲ ਅਸੀਂ ਸ਼ਾਂਤ ਤੇ ਸੰਤੁਸ਼ਟੀ ਭਰਿਆ ਜੀਵਨ ਬਸਰ ਕਰ ਸਕਦੇ ਹਾਂ। ਆਪਣੇ ਕਾਰਜਾਂ ਪ੍ਰਤੀ ਸਹਿਜ, ਸਦਾਚਾਰਕ ਤੇ ਪ੍ਰਪੱਕਤਾ ਦਾ ਪੱਖ ਉਨਤੀ ਦਾ ਲੈਅਬੰਧ ਸਿਧਾਂਤ ਹੈ। ਆਓ ਸਭ ਮਿਲ਼ ਕੇ ਸਹੁਰਦਿਤਾ ਨਾਲ ਸਿਰਜਨਾਤਮਿਕ ਪਗਡੰਡੀਆਂ ਵੱਲ ਮੁੜ ਚੱਲੀਏ, ਜਿਸ ਨਾਲ ਖ਼ੁਸ਼ੀ ਦੀਆਂ ਫੁਹਾਰਾਂ ਫਿਰ ਤੋਂ ਫੁੱਟਣ ਲੱਗ ਜਾਵਣ। ਸਾਂਝੇ ਪਰਿਵਾਰ ਦੀਆਂ ਮਜ਼ਬੂਤ ਜੜ੍ਹਾਂ ਮੁੜ ਰਿਸ਼ਤਿਆਂ ਨੂੰ ਆਪਣੀਆਂ ਵਲਗਣਾਂ ਵਿਚ ਸਮਾ ਲੈਣ। ਫ਼ਿਲਮਾਂ, ਟੀ.ਵੀ. ਜਾਂ ਕਿਤਾਬਾਂ ਵਿਚ ਅਮੀਰ ਸੱਭਿਆਚਾਰ ਬਾਰੇ ਸੁਣ, ਪੜ੍ਹ ਜਾਂ ਦੇਖ ਕੇ ਮਿਲਣ ਵਾਲੇ ਸਕੂਨ ਨੂੰ ਅਸਲ ਜ਼ਿੰਦਗੀ ਵਿਚ ਪੈਦਾ ਕਰਨ ਦੇ ਉਪਰਾਲੇ ਕਰੀਏ, ਤਾਂ ਜੋ ਕੁਦਰਤ ਦੀ ਬਖਸ਼ੀ ਅਨਮੋਲ ਮਨੁੱਖੀ ਜ਼ਿੰਦਗੀ ਦਾ ਹਰ ਪਲ ਯਾਦਗਾਰ ਬਣ ਜਾਵੇ। ਸਾਂਝੇ ਪਰਿਵਾਰ ਦੇ ਸਾਂਝੇ ਚੁੱਲ੍ਹੇ ਦਾ ਵਿਹੜਾ ਹਮੇਸ਼ਾ ਵਧਦਾ, ਫੁਲਦਾ ਤੇ ਖੁਸ਼ੀਆਂ ਬਖੇਰਦਾ ਨਜ਼ਰ ਆਵੇ।

# ਸਰਦੀਆਂ ਵਿਚ ਗੁਰਦੇ ਦੀ ਪੱਥਰੀ ਦਾ ਖ਼ਤਰਾ ਕਿਉਂ ਵੱਧ ਜਾਂਦਾ ਹੈ ?

ਵਿਜੇ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ
ਪੰਜਾਬ ਮੇਲUSA



ਗੁਰਦੇ ਦੀ ਪੱਥਰੀ ਜਾਂ ਗੁਰਦੇ ਦੀ ਕੈਲਕੂਲੀ ਇੱਕ ਆਮ ਸਿਹਤ ਸਮੱਸਿਆ ਹੈ, ਜਿਸ ਦਾ ਸਮੇਂ ਸਿਰ ਇਲਾਜ ਨਾ ਹੋਣ 'ਤੇ ਗੰਭੀਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਪੀਲਾ ਪਿਸ਼ਾਬ, ਜਲਨ ਦੀ ਭਾਵਨਾ ਪੱਥਰੀ ਦੇ ਕਾਰਨ ਹੋ ਸਕਦੀ ਹੈ। ਜਦੋਂ ਪੱਥਰੀ ਬਣ ਜਾਂਦੀ ਹੈ, ਤਾਂ ਇਹ ਛੋਟੇ-ਛੋਟੇ ਸਖ਼ਤ ਖਣਿਜ ਗੁਰਦਿਆਂ ਦੇ ਅੰਦਰ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ। ਕੀ ਸਰਦੀਆਂ ਵਿਚ ਗੁਰਦੇ ਦੀ ਪੱਥਰੀ ਦੇ ਮਾਮਲੇ ਵੱਧਦੇ ਹਨ? ਸਰਦੀਆਂ ਵਿਚ ਗੁਰਦੇ ਦੀ ਪੱਥਰੀ ਵਧਣ ਦੇ ਕਾਰਨਾਂ ਨੂੰ ਸਮਝਣ ਲਈ ਅਸੀਂ ਕਈ ਖੋਜ ਪੱਤਰ ਦੇਖੇ ਹਨ। ਤਾਂ ਜੋ ਸੱਚ ਤੁਹਾਡੇ ਤੱਕ ਪਹੁੰਚਾਇਆ ਜਾ ਸਕੇ। ਗੁਰਦੇ ਦੀ ਪੱਥਰੀ ਦੇ ਲੱਛਣ ਗੰਭੀਰ ਦਰਦ, ਮਤਲੀ ਅਤੇ ਉਲਟੀਆਂ ਦਾ ਕਾਰਨ ਬਣ ਸਕਦੇ ਹਨ। ਜੇਕਰ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ, ਤਾਂ ਇਹ ਗੁਰਦੇ ਦੇ ਕੰਮ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ। ਇਸ ਕਾਰਨ ਸਰਦੀਆਂ ਵਿਚ ਗੁਰਦੇ ਦੀ ਪੱਥਰੀ ਬਣਨੀ ਸ਼ੁਰੂ ਹੋ ਜਾਂਦੀ ਹੈ। ਸਰਦੀ ਆਪਣੇ ਨਾਲ ਕਈ ਜੀਵਨਸ਼ੈਲੀ ਅਤੇ ਸਰੀਰਕ ਬਦਲਾਅ ਲੈ ਕੇ ਆਉਂਦੀ ਹੈ, ਜੋ ਕਿ ਕਿਡਨੀ ਸਟੋਨ ਦਾ ਕਾਰਨ ਬਣਦੀ ਹੈ। ਠੰਡੇ ਮਹੀਨਿਆਂ ਦੌਰਾਨ ਲੋਕ ਸਰੀਰਕ ਤੌਰ 'ਤੇ ਘੱਟ ਸਰਗਰਮ ਹੁੰਦੇ ਹਨ। ਜਿਸ ਕਾਰਨ ਪਾਚਨ ਅਤੇ ਅੰਤੜੀਆਂ ਦੀ ਗਤੀ ਹੌਲੀ ਹੋ ਸਕਦੀ ਹੈ। ਜਿਸ ਕਾਰਨ ਕਿਡਨੀ ਸਟੋਨ ਬਣਨ ਦਾ ਖਤਰਾ ਵੱਧ ਜਾਂਦਾ ਹੈ। ਘੱਟ ਪਾਣੀ ਪੀਣ ਅਤੇ ਸਰੀਰਕ ਤੌਰ 'ਤੇ ਘੱਟ ਸਰਗਰਮ ਹੋਣ ਕਾਰਨ ਟਾਇਲਟ ਜਾਣ 'ਚ ਮੁਸ਼ਕਲ ਆਉਂਦੀ ਹੈ। ਇਸ ਪੈਟਰਨ ਵਿਚ ਵੀ ਇੱਕ ਸਮੱਸਿਆ ਹੈ, ਜੋ ਕਿਡਨੀ ਵਿਚ ਪੱਥਰੀ ਬਣਨ ਦਾ ਕਾਰਨ ਬਣਦਾ ਹੈ।



**ਡੀਹਾਈਡਰੇਸ਼ਨ:** ਜਰਨਲ ਆਫ਼ ਐਨਵਾਇਰਨਮੈਂਟਲ ਹੈਲਥ ਐਂਡ ਪ੍ਰੀਵੈਂਟਿਵ ਮੈਡੀਸਨ ਵਿਚ ਪ੍ਰਕਾਸ਼ਿਤ ਇੱਕ ਖੋਜ ਦੇ ਅਨੁਸਾਰ, ਸਰਦੀਆਂ ਵਿਚ ਡੀਹਾਈਡਰੇਸ਼ਨ ਜ਼ਿਆਦਾ ਹੁੰਦੀ ਹੈ ਕਿਉਂਕਿ ਲੋਕ ਘੱਟ ਪਾਣੀ ਪੀਂਦੇ ਹਨ। ਅਕਸਰ ਆਪਣੇ ਸਰੀਰ ਦੀਆਂ ਹਾਈਡਰੇਸ਼ਨ ਲੋੜਾਂ ਨੂੰ ਘੱਟ ਸਮਝੋ। ਇਸ ਨਾਲ ਟਾਇਲਟ ਮੋਟਾ ਹੋ ਜਾਂਦਾ ਹੈ, ਜੋ ਕਿ ਗੁਰਦੇ ਦੀ ਪੱਥਰੀ ਨੂੰ ਬਣਨ ਲਈ ਇੱਕ ਆਦਰਸ਼ ਵਾਤਾਵਰਣ ਬਣਾਉਂਦਾ ਹੈ।

**ਡਾਈਟ ਕਾਰਨ ਵੀ ਗੁਰਦੇ ਦੀ ਪੱਥਰੀ ਹੋ ਸਕਦੀ ਹੈ:** ਕੁਝ ਖਾਣ ਵਾਲੀਆਂ ਚੀਜ਼ਾਂ ਜਿਵੇਂ ਕਿ ਗਿਰੀਦਾਰ ਅਤੇ ਗਿਰੀਦਾਰ ਉਤਪਾਦ, ਮੂੰਗਫਲੀ, ਪਾਲਕ, ਲਾਲ ਮੀਟ, ਚਿਕਨ, ਬਹੁਤ ਜ਼ਿਆਦਾ ਪਨੀਰ ਅਤੇ ਹੋਰ ਡੇਅਰੀ ਉਤਪਾਦ ਖਾਣ ਨਾਲ ਸਰਦੀਆਂ ਵਿਚ ਪੱਥਰੀ ਬਣਨ ਦਾ ਖ਼ਤਰਾ ਵਧ ਸਕਦਾ ਹੈ। ਇਨ੍ਹਾਂ ਭੋਜਨ ਪਦਾਰਥਾਂ ਵਿਚ ਆਕਸੀਲੇਟਸ ਅਤੇ ਪ੍ਰੋਟੀਨ ਦੀ ਮਾਤਰਾ ਵਧੇਰੇ ਹੁੰਦੀ ਹੈ, ਜੋ ਪੱਥਰੀ ਬਣਾਉਣ ਵਿਚ ਮਦਦ ਕਰਦਾ ਹੈ।

**ਗੁਰਦੇ ਦੀ ਪੱਥਰੀ ਦੇ ਲੱਛਣ ਟਾਇਲਟ ਦੀ ਮਾਤਰਾ ਵਿਚ ਕਮੀ:** ਵਾਰ-ਵਾਰ ਟਾਇਲਟ ਜਾਣਾ ਅਤੇ ਪਿਸ਼ਾਬ ਦੀ ਮਾਤਰਾ ਘਟਣ ਨਾਲ ਗੁਰਦੇ ਦੀ ਪੱਥਰੀ ਘੱਟ ਜਾਂਦੀ ਹੈ।

**ਪਿੱਠ ਜਾਂ ਪੇਟ ਦੇ ਹੇਠਲੇ ਹਿੱਸੇ ਵਿਚ ਤੇਜ਼ ਦਰਦ:** ਜੇਕਰ ਤੁਹਾਡਾ ਦਰਦ ਇਨ੍ਹਾਂ ਹਿੱਸਿਆਂ ਵਿਚ ਅਚਾਨਕ ਸ਼ੁਰੂ ਹੋ ਜਾਂਦਾ ਹੈ ਅਤੇ ਇਹ ਦਰਦ ਕਦੇ ਤੀਬਰ ਅਤੇ ਕਦੇ ਘੱਟ ਹੋ ਸਕਦਾ ਹੈ।

**ਖ਼ੂਨ ਨਿਕਲਣਾ:** ਗੁਰਦੇ ਦੀ ਪੱਥਰੀ ਦੇ ਕਾਰਨ ਖ਼ੂਨ ਵਹਿਣਾ ਵੀ ਆਮ ਗੱਲ ਹੈ।

**ਪਿਸ਼ਾਬ ਨਾਲੀ ਵਿਚ ਜਲਨ ਅਤੇ ਸੰਕਰਮਣ:** ਜੇਕਰ ਪਿਸ਼ਾਬ ਕਰਦੇ ਸਮੇਂ ਜਲਨ ਜਾਂ ਦਰਦ ਹੁੰਦਾ ਹੈ, ਤਾਂ ਇਹ ਗੁਰਦੇ ਦੀ ਪੱਥਰੀ ਅਤੇ ਸੰਕਰਮਣ ਦੇ ਕਾਰਨ ਹੋ ਸਕਦਾ ਹੈ। ਗੁਰਦੇ ਦੀ ਪੱਥਰੀ ਦੇ ਕਾਰਨ ਸਰੀਰ ਵਿਚ ਖਣਿਜਾਂ ਦੀ ਘਾਟ ਜਦੋਂ ਪਖਾਨੇ ਵਿਚ ਕੈਲਸ਼ੀਅਮ, ਆਕਸਲੇਟ, ਯੂਰਿਕ ਐਸਿਡ ਵਰਗੇ ਖਣਿਜ ਪਦਾਰਥ ਬਣਨ ਲੱਗਦੇ ਹਨ, ਤਾਂ ਇਹ ਪੱਥਰੀ ਦਾ ਕਾਰਨ ਬਣ ਸਕਦਾ ਹੈ। ਵਾਧੂ ਕੈਲਸ਼ੀਅਮ ਅਤੇ ਆਕਸੀਲੇਟ ਪੱਥਰ ਬਣਾਉਂਦੇ ਹਨ।

**ਸਰੀਰ ਵਿਚ ਪਾਣੀ ਦੀ ਕਮੀ:** ਵਿਅਕਤੀ ਨੂੰ ਹਰ ਰੋਜ਼ 8-10 ਗਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਇਹ ਪਿਸ਼ਾਬ ਨੂੰ ਨਿਯੰਤਰਿਤ ਕਰਦਾ ਹੈ ਅਤੇ ਗੁਰਦੇ ਦੀ ਪੱਥਰੀ ਨੂੰ ਬਣਨ ਤੋਂ ਰੋਕਦਾ ਹੈ। ਜੇਕਰ ਸਰੀਰ ਵਿਚ ਪਾਣੀ ਦੀ ਕਮੀ ਹੋਵੇ, ਜੇਕਰ ਟਾਇਲਟ ਮੋਟਾ ਹੋ ਜਾਂਦਾ ਹੈ, ਤਾਂ ਖਣਿਜ ਇਕੱਠੇ ਹੋ ਜਾਂਦੇ ਹਨ ਅਤੇ ਪੱਥਰ ਬਣਦੇ ਹਨ। ਬਹੁਤ ਜ਼ਿਆਦਾ ਨਮਕ, ਪ੍ਰੋਟੀਨ, ਖੰਡ, ਮੋਟਾਪਾ, ਸ਼ੂਗਰ ਖਾਣ ਨਾਲ ਗੁਰਦੇ ਦੀ ਪੱਥਰੀ ਹੋ ਸਕਦੀ ਹੈ, ਕਿਡਨੀ ਦੀ ਇਨਫੈਕਸ਼ਨ ਅਤੇ ਪੱਥਰੀ ਦੀ ਸਮੱਸਿਆ ਹੋ ਸਕਦੀ ਹੈ।

# ਕਦੋਂ ਹੋਈ ਸੀ ਪੈਟਰੋਲੀਅਮ (ਖਣਿਜ ਤੇਲ) ਦੀ ਖੋਜ?






ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA


ਪੈਟਰੋਲੀਅਮ, ਜਿਸ ਨੂੰ ਤਰਲ ਸੋਨਾ ਵੀ ਕਿਹਾ ਜਾਂਦਾ ਹੈ, ਊਰਜਾ ਖੇਤਰ ਦੀ ਸਭ ਤੋਂ ਵੱਡੀ ਤੇ ਕ੍ਰਾਂਤੀਕਾਰੀ ਖੋਜ ਹੈ। ਇਸ ਨੇ ਮਨੁੱਖੀ ਸੱਭਿਅਤਾ ਦੇ ਵਿਕਾਸ ਵਿਚ ਹੋਰ ਕਿਸੇ ਵੀ ਕਾਰਕ ਨਾਲੋਂ ਵਡੇਰਾ ਯੋਗਦਾਨ ਪਾਇਆ ਹੈ। ਇਸ ਦੇ ਕਾਰਨ ਹੀ ਖੇਤੀਬਾੜੀ ਅਤੇ ਉਦਯੋਗਿਕ ਕ੍ਰਾਂਤੀ ਹੋਈ, ਸੜਕੀ ਤੇ ਸਮੁੰਦਰੀ ਸਫਰ ਵਿਚ ਤੇਜ਼ੀ ਆਈ ਤੇ ਹਵਾਈ ਸਫਰ ਸੰਭਵ ਹੋਇਆ ਹੈ। ਆਮ ਧਾਰਨਾ ਇਹ ਹੈ ਕਿ ਇਸ ਦੀ ਖੋਜ ਸਭ ਤੋਂ ਪਹਿਲਾਂ ਅਰਬ ਦੇਸ਼ਾਂ ਵਿਚ ਹੋਈ ਸੀ, ਜਿਸ ਕਾਰਨ ਉਹ ਦੁਨੀਆਂ ਦੇ ਸਭ ਤੋਂ ਧਨਾਡ ਦੇਸ਼ ਬਣ ਗਏ ਹਨ। ਪਰ ਅਸਲੀਅਤ ਇਹ ਹੈ ਕਿ ਇਨਸਾਨ ਹਜ਼ਾਰਾਂ ਸਾਲਾਂ ਤੋਂ ਪੈਟਰੋਲੀਅਮ ਦੀ ਹੋਂਦ ਤੋਂ ਜਾਣੂ ਸੀ ਤੇ ਕਿਸੇ ਨਾ ਕਿਸੇ ਰੂਪ ਵਿਚ ਇਸ ਦੀ ਵਰਤੋਂ ਕੀਤੀ ਜਾ ਰਹੀ ਸੀ। ਜਦੋਂਕਿ ਇਰਾਨ ਵਿਚ ਤੇਲ ਦੀ ਖੋਜ 1908, ਇਰਾਕ ਵਿਚ 1927, ਸਾਊਦੀ ਅਰਬ ਵਿਚ 1938, ਕੁਵੈਤ ਵਿਚ 1939, ਕਤਰ ਵਿਚ 1949, ਦੁਬਈ ਵਿਚ 1966 ਤੇ ਆਬੂਧਾਬੀ ਅਤੇ ਸ਼ਾਰਜਾਹ ਵਿਚ 1960 'ਚ ਹੋਈ ਸੀ। ਇਨ੍ਹਾਂ ਦੇਸ਼ਾਂ ਵਿਚ ਤੇਲ ਦੀ ਖੋਜ ਹੋਣ ਤੋਂ ਪਹਿਲਾਂ ਹੀ ਸੰਸਾਰ ਦੇ ਅਨੇਕਾਂ ਦੇਸ਼ਾਂ ਵਿਚ ਰਿਫਾਈਨਰੀਆਂ ਲੱਗ ਚੁੱਕੀਆਂ ਸਨ, ਜੋ ਕਰੋੜਾਂ ਗੈਲਨ ਤੇਲ ਦਾ ਉਤਪਾਦਨ ਕਰ ਰਹੀਆਂ ਸਨ। ਮਹਾਨ ਯੂਨਾਨੀ ਇਤਿਹਾਸਕਾਰ ਹੈਰੋਡੋਟਸ (484 ਬੀ.ਸੀ. ਤੋਂ 419 ਬੀ.ਸੀ.) ਨੇ ਲਿਖਿਆ ਸੀ ਕਿ ਸੁਮੇਰੀਅਨ ਸੱਭਿਅਤਾ (ਮੌਜੂਦਾ ਇਰਾਕ 2000 ਬੀ.ਸੀ.) ਸਮੇਂ ਇਮਾਰਤਾਂ ਦੀਆਂ ਛੱਤਾਂ ਨੂੰ ਵਾਟਰ ਪਰੂਫ ਕਰਨ ਲਈ ਬਿਟੂਮਨ (ਸੜਕਾਂ ਬਣਾਉਣ ਲਈ ਵਰਤੀ ਜਾਣ ਵਾਲੀ ਤਾਰਕੋਲ ਵਰਗਾ ਪਦਾਰਥ) ਦੀ ਵਰਤੋਂ ਕੀਤੀ ਜਾਂਦੀ ਸੀ, ਜੋ ਉਸ ਇਲਾਕੇ ਵਿਚ ਕੁਦਰਤੀ ਤੌਰ 'ਤੇ ਪਾਇਆ ਜਾਂਦਾ ਸੀ। ਉਸ ਨੇ ਸੈਸੀਆ (ਯੂਨਾਨ) ਵਿਚ ਇੱਕ ਗਾੜ੍ਹੇ ਕਾਲੇ ਤਰਲ ਪਦਾਰਥ ਦੇ ਖੂਹ ਬਾਰੇ ਵੀ ਲਿਖਿਆ ਸੀ, ਜਿਸ ਦੀ ਵਰਤੋਂ ਅੱਗ ਬਾਲਣ ਵਾਸਤੇ ਕੀਤੀ ਜਾਂਦੀ ਸੀ। ਉਸ ਦੇ ਇਸ ਕਥਨ ਦੀ ਪ੍ਰੋੜਤਾ ਇਟਲੀ ਦੇ ਇਤਿਹਾਸਕਾਰ ਡਿਉਡੋਰਸ ਸਿਕੁਲਸ (90 ਬੀ.ਸੀ. ਤੋਂ 20 ਬੀ.ਸੀ.) ਨੇ ਵੀ ਕੀਤੀ ਸੀ।

ਚੀਨ ਵਿਚ ਤਾਂ 2000 ਸਾਲ ਪਹਿਲਾਂ ਤੋਂ ਹੀ ਪੈਟਰੋਲੀਅਮ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਜਾ ਰਹੀ ਸੀ। ਚੀਨ ਦੀ ਇੱਕ ਪ੍ਰਾਚੀਨ ਲਿਖਤ ਆਈ ਚਿੰਗ ਅਨੁਸਾਰ ਚੀਨ ਦੇ ਹੀਲਾਂਗਜਿਆਂਗ ਖੇਤਰ ਵਿਚ ਪਹਿਲੀ ਸਦੀ ਦੌਰਾਨ ਤੇਲ ਖੋਜਿਆ ਗਿਆ ਸੀ, ਜਿਸ ਦੀ ਵਰਤੋਂ ਰਾਤ ਨੂੰ ਰੌਸ਼ਨੀ ਕਰਨ ਲਈ ਮਸ਼ਾਲਾਂ ਤੇ ਲੈਂਪਾਂ, ਧਾਤਾਂ ਢਾਲਣ ਵਾਲੀਆਂ ਭੱਠੀਆਂ ਅਤੇ ਸਮੁੰਦਰੀ ਪਾਣੀ ਨੂੰ ਉਬਾਲ ਕੇ ਨਮਕ ਪ੍ਰਾਪਤ ਕਰਨ ਆਦਿ ਵਰਗੇ ਕਈ ਕੰਮਾਂ ਲਈ ਬਾਲਣ ਵਜੋਂ ਵਰਤਿਆ ਜਾਂਦਾ ਸੀ। ਚੀਨ, ਜਪਾਨ ਅਤੇ ਹੋਰ ਗੁਆਂਢੀ ਦੇਸ਼ਾਂ ਨੂੰ ਤੇਲ ਵੇਚ ਕੇ ਮੋਟਾ ਮੁਨਾਫਾ ਕਮਾਉਂਦਾ ਸੀ, ਜਿੱਥੇ ਇਸ ਨੂੰ ਬਲਣ ਵਾਲਾ ਪਾਣੀ ਕਿਹਾ ਜਾਂਦਾ ਸੀ। ਚੀਨ ਵਿਚ ਸੌਂਗ ਰਾਜਵੰਸ਼ ਦੇ ਸਮੇਂ ਇੱਕ ਉੱਘੇ ਵਿਗਿਆਨੀ ਸ਼ੇਨ ਕਿਉ ਨੇ 1088 ਈਸਵੀ ਵਿਚ ਲਿਖੀ ਆਪਣੀ ਪੁਸਤਕ ਵਿਚ ਪੈਟਰੋਲੀਅਮ ਲਈ ਸ਼ਬਦ ਸ਼ੀਊ (ਚੱਟਾਨਾਂ ਦਾ ਤੇਲ) ਵਰਤਿਆ ਹੈ। ਪੈਟਰੋਲੀਅਮ ਸ਼ਬਦ ਲੈਟਿਨ (ਰੋਮਨ ਸਾਮਰਾਜ ਦੀ ਭਾਸ਼ਾ) ਦੇ ਦੋ ਸ਼ਬਦਾਂ ਪੈਟਰਾ (ਚੱਟਾਨ) ਅਤੇ ਉਲੀਅਮ (ਤੇਲ) ਨੂੰ ਜੋੜ ਕੇ ਬਣਿਆ ਹੈ। 9ਵੀਂ ਸਦੀ ਵਿਚ ਬਾਕੂ ਸ਼ਹਿਰ (ਅਜ਼ਰਬਾਈਜਾਨ ਦੇਸ਼) ਦੇ ਨਜ਼ਦੀਕ ਸੰਸਾਰ ਦੇ ਸਭ ਤੋਂ ਵੱਡੇ ਤੇਲ ਦੇ ਭੰਡਾਰ ਖੋਜੇ ਗਏ ਸਨ। ਇਨ੍ਹਾਂ ਬਾਰੇ ਪ੍ਰਸਿੱਧ ਅਰਬੀ ਭੂਗੋਲ ਵਿਗਿਆਨੀ ਅਬੂ ਅਲ ਹਸਨ ਅਲੀ ਅਲ ਮਸੂਦੀ ਨੇ 10ਵੀਂ ਸਦੀ ਅਤੇ ਮਾਰਕੋ ਪੋਲੋ ਨੇ 13ਵੀਂ ਸਦੀ ਵਿਚ ਆਪਣੇ ਸਫਰਨਾਮਿਆਂ ਵਿਚ ਵਰਨਣ ਕੀਤਾ ਸੀ। ਮਾਰਕੋ ਪੋਲੋ ਨੇ ਲਿਖਿਆ ਸੀ ਕਿ ਇਥੇ ਐਨਾ ਤੇਲ ਪੈਦਾ ਹੋ ਰਿਹਾ ਹੈ, ਜਿਸ ਨਾਲ ਸੈਂਕੜੇ ਸਮੁੰਦਰੀ ਜਹਾਜ਼ ਭਰ ਸਕਦੇ ਹਨ।

19ਵੀਂ ਸਦੀ ਦੇ ਮੱਧ ਤੱਕ ਅਮਰੀਕਾ, ਕੈਨੇਡਾ, ਵੈਨਜ਼ੁਏਲਾ, ਪੀਰੂ ਅਤੇ ਬ੍ਰਾਜ਼ੀਲ ਆਦਿ ਕਈ ਦੇਸ਼ਾਂ 'ਚ ਤੇਲ ਦੇ ਭੰਡਾਰ ਮਿਲੇ ਸਨ। ਪਰ ਉਸ ਵੇਲੇ ਤੱਕ ਪੈਟਰੋਲ ਜਾਂ ਡੀਜ਼ਲ ਇੰਜਣ ਦੀ ਖੋਜ ਨਹੀਂ ਹੋਈ ਸੀ ਤੇ ਰੇਲਵੇ, ਸਮੁੰਦਰੀ ਜਹਾਜ਼ ਅਤੇ ਕਾਰਖਾਨੇ ਆਦਿ ਕੋਲੇ ਨਾਲ ਚੱਲਦੇ ਸਨ, ਜਿਸ ਕਾਰਨ ਤੇਲ ਦੀ ਕੋਈ ਜ਼ਿਆਦਾ ਮੰਗ ਨਹੀਂ ਸੀ। ਉਸ ਸਮੇਂ ਖਣਿਜ ਤੇਲ ਤੋਂ ਜ਼ਿਆਦਾਤਰ ਕੈਰੋਸਿਨ (ਮਿੱਟੀ ਦਾ ਤੇਲ) ਅਤੇ ਭਾਫ ਨਾਲ ਚੱਲਣ ਵਾਲੇ ਇੰਜਣਾਂ ਦੇ ਪੁਰਜਿਆਂ ਨੂੰ ਚਿਕਨਾਈ ਦੇਣ ਲਈ ਗਰੀਸ ਬਣਾਈ ਜਾਂਦੀ ਸੀ। ਮਹਿੰਗਾ ਹੋਣ ਕਾਰਨ ਕੈਰੋਸੀਨ ਦੀ ਵਰਤੋਂ ਸਿਰਫ ਉੱਚ ਸਰਕਾਰੀ ਅਧਿਕਾਰੀਆਂ ਅਤੇ ਅਮੀਰ ਲੋਕਾਂ ਦੇ ਘਰਾਂ ਵਿਚ ਰੌਸ਼ਨੀ ਕਰਨ ਵਾਲੀਆਂ ਲੈਂਪਾਂ ਵਾਸਤੇ ਕੀਤੀ ਜਾਂਦੀ ਸੀ ਤੇ ਆਮ ਲੋਕ ਸਸਤੀਆਂ ਮੋਮਬੱਤੀਆਂ ਦੀ ਵਰਤੋਂ ਕਰਦੇ ਸਨ। 1840 ਈਸਵੀ ਵਿਚ ਕੈਨੇਡਾ ਦੇ ਵਿਗਿਆਨੀ ਅਬਰਾਹਮ ਪੀਨੀਉ ਗੈਸਨਰ ਨੇ ਇੱਕ ਅਜਿਹੀ ਤਕਨੀਕ ਵਿਕਸਤ ਕੀਤੀ, ਜਿਸ ਕਾਰਨ ਕੈਰੋਸਿਨ ਬਹੁਤ ਘੱਟ ਲਾਗਤ ਨਾਲ ਤਿਆਰ ਹੋਣ ਲੱਗ ਪਿਆ ਤੇ ਆਮ ਲੋਕਾਂ ਦੀ ਪਹੁੰਚ ਵਿਚ ਆ ਗਿਆ। ਇਸ ਤੋਂ ਬਾਅਦ ਅਨੇਕਾਂ ਖੋਜਾਂ ਹੋਈਆਂ ਤੇ ਖਣਿਜ ਤੇਲ ਤੋਂ ਕੈਰੋਸਿਨ, ਪੈਰਾਫਿਨ ਅਤੇ ਤਾਰਕੋਲ ਤੋਂ ਇਲਾਵਾ ਹੋਰ ਵੀ ਕਈ ਪਦਾਰਥ ਤਿਆਰ ਹੋਣ ਲੱਗ ਪਏ। 1859 ਈਸਵੀ ਵਿਚ ਇੱਕ ਇੰਜੀਨੀਅਰ ਐਡਵਿਨ ਡਰੇਕ ਨੇ ਅਮਰੀਕਾ ਦੇ ਟਾਈਟਸਵਿਲੇ ਸ਼ਹਿਰ (ਪੈਨਸਿਲਵੇਨੀਆ) ਵਿਖੇ ਮਸ਼ੀਨ ਨਾਲ ਡਰਿਲਿੰਗ ਕਰਕੇ ਵਿਸ਼ਵ ਦਾ ਪਹਿਲਾ ਤੇਲ ਖੂਹ ਪੁੱਟਿਆ, ਜਿਸ ਨਾਲ ਇਸ ਉਦਯੋਗ ਵਿਚ ਕ੍ਰਾਂਤੀ ਆ ਗਈ ਕਿਉਂਕਿ ਉਤਪਾਦਨ ਦੀ ਮਾਤਰਾ ਵਧ ਗਈ ਤੇ ਲਾਗਤ ਘੱਟ ਹੋ ਗਈ। ਇਸ ਤੋਂ ਪਹਿਲਾਂ ਖੂਹ ਬੇਲਚਿਆਂ ਅਤੇ ਕੁਦਾਲਾਂ ਆਦਿ ਨਾਲ ਖੋਦੇ ਜਾਂਦੇ ਸਨ।

19ਵੀਂ ਸਦੀ ਵਿਚ ਤੇਲ ਨੂੰ ਛੋਟੀਆਂ-ਛੋਟੀਆਂ ਡਿਸਟਿਲਰੀਆਂ ਵਿਚ ਥੋੜ੍ਹੀ ਜਿਹੀ ਮਾਤਰਾ ਵਿਚ ਰਿਫਾਈਨ ਕੀਤਾ ਜਾਂਦਾ ਸੀ ਪਰ 20ਵੀਂ ਸਦੀ ਦੇ ਸ਼ੁਰੂ ਹੋਣ ਤੱਕ ਇਸ ਖੇਤਰ ਵਿਚ ਹੋਰ ਜ਼ਿਆਦਾ ਤਰੱਕੀ ਹੋਈ ਤੇ ਰੂਸ, ਅਮਰੀਕਾ ਤੇ ਕੈਨੇਡਾ ਆਦਿ ਵਿਚ ਵੱਡੀਆਂ-ਵੱਡੀਆਂ ਰਿਫਾਈਨਰੀਆਂ ਲੱਗਣ ਲੱਗ ਪਈਆਂ। ਰੂਸ ਦੇ ਸਾਇਬੇਰੀਆ, ਅਮਰੀਕਾ ਦੇ ਓਹਾਇਓ, ਟੈਕਸਾਸ, ਉਕਲਾਹਾਮਾ, ਕੈਲੀਫੋਰਨੀਆ ਅਤੇ ਕੈਨੇਡਾ ਦੇ ਅਲਬਰਟਾ ਸੂਬੇ ਤੋਂ ਇਲਾਵਾ ਅਨੇਕਾਂ ਦੇਸ਼ਾਂ ਵਿਚ ਨਵੇਂ ਤੇਲ ਭੰਡਾਰ ਖੋਜੇ ਗਏ। ਪਰ ਜਿਸ ਖੋਜ ਕਾਰਨ ਤੇਲ ਇੰਡਸਟਰੀ ਦਿਨਾਂ ਵਿਚ ਹੀ ਮਾਲਾਮਾਲ ਹੋ ਗਈ, ਉਹ ਸੀ ਡੀਜ਼ਲ ਅਤੇ ਪੈਟਰੋਲ ਨਾਲ ਚੱਲਣ ਵਾਲੇ ਇੰਜਣਾਂ ਦੀ ਖੋਜ। 1876 ਈਸਵੀ ਵਿਚ ਜਰਮਨੀ ਦੇ ਇੰਜੀਨੀਅਰ ਨਿਕੋਲਸ ਆਟੋ ਨੇ ਪੈਟਰੋਲ ਇੰਜਣ ਅਤੇ 1890 ਵਿਚ ਜਰਮਨੀ ਦੇ ਹੀ ਰੁਡੋਲਫ ਡੀਜ਼ਲ ਨੇ ਡੀਜ਼ਲ ਇੰਜਣ ਦਾ ਆਵਿਸ਼ਕਾਰ ਕੀਤਾ। ਡੀਜ਼ਲ ਈਂਧਣ ਦਾ ਨਾਮ ਰੁਡੋਲਫ ਡੀਜ਼ਲ ਤੋਂ ਹੀ ਰੱਖਿਆ ਗਿਆ ਹੈ। ਇਸ ਤੋਂ ਬਾਅਦ ਧੜਾਧੜ ਡੀਜ਼ਲ ਅਤੇ ਪੈਟਰੋਲ ਇੰਜਣਾਂ ਵਾਲੀਆਂ ਮੋਟਰ ਗੱਡੀਆਂ, ਸਮੁੰਦਰੀ ਜਹਾਜ਼, ਹਵਾਈ ਜਹਾਜ਼, ਰੇਲਵੇ ਇੰਜਣਾਂ ਅਤੇ ਫੌਜੀ ਵਾਹਨਾਂ ਆਦਿ ਦਾ ਨਿਰਮਾਣ ਹੋਣ ਲੱਗ ਪਿਆ ਤੇ ਤੇਲ ਭੰਡਾਰਾਂ ਵਾਲੇ ਦੇਸ਼ ਵਿਸ਼ਵ ਸ਼ਕਤੀ ਬਣ ਗਏ। ਪਹਿਲੇ ਅਤੇ ਦੂਸਰੇ ਵਿਸ਼ਵ ਯੁੱਧ ਨੇ ਤੇਲ ਦੀ ਅਹਿਮੀਅਤ ਹੋਰ ਵੀ ਵਧਾ ਦਿੱਤੀ। ਦੂਸਰੇ ਸੰਸਾਰ ਯੁੱਧ ਸਮੇਂ ਹਿਟਲਰ ਦੇ ਰੂਸ ਉੱਪਰ ਕੀਤੇ ਗਏ ਹਮਲੇ ਦਾ ਇੱਕੋ ਇੱਕ ਕਾਰਨ ਰੂਸ ਦੇ ਮੱਧ ਏਸ਼ੀਆਈ ਤੇਲ ਉਤਪਾਦਕ ਖੇਤਰਾਂ 'ਤੇ ਕਬਜ਼ਾ ਕਰਨਾ ਸੀ।

ਸਮੇਂ ਦੇ ਗੁਜ਼ਰਨ ਨਾਲ ਪੈਟਰੋਲੀਅਮ ਦੇ ਵਾਤਾਵਰਣ 'ਤੇ ਪੈਣ ਵਾਲੇ ਬੇਹੱਦ ਮਾੜੇ ਪ੍ਰਭਾਵ ਵੀ ਸਾਹਮਣੇ ਆ ਰਹੇ ਹਨ। ਕਿਸੇ ਸਮੇਂ ਮਨੁੱਖਤਾ ਲਈ ਵਰਦਾਨ ਮੰਨਿਆਂ ਜਾਣ ਵਾਲਾ ਪੈਟਰੋਲੀਅਮ ਹੁਣ ਇੱਕ ਸ਼ਰਾਪ ਬਣ ਗਿਆ ਹੈ। ਇਸ ਦੀ ਵਰਤੋਂ ਕਾਰਨ ਹਰ ਰੋਜ਼ ਲੱਖਾਂ ਕਰੋੜਾਂ ਟਨ ਕਾਰਬਨ ਡਾਇਆਕਸਾਈਡ ਅਤੇ ਕਾਰਬਨ ਮੋਨੋਆਕਸਾਈਡ ਆਦਿ ਵਰਗੀਆਂ ਘਾਤਕ ਗਰੀਨ ਹਾਊਸ ਗੈਸਾਂ ਪੈਦਾ ਹੋ ਰਹੀਆਂ ਹਨ, ਜੋ ਗਲੋਬਲ ਵਾਰਮਿੰਗ ਨੂੰ ਵਧਾਵਾ ਦੇ ਰਹੀਆਂ ਹਨ। ਇਸ ਨਾਲ ਉਜ਼ੋਨ ਪਰਤ ਵੀ ਘਟਦੀ ਜਾ ਰਹੀ ਹੈ, ਜੋ ਸੂਰਜ ਦੀਆਂ ਅਲਟਰਾ ਵਾਇਲਟ ਕਿਰਨਾਂ ਨੂੰ ਧਰਤੀ 'ਤੇ ਪੈਣ ਤੋਂ ਰੋਕਦੀ ਹੈ। ਅਲਟਰਾ ਵਾਇਲਟ ਕਿਰਨਾਂ ਚਮੜੀ ਦੇ ਕੈਂਸਰ ਦਾ ਮੁੱਖ ਕਾਰਨ ਹਨ। ਗਲੋਬਲ ਵਾਰਮਿੰਗ ਕਾਰਨ ਦੁਨੀਆਂ ਵਿਚ ਬਾਰਸ਼ਾਂ ਤੇ ਸਰਦੀ ਘੱਟ ਰਹੀਆਂ ਤੇ ਗਰਮੀ ਵਧਦੀ ਜਾ ਰਹੀ ਹੈ। ਪੰਜਾਬ ਸਮੇਤ ਉੱਤਰੀ ਭਾਰਤ ਵਿਚ ਪੈ ਰਹੀ ਕਹਿਰ ਦੀ ਗਰਮੀ ਗਲੋਬਲ ਵਾਰਮਿੰਗ ਦਾ ਹੀ ਨਤੀਜਾ ਹੈ। ਇਸ ਮੁਸੀਬਤ ਤੋਂ ਬਚਣ ਲਈ ਤਰੱਕੀ ਯਾਫਤਾ ਦੇਸ਼ ਸੋਲਰ ਪੈਨਲਾਂ ਅਤੇ ਪੌਣ ਚੱਕੀਆਂ ਵਰਗੇ ਮੁੜ ਵਰਤਣਯੋਗ ਅਤੇ ਸਾਫ ਊਰਜਾ ਪੈਦਾ ਕਰਨ ਵਾਲੇ ਸਰੋਤਾਂ ਨੂੰ ਵਧਾਵਾ ਦੇ ਰਹੇ ਹਨ। ਇਸ ਤੋਂ ਇਲਾਵਾ ਬਿਜਲੀ ਨਾਲ ਚੱਲਣ ਵਾਲੇ ਵਾਹਣਾਂ ਦੇ ਨਿਰਮਾਣ ਵਿਚ ਬਹੁਤ ਤੇਜ਼ੀ ਆਈ ਹੈ ਤੇ ਟੈਸਲਾ ਵਰਗੀਆਂ ਕਈ ਕੰਪਨੀਆਂ ਸਫਲਤਾ ਨਾਲ ਬਿਜਲਈ ਕਾਰਾਂ ਬਣਾ ਰਹੀਆਂ ਹਨ। ਪੈਟਰੋਲੀਅਮ ਦਾ ਬਦਲ ਲੱਭਣਾ ਹੁਣ ਇਸ ਲਈ ਵੀ ਜ਼ਰੂਰੀ ਹੋ ਗਿਆ ਹੈ ਕਿਉਂਕਿ ਇੱਕ ਅੰਦਾਜ਼ੇ ਮੁਤਾਬਕ 40-50 ਸਾਲ ਤੱਕ ਇਸ ਦੇ ਭੰਡਾਰ ਖਤਮ ਹੋ ਜਾਣਗੇ।

# ਬੇਅਦਬੀਆਂ ਦੀ ਸਾਜ਼ਿਸ਼ ਅਤੇ ਸਿੱਖ ਪੰਥ


-ਮਹਿੰਦਰ ਸਿੰਘ ਚਚਰਾੜੀ
+91-98148-90308
ਪੰਜਾਬ ਮੇਲ USA


ਸੰਨ 2015 ਤੋਂ ਲੈ ਕੇ ਅੱਜ ਤੱਕ ਲਗਾਤਾਰ ਵਾਪਰਨ ਵਾਲੀਆਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਕੋਈ ਆਮ ਵਰਤਾਰਾ ਨਹੀਂ ਹੈ। ਇਹ ਸਾਰਾ ਕੁਝ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਹੋ ਰਿਹਾ ਹੈ, ਤਾਂ ਜੋ 'ਹਿੰਦੂ ਰਾਸ਼ਟਰ' ਵਾਲੀ ਸੋਚ ਨੂੰ ਅੱਗੇ ਵਧਾਇਆ ਜਾ ਸਕੇ। ਕਿਸੇ ਨੂੰ ਵੀ ਇਹ ਸ਼ੰਕਾ ਨਹੀਂ ਹੋਣਾ ਚਾਹੀਦਾ ਕਿ 'ਗੁਰੂ ਗ੍ਰੰਥ ਤੇ ਗੁਰੂ ਪੰਥ' ਦਾ ਸਿਧਾਂਤ 'ਹਿੰਦੂ ਰਾਸ਼ਟਰਵਾਦੀਆਂ' ਲਈ ਇਕ ਵੱਡੀ ਵੰਗਾਰ ਹੈ, ਜਿਸ ਵਿਚ ਝੂਠ-ਪਾਖੰਡ ਨੂੰ ਸੱਚ ਰਾਹੀਂ ਚੁਣੌਤੀ ਦਿੱਤੀ ਗੁਈ ਹੈ ।

ੴ ਤੋਂ ਸ਼ੁਰੂ ਹੋਣ ਵਾਲੀ ਗੁਰੂ ਗ੍ਰੰਥ ਸਾਹਿਬ ਜੀ ਦੀ ਫਿਲਾਸਫੀ ਦਾ ਮੂਲ 'ਸੱਚ' ਹੈ ਕਿਉਂਕਿ ਇਸ ਤੋਂ ਪਹਿਲਾਂ ਧਰਮਾਂ ਵਿਚ ਜਿੱਥੇ ਕਰੋੜਾਂ ਦੇਵੀ-ਦੇਵਤੇ ਮਿੱਥੇ ਗਏ ਸਨ, ਉੱਥੇ ਆਮ ਮਨੁੱਖ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰਕੇ ਨਿਮਾਣਾ ਤੇ ਨਿਤਾਣਾ ਵੀ ਬਣਾ ਦਿੱਤਾ ਗਿਆ ਸੀ । ਸਿੱਖ ਗੁਰੂ ਸਾਹਿਬਾਨ ਨੇ ਮਨੁੱਖ ਨੂੰ ਸਿੱਧਾ ਅਕਾਲ ਪੁਰਖ ਨਾਲ ਜੋੜਕੇ ਝੂਠ-ਪਾਖੰਡ ਨਾਲ ਲੜਨ ਦੀ ਸੁਚੱਜੀ ਜਾਚ ਸਿਖਾਈ, ਜਿਸਦਾ ਅਸਰ ਇਹ ਹੋਇਆ ਕਿ ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਅੱਜ ਤੱਕ ਅਣਗਿਣਤ ਸਿੱਖਾਂ ਨੇ ਜਿਥੇ ਸ਼ਹਾਦਤਾਂ ਦੀ ਝੜੀ ਲਾਈ, ਉਥੇ 'ਸਰਬੱਤ ਦੇ ਭਲੇ' ਦੇ ਸਿਧਾਂਤ ਨੂੰ ਰੂਪਮਾਨ ਕਰਨ ਲਈ ਦੋ ਵਾਰ 'ਖਾਲਸਾ ਰਾਜ' ਵੀ ਕਾਇਮ ਕੀਤਾ।

ਸੰਨ 1849 ਵਿਚ 'ਖਾਲਸਾ ਰਾਜ' ਖਤਮ ਹੋਣ ਉਪਰੰਤ ਅੰਗਰੇਜ਼ਾਂ ਨੇ ਪੰਥ ਦੇ ਜੋ ਨੈਣ-ਨਕਸ਼ ਘੜੇ, ਉਨ੍ਹਾਂ ਨੇ ਗੁਰੂਆਂ ਵਲੋਂ ਚਲਾਈ ਸਿੱਖੀ ਦੀ ਰੀਤ ਦਾ ਮੂੰਹ-ਮੁਹਾਂਦਰਾ ਕਾਫੀ ਹੱਦ ਤੱਕ ਬਦਲ ਕੇ ਰੱਖ ਦਿੱਤਾ। ਇਸ ਨਾਲ ਜਿਥੇ ਸਿੱਖਾਂ ਵਿਚ 'ਸੰਤ-ਬਾਬੇ' ਪੈਦਾ ਹੋਣੇ ਸ਼ੁਰੂ ਹੋ ਗਏ, ਉਥੇ ਨਾਲ ਹੀ ਅਕਾਲ ਤਖਤ ਤੇ ਹੋਰ ਤਖਤਾਂ ਤੇ 'ਜਥੇਦਾਰਾਂ' ਦੀ ਇਕ ਸ਼੍ਰੇਣੀ ਵੀ ਪੈਦਾ ਹੋ ਗਈ। ਅੰਮ੍ਰਿਤਸਰ ਅਤੇ ਹੋਰਨਾਂ ਇਤਿਹਾਸਕ ਗੁਰਧਾਮਾਂ ਦਾ ਪ੍ਰਬੰਧ ਚਲਾਉਣ ਲਈ ਸਿੱਖਾਂ ਵਲੋਂ ਚੁਣੀ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਸਰਕਾਰੀ ਐਕਟ' ਰਾਹੀਂ ਕੰਟਰੋਲ ਕਰ ਲਿਆ ਗਿਆ। 'ਗੁਰੂ ਪੰਥ', 'ਸੰਗਤ' ਤੇ 'ਸਰਬੱਤ ਖਾਲਸਾ' ਵਰਗੇ ਸੰਕਲਪ ਪਿੱਛੇ ਕਰ ਦਿੱਤੇ ਗਏ।

ਅੰਗਰੇਜ਼ਾਂ ਵਲੋਂ ਚਲਾਈ ਰੀਤ ਕਾਰਨ ਹੀ ਸਿੱਖਾਂ ਦੇ ਫੈਸਲੇ ਤਖਤਾਂ ਦੇ ਜਥੇਦਾਰ ਕਰਨ ਲੱਗ ਪਏ, ਜਿਸਦਾ ਝਲਕਾਰਾ ਬੇਅਦਬੀ ਦੇ ਅਜੋਕੇ ਦੋਸ਼ੀਆਂ ਨੂੰ ਸਜ਼ਾ ਸੁਣਾਉਣ ਮੌਕੇ ਵੀ 2 ਦਸੰਬਰ 2024 ਨੂੰ ਅਕਾਲ ਤਖਤ 'ਤੇ ਵੇਖਣ ਨੂੰ ਮਿਲਿਆ। ਚਾਹੀਦਾ ਤਾਂ ਇਹ ਸੀ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਪੰਥ ਦੇ ਹਵਾਲੇ ਕੀਤਾ ਜਾਂਦਾ, ਜਿਨ੍ਹਾਂ 'ਅਕਾਲੀ' ਕਹਾਉਂਦਿਆਂ 'ਗੁਰੂ ਪੰਥ ਸਾਹਿਬ' ਦੀ ਬੇਅਦਬੀ ਕਰਵਾ ਦਿੱਤੀ ਪਰ ਅਫਸੋਸ ਉਨ੍ਹਾਂ ਨੂੰ ਸੰਕੇਤਕ ਸਜ਼ਾ ਲਾ ਕੇ ਹੀ ਛੱਡ ਦਿੱਤਾ ਗਿਆ। ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ 'ਗੁਰੂ ਪੰਥ' ਦੀ ਤਾਬਿਆ ਪੰਥ ਨੂੰ ਇਸ ਕਰਕੇ ਹੀ ਬਿਠਾਇਆ ਸੀ, ਤਾਂ ਜੋ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀ ਰਾਖੀ ਕੀਤੀ ਜਾ ਸਕੇ।

'ਗੁਰੂ ਗ੍ਰੰਥ ਤੇ ਗੁਰੂ ਪੰਥ' ਦੇ ਸਿਧਾਂਤ ਨੂੰ ਅਜੋਕੀ ਚੁਣੌਤੀ ਇਕੱਲੇ ਇਨ੍ਹਾਂ ਪੰਥ ਦੇ ਅਖੌਤੀ ਠੇਕੇਦਾਰਾਂ ਨੇ ਹੀ ਨਹੀਂ ਖੜ੍ਹੀ ਕੀਤੀ, ਸਗੋਂ ਇਹ ਉਨ੍ਹਾਂ ਸ਼ਕਤੀਆਂ ਦੀ ਖੜ੍ਹੀ ਕੀਤੀ ਹੋਈ ਹੈ, ਜਿਨ੍ਹਾਂ ਦੇ ਝੂਠ-ਪਾਖੰਡ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਉਜਾਗਰ ਕੀਤਾ ਗਿਆ ਹੈ। ਉਹ ਇਸਨੂੰ 'ਹਿੰਦੂ ਰਾਸ਼ਟਰ' ਦੇ ਰਾਹ ਵਿਚ ਰੋੜਾ ਸਮਝਦੇ ਹਨ। ਇਨ੍ਹਾਂ ਸ਼ਕਤੀਆਂ ਦੇ ਭਾਈਵਾਲ ਰਹੇ ਬੇਅਦਬੀਆਂ ਕਰਵਾਉਣ ਵਾਲੇ ਪੰਥ ਦੇ ਅਖੌਤੀ ਠੇਕੇਦਾਰਾਂ ਨੂੰ ਪੰਥ ਤੋਂ ਕਿਵੇਂ ਨਿਖੇੜਿਆ ਜਾਵੇ ਤੇ ਹਿੰਦੂ ਰਾਸ਼ਟਰਵਾਦੀ ਸ਼ਕਤੀਆਂ ਦਾ ਮੁਕਾਬਲਾ ਕਿਵੇਂ ਕੀਤਾ ਜਾਵੇ? ਇਸਦੀ ਵਿਚਾਰ ਕਰਨ ਲਈ 'ਸਰਬੱਤ ਖਾਲਸਾ' ਵਰਗੀ ਪੰਥਕ ਸੰਸਥਾ ਪੁਨਰ ਸੁਰਜੀਤ ਕਰਨ ਦੀ ਲੋੜ ਹੈ।

ਸੰਨ 2015 ਵਿਚ ਬਰਗਾੜੀ ਤੇ ਹੋਰਨਾਂ ਥਾਵਾਂ 'ਤੇ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਵਜੋਂ ਉਭਰੇ ਰੋਸ ਮਗਰੋਂ ਅੰਮ੍ਰਿਤਸਰ ਨੇੜੇ ਚੱਬਾ ਵਿਚ ਹੋਏ 'ਸਰਬੱਤ ਖਾਲਸਾ' ਵਿਚ ਪੰਥਕ ਸਿਧਾਂਤ ਗਾਇਬ ਰਹੇ। ਫੈਸਲਾ ਤਾਂ 'ਗੁਰੂ ਗ੍ਰੰਥ ਤੇ ਗੁਰੂ ਪੰਥ' ਦੇ ਸਿਧਾਂਤ ਦੀ ਰਾਖੀ ਦਾ ਕਰਨਾ ਸੀ ਪਰ ਇਹ 'ਸਰਬੱਤ ਖਾਲਸਾ' ਨਵੇਂ 'ਜਥੇਦਾਰ' ਥਾਪਕੇ ਹੀ ਸਮਾਪਤ ਹੋ ਗਿਆ। 'ਜਥੇਦਾਰ' ਤੇ 'ਸੰਤਾਂ' ਦੀ ਸ਼੍ਰੇਣੀ ਅੰਗਰੇਜ਼ਾਂ ਦੀ ਪੈਦਾ ਕੀਤੀ ਹੋਈ ਹੈ, ਜੋ 'ਗੁਰੂ ਗ੍ਰੰਥ ਤੇ ਗੁਰੂ ਪੰਥ' ਦੇ ਸਿਧਾਂਤ ਲਈ ਵੱਡੀ ਚੁਣੌਤੀ ਹੈ। ਸਰਕਾਰੀ ਕੰਟਰੋਲ ਵਾਲੇ ਐਕਟ ਨਾਲ ਚੱਲਦੀ ਸ਼੍ਰੋਮਣੀ ਕਮੇਟੀ ਵੀ ਪੰਥ ਲਈ ਵੰਗਾਰ ਹੈ। ਸ਼੍ਰੋਮਣੀ ਕਮੇਟੀ ਚੁਣਨ ਦਾ ਅਧਿਕਾਰ 'ਸਿੱਖ ਸੰਗਤ' ਦਾ ਹੈ ਪਰ ਅਫਸੋਸ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਰਕਾਰ ਦੀ ਮਰਜ਼ੀ ਤੋਂ ਬਗੈਰ ਹੋ ਹੀ ਨਹੀਂ ਸਕਦੀਆਂ।

ਅੱਜ ਲੋੜ 'ਸਰਬੱਤ ਖਾਲਸਾ' ਦੀ ਸੰਸਥਾ ਦੀ ਮੁੜ ਸੁਰਜੀਤੀ ਦੀ ਹੈ, ਜਿਸ ਵਿਚ ਪੰਥ ਦੇ ਹਰ ਹਿੱਸੇ, ਵਰਗ, ਧੜੇ, ਸੰਸਥਾ ਤੇ ਜਥੇਬੰਦੀ ਨੂੰ ਪ੍ਰਤੀਨਿਧਤਾ ਮਿਲੇ। ਸੁਹਿਰਦਤਾ ਨਾਲ 'ਗੁਰੂ ਗ੍ਰੰਥ ਤੇ ਗੁਰੂ ਪੰਥ' ਦੇ ਸਿਧਾਂਤ ਦੀ ਰੌਸ਼ਨੀ ਵਿਚ ਪੰਥਕ ਮਸਲੇ ਵਿਚਾਰੇ ਜਾਣ। ਸ਼੍ਰੋਮਣੀ ਕਮੇਟੀ ਦੀ ਚੋਣ ਵੀ 'ਸਰਬੱਤ ਖਾਲਸਾ' ਰਾਹੀਂ ਹੋਵੇ। ਇਸ ਲਈ ਪ੍ਰਬੰਧਕ ਮਨੋਨੀਤ ਕੀਤੇ ਜਾ ਸਕਦੇ ਹਨ। ਜੇਕਰ ਸਿੱਖਾਂ ਨੇ ਇਸ ਪਵਿੱਤਰ ਸਿਧਾਂਤ ਦੀ ਰਾਖੀ ਲਈ ਸਮਾਂ ਰਹਿੰਦੇ ਕਦਮ ਨਾ ਉਠਾਏ, ਤਾਂ 'ਹਿੰਦੂ ਰਾਸ਼ਟਰ' ਰਾਹੀਂ ਸਿੱਖੀ ਨੂੰ ਨਿਗਲ ਜਾਣ ਵਾਲੀਆਂ ਸ਼ਕਤੀਆਂ ਦੇ ਕਦਮ ਇਸ ਤੋਂ ਕਿਤੇ ਹੋਰ ਅੱਗੇ ਤੱਕ ਆ ਕੇ ਵੱਡੀ ਵੰਗਾਰ ਖੜ੍ਹੀ ਕਰ ਸਕਦੇ ਹਨ।

# ਸਾਹਾਂ ਦੇ ਲੰਗਰ

ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬ: 98889-40211
ਪੰਜਾਬ ਮੇਲUSA





ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਜ਼ੋਰਾਂ 'ਤੇ ਸੀ। ਸਰਕਾਰ ਨੇ ਇਸ ਸਾਲ ਫਿਰ ਕਰੋਨਾ ਨਾਲ ਨਜਿੱਠਣ ਲਈ ਲਾਕਡਾਊਨ ਘੋਸ਼ਿਤ ਕਰ ਦਿੱਤਾ ਪਰ ਇਸ ਬਾਰ ਆਕਸੀਜਨ ਦੀ ਲਾਗਤ ਵੱਧ ਜਾਣ ਕਾਰਨ ਸ਼ਹਿਰ 'ਚ ਆਕਸੀਜਨ ਦੀ ਬਹੁਤ ਜ਼ਿਆਦੀ ਕਿੱਲਤ ਚੱਲ ਰਹੀ ਸੀ। ਕਰੋਨਾ ਨਾਲੋਂ ਜ਼ਿਆਦਾ ਲੋਕ ਆਕਸੀਜਨ ਦੀ ਘਾਟ ਕਾਰਨ ਮਰ ਰਹੇ ਸਨ। ਸਰਕਾਰ ਵੀ ਆਪਣੇ ਪੱਧਰ 'ਤੇ ਯਤਨ ਕਰ ਰਹੀ ਸੀ, ਜੋ ਕਿ ਨਾਕਾਫੀ ਸਨ। ਇਸ ਭਿਅੰਕਰ ਸਮੇਂ ਦੌਰਾਨ ਵੀ ਜਿਥੇ ਕੁਝ ਲੋਕ ਤੇ ਕੰਪਨੀਆਂ ਆਕਸੀਜਨ ਦੀ ਬਲੈਕ ਕਰ ਰਹੀਆਂ ਸਨ, ਉਥੇ ਦਿੱਲੀ ਵਿਖੇ ਸਰਦਾਰਾਂ ਦੀ ਇੱਕ ਸਮਾਜ ਸੇਵੀ ਸੰਸਥਾ ਕਰੋਨਾ ਦੇ ਮਰੀਜ਼ਾਂ ਨੂੰ ਮੁਫਤ 'ਚ ਆਕਸੀਜਨ ਮੁਹੱਈਆ ਕਰਵਾ ਰਹੀ ਸੀ।

ਦਿੱਲੀ ਦੇ ਇੱਕ ਮੁਹੱਲੇ ਦੇ ਇੱਕ ਸਥਾਨਕ ਨੇਤਾ ਦਾ 24-25 ਸਾਲਾਂ ਦਾ ਜਵਾਨ ਮੁੰਡਾ ਕਰੋਨਾ ਗ੍ਰਸਤ ਹੋ ਗਿਆ। ਉਸਨੂੰ ਕਈ ਦਿਨਾਂ ਤੋਂ ਲਗਾਤਾਰ ਬੁਖਾਰ ਚੜ੍ਹ ਰਿਹਾ ਸੀ ਤੇ ਹੁਣ ਸਾਹ ਲੈਣ 'ਚ ਵੀ ਦਿੱਕਤ ਆਉਣੀ ਸ਼ੁਰੂ ਹੋ ਗਈ ਸੀ। ਹਸਪਤਾਲ ਲੈ ਕੇ ਗਏ, ਤਾਂ ਉਥੇ ਬੈਡ ਵੀ ਫੁੱਲ ਸਨ। ਜ਼ਿਆਦਾ ਮਰੀਜ਼ ਹਸਪਤਾਲ ਦੇ ਬਾਹਰ ਹੀ ਪਏ ਸਨ। ਡਾਕਟਰਾਂ ਨੇ ਜਲਦ ਤੋਂ ਜਲਦ ਆਕਸੀਜਨ ਦਾ ਪ੍ਰਬੰਧ ਕਰਨ ਲਈ ਕਿਹਾ। ਉਸ ਨੇਤਾ ਨੇ ਸਾਰੀ ਥਾਈਂ ਆਪਣੇ ਘੋੜੇ ਦੌੜਾਏ ਪਰ ਕਰੋਨਾ ਮਹਾਮਾਰੀ ਕਾਰਨ ਕਿਸੇ ਨੇ ਤਾਂ ਉਸਦਾ ਫੋਨ ਹੀ ਨਹੀਂ ਚੁੱਕਿਆ, ਕਿਸੇ ਨੇ ਲਾਰਾ ਲਾ ਦਿੱਤਾ ਤੇ ਕਿਸੇ ਨੇ ਸਿੱਧਾ ਹੀ ਜਵਾਬ ਦੇ ਦਿੱਤਾ।

ਕੋਈ ਚਾਰਾ ਨਾ ਚੱਲਦੇ ਦੇਖ ਉਹ ਰੱਬ ਨੂੰ ਅਰਦਾਸਾਂ ਕਰਨ ਲੱਗਾ। ਇੰਨੇ ਨੂੰ ਸਾਹਮਣੇ ਤੋਂ ਅੰਬੂਲੈਂਸ ਦਾ ਹੁੱਟਰ ਸੁਣਾਈ ਦਿੱਤਾ। ਕੁਝ ਸਕਿੰਟਾਂ ਬਾਅਦ ਹੀ ਹਸਪਤਾਲ ਦੇ ਬਾਹਰ ਉਸ ਸਮਾਜ ਸੇਵੀ ਸੰਸਥਾ ਦੀ ਆਕਸੀਜਨ ਦੇ ਸਿਲੰਡਰਾਂ ਨਾਲ ਭਰੀ ਅੰਬੂਲੈਂਸ ਪਹੁੰਚ ਗਈ। ਸੰਸਥਾ ਦੇ ਮੈਂਬਰ ਫਟਾਫਟ ਮਰੀਜ਼ਾਂ ਨੂੰ ਆਕਸੀਜਨ ਚੜ੍ਹਾਉਣ ਲੱਗੇ। ਉਸ ਨੇਤਾ ਦੇ ਮੁੰਡੇ ਨੂੰ ਵੀ ਵਾਰੀ ਆਉਣ 'ਤੇ ਆਕਸੀਜਨ ਲਗਾ ਦਿੱਤੀ। ਹੌਲੀ-ਹੌਲੀ ਉਸਨੂੰ ਸਾਹ ਸੁਖਾਵਾਂ ਆਉਣ ਲੱਗ ਗਿਆ। ਸੰਸਥਾ ਦੇ ਮੈਂਬਰ ਅੰਬੂਲੈਂਸ ਦੇ ਅੰਦਰ ਬੈਠੇ ਹੀ ਪ੍ਰਸ਼ਾਦੇ ਛੱਕ ਰਹੇ ਸਨ। ਉਸ ਨੇਤਾ ਨੇ ਉਨ੍ਹਾਂ ਦਾ ਧੰਨਵਾਦ ਕਰਨ ਲਈ ਅੰਬੂਲੈਂਸ ਦਾ ਦਰਵਾਜ਼ਾ ਖੋਲ੍ਹਿਆ, ਤਾਂ ਅੰਦਰ ਇੱਕ ਸਰਦਾਰ ਤੇ ਉਸਦੀ ਘਰਵਾਲੀ ਦੀ ਹਾਰ ਪਾਈ ਫੋਟੋ ਟੰਗੀ ਹੋਈ ਸੀ, ਜਿਸਨੂੰ ਦੇਖ ਕੇ ਉਹ ਸੁੰਨ ਜਿਹਾ ਹੋ ਗਿਆ।

ਯਾਦਾਂ ਨੂੰ ਫਰੋਲਦਾ ਉਹ ਇੱਕਦਮ 37 ਸਾਲ ਪਿਛਾਂਹ ਚਲਾ ਗਿਆ, ਜਦੋਂ ਨਵੰਬਰ 1984 'ਚ ਉਹ ਕੱਚੀ ਉਮਰੇ 'ਖੂਨ ਕਾ ਬਦਲਾ ਖੂਨ' ਦੇ ਨਾਅਰੇ ਲਾਉਂਦਾ ਹੋਇਆ ਸਰਦਾਰਾਂ ਦੇ ਗਲਾਂ 'ਚ ਟਾਇਰ ਪਾ ਕੇ ਉਨ੍ਹਾਂ ਨੂੰ ਅੱਗਾਂ ਲਗਾ ਰਿਹਾ ਸੀ। ਉਸ ਦੇ ਸਿਰ 'ਤੇ ਖੂਨ ਇਸ ਕਦਰ ਸਵਾਰ ਸੀ ਕਿ ਸਾਹਮਣੇ ਮਰਦ-ਔਰਤ ਜੋ ਵੀ ਸਰਦਾਰ ਦਿੱਸਿਆ, ਉਸਨੂੰ ਅੱਗ ਦੇ ਹਵਾਲੇ ਕਰ ਦਿੱਤਾ। ਇਹ ਫੋਟੋ ਵਾਲੇ ਸਰਦਾਰ ਤੇ ਸਰਦਾਰਨੀ ਨੂੰ ਵੀ ਉਸਨੇ ਹੀ ਉਨ੍ਹਾਂ ਦੇ ਗਲਾਂ 'ਚ ਟਾਇਰ ਪਾ ਕੇ ਸਾੜਿਆ ਸੀ। ਵਕਤ ਦੀ ਘੁੰਮਣਘੇਰੀ ਦੇਖੋ, ਜਿਨ੍ਹਾਂ ਨੂੰ 37 ਸਾਲ ਪਹਿਲਾਂ ਹੋਏ ਦੰਗਿਆਂ 'ਚ ਉਸਨੇ ਅੱਗ ਲਗਾ ਕੇ ਸਾੜ ਦਿੱਤਾ ਸੀ, ਅੱਜ ਉਨ੍ਹਾਂ ਦੇ ਪੁੱਤਰ ਨੇ ਹੀ ਉਸਦੇ ਪੁੱਤਰ ਨੂੰ ਆਕਸੀਜਨ ਦੇ ਕੇ ਉਸ ਦੀ ਜਾਨ ਬਚਾਈ ਸੀ। ਬੇਸ਼ੱਕ ਸਿੱਖਾਂ ਨੂੰ ਦਿੱਲੀ ਦੰਗਿਆਂ ਦਾ ਇਂਨਸਾਫ ਹਾਲੇ ਤੀਕਰ ਨਹੀਂ ਮਿਲਿਆ ਪਰ ਉਸਨੇ ਮਨ ਹੀ ਮਨ 'ਚ ਪਛਚਾਤਾਪ ਕਰਕੇ ਫੈਸਲਾ ਕਰ ਲਿਆ ਸੀ ਕਿ ਉਹ ਹੁਣ ਸਭ ਤੋਂ ਪਹਿਲਾਂ ਜਾਣੇ-ਆਣਜਾਣੇ ਕੀਤੇ ਆਪਣੇ ਗੁਨਾਹ ਕਬੂਲ ਕਰਕੇ ਉਨ੍ਹਾਂ ਦੀ ਸਜ਼ਾ ਪਾਏਗਾ। ਉਸਦੀ ਧੌਣ 'ਚ ਫਸੇ ਉਸ ਕਿੱਲੇ ਨੂੰ ਨਿਕਲਣ ਲਈ ਚਾਰ ਦਹਾਕਿਆਂ ਦੇ ਕਰੀਬ ਸਮਾਂ ਲੱਗਾ। ਉਹ ਸੋਚ ਰਿਹਾ ਸੀ ਕਿ 37 ਸਾਲ ਪਹਿਲਾਂ ਆਪਣਿਆਂ ਨੂੰ ਗਵਾਉਣ ਦਾ ਸੰਤਾਪ ਹੰਢਾਉਣ ਵਾਲੇ ਕਈ ਤਾਂ ਇੰਨਸਾਫ ਦੀ ਉਡੀਕ 'ਚ ਦੁਨੀਆਂ ਤੋਂ ਰੁਖਸਤ ਵੀ ਹੋ ਚੁੱਕੇ ਹਨ। ਉਹੀ ਕੌਮ ਦੇ ਵਾਰਿਸ ਕਰੋਨਾ ਮਹਾਮਾਰੀ ਦੇ ਇਸ ਦੌਰ 'ਚ ਅੱਜ ਲੋੜਵੰਦਾਂ ਲਈ ਦਾਲ-ਰੋਟੀ ਤੋਂ ਇਲਾਵਾ ਮਰੀਜ਼ਾਂ ਲਈ ਸਾਹ ਰੂਪੀ ਆਕਸੀਜ਼ਨ ਦੇ ਲੰਗਰ ਲਗਾ ਰਹੇ ਹਨ।

# ਪਹਿਲਾ ਪਾਣੀ ਜੀਉ ਹੈ

ਹਰਦੀਪ ਕੌਰ ਨਾਜ਼
ਅਰਬਨ ਅਸਟੇਟ,
ਫਗਵਾੜਾ।
ਪੰਜਾਬ ਮੇਲUSA





ਮਨੁੱਖੀ ਜ਼ਿੰਦਗੀ ਦਾ ਆਧਾਰ ਹੈ ਪਾਣੀ। ਇਹ ਕਿਹਾ ਲਿਆ ਜਾਵੇ ਕਿ ਸਮੁੱਚੀ ਹੀ ਸ੍ਰਿਸ਼ਟੀ ਦੀ ਚੱਲ ਰਹੀ ਰੌਂ ਦਾ ਸੰਚਾਲਕ ਸਿਰਫ਼ ਤੇ ਸਿਰਫ਼ ਪਾਣੀ/ਜਲ ਹੈ, ਤਾਂ ਇਹ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ। ਕਹਿੰਦੇ ਹਨ ਕਿ ਮਨੁੱਖ ਭੋਜਨ ਤੋਂ ਬਿਨ੍ਹਾਂ ਤਾਂ ਭਾਵੇਂ ਵੀਹ ਜਾਂ ਵਧੇਰੇ ਦਿਨ ਕੱਟ ਲਵੇ, ਪਰ ਪਾਣੀ ਤੋਂ ਬਿਨ੍ਹਾਂ ਉਹ ਤਿੰਨ-ਚਾਰ ਦਿਨਾਂ ਤੋਂ ਵੱਧ ਜੀਅ ਨਹੀਂ ਸਕੇਗਾ। ਤਾਂ ਹੀ ਤਾਂ ਸਰਕਾਰੀ ਥਾਵਾਂ ਜਾਂ ਸਕੂਲਾਂ ਦੀਆਂ ਕੰਧਾਂ 'ਤੇ ਲਿਖਿਆ ਹੁੰਦਾ ਹੈ ਕਿ 'ਪਾਣੀ ਜੀਵਨ ਹੈ', ਜਾਂ 'ਬੂੰਦ-ਬੂੰਦ ਕੀਮਤੀ ਹੈ', ਪਰ ਅਫ਼ਸੋਸ ਇਹ ਸਭ ਜਾਣਦੇ ਹੋਏ ਵੀ ਅਸੀਂ ਅਣਜਾਣੇ ਵਿਚ ਜਾਂ ਬੇਪਰਵਾਹੀ ਵਿਚ ਪਾਣੀ ਦੀ ਰੱਜ ਕੇ ਬੇਕਦਰੀ ਕਰਦੇ ਹਾਂ।

ਪੰਜਾਬੀ ਵਾਰਤਕ ਦੀ ਇੱਕ ਪੁਸਤਕ ਜਰੀਦਾ ਪੜ੍ਹ ਰਹੀ ਸੀ, ਉਸ ਵਿਚ ਲਿਖਿਆ ਇਹ ਕਥਨ ਬਹੁਤ ਸਾਰਥਕ ਹੈ ਕਿ, 'ਕੋਈ ਹੀ ਐਸਾ ਮਨੁੱਖ ਹੋਵੇਗਾ, ਜਿਸਨੂੰ ਪਾਣੀ ਦੀ ਅਹਿਮੀਅਤ ਦਾ ਅੰਦਾਜ਼ਾ ਨਾ ਹੋਵੇ, ਪਰ ਬਹੁਤੇ ਮਨੁੱਖ ਐਸੇ ਜ਼ਰੂਰ ਹਨ, ਜੋ ਇਹ ਸਭ ਜਾਣਦੇ ਹੋਏ ਵੀ ਪਾਣੀ ਦੀ ਬੇਕਦਰੀ ਰੱਜ ਕੇ ਕਰਦੇ ਹਨ ਅਤੇ ਫਿਰ ਤਕੀਆ ਕਲਾਮ ਕਿ, 'ਕੋਈ ਨਾ ਸਾਰੀ ਦੁਨੀਆਂ ਦੇ ਨਾਲ ਹੀ ਹਾਂ ਆਪਾਂ ਵੀ' ਕਹਿ ਕੇ ਆਪਣੀਆਂ ਗਲਤੀਆਂ ਉੱਤੇ ਪਰਦਾ ਪਾਉਣ ਦਾ ਜਤਨ ਕਰਦੇ ਹਨ। ਪਰ ਖਿਆਲ ਕਰਿਉ! ਅਸੀਂ ਪਾਣੀ ਦੀ ਬੇਕਦਰੀ ਨਹੀਂ ਕਰ ਰਹੇ, ਬਲਕਿ ਭਵਿੱਖ ਦੀ ਮਨੁੱਖਾ ਜ਼ਿੰਦਗੀ ਨੂੰ ਕੁੱਖ ਵਿਚ ਹੀ ਬਰਬਾਦ ਕਰ ਰਹੇ ਹਾਂ।'

ਗੁਰਬਾਣੀ ਰਾਹੀਂ ਵੀ ਗੁਰੂ ਸਾਹਿਬ ਜੀ ਦਾ ਸਮੁੱਚੀ ਮਨੁਖਤਾ ਨੂੰ ਸੁਨੇਹਾ ਹੈ ਕਿ ਸ੍ਰਿਸ਼ਟੀ ਦੀ ਉੱਤਪਤੀ ਹੀ ਪਾਣੀ ਤੋਂ ਹੋਈ ਹੈ 'ਸਾਚੇ ਤੇ ਪਵਨਾ ਭਇਆ ਪਵਨੈ ਤੈ ਜਲੁ ਹੋਇ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥' ਇਸੇ ਤਰ੍ਹਾਂ ਇੱਕ ਥਾਂ ਹੋਰ ਪਾਣੀ ਦੀ ਲੋੜ/ਮਹੱਤਤਾ ਨੂੰ ਸਮਝਾਉਂਦਿਆਂ ਹੋਇਆ ਬਚਨ ਕੀਤੇ ਕਿ, 'ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥' ਭਾਵ ਪਾਣੀ ਤੋਂ ਹੀ ਜੀਵਣ ਪੈਦਾ ਹੋਇਆ ਹੈ ਅਤੇ ਪਾਣੀ ਤੋਂ ਬਿਨ੍ਹਾਂ ਜੀਵਣ ਸੰਭਵ ਨਹੀਂ ਹੋ ਸਕਦਾ। ਕਿਉਂਕਿ ਜੀਵਨ ਦਾ ਪਹਿਲਾ ਸੱਚ ਹੀ ਪਾਣੀ ਹੈ।

ਸਾਲ 1992 ਵਿਚ ਸੰਯੁਕਤ ਰਾਸ਼ਟਰ ਵੱਲੋਂ ਵਾਤਾਵਰਣ ਅਤੇ ਵਿਕਾਸ ਸਬੰਧੀ ਹੋਈ ਕਾਨਫਰੰਸ ਵਿਚ ਸ਼ੁੱਧ ਅਤੇ ਸਾਫ਼ ਪਾਣੀ ਲਈ ਅੰਤਰਰਾਸ਼ਟਰੀ ਪਾਣੀ ਦਿਵਸ ਮਨਾਉਣ ਦੀ ਸਿਫਾਰਸ਼ ਕੀਤੀ ਗਈ, ਜਿਸ ਸਬੰਧੀ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ 22 ਮਾਰਚ ਦਾ ਦਿਨ 'ਅੰਤਰਰਾਸ਼ਟਰੀ ਜਲ ਦਿਵਸ' ਵਜੋਂ ਮਨਾਉਣ ਦਾ ਫੈਸਲਾ ਲਿਆ, ਜੋ ਅਜੋਕੇ ਸਮੇਂ ਵਿਚ ਰੋਜ਼ਾਨਾ ਜਲ ਦਿਵਸ ਦੇ ਰੂਪ ਵਿਚ ਮਨਾਉਣਾ ਚਾਹੀਦਾ ਹੈ, ਤਾਂ ਕਿ ਹਰ ਰੋਜ਼ ਹੋ ਰਹੀ ਪਾਣੀ ਦੀ ਦੁਰਵਰਤੋਂ ਰੋਕੀ ਜਾ ਸਕੇ ਅਤੇ ਪਾਣੀ ਨੂੰ ਬਚਾਉਣ ਦੇ ਜਤਨ ਕੀਤੇ ਜਾਣ।

ਪਰ ਅਫ਼ਸੋਸ ਕਿ ਅਸੀਂ ਪਾਣੀ ਨੂੰ ਵਰਤਣ ਵਿਚ ਸੰਜਮਤਾ ਤਾਂ ਬਿਲਕੁੱਲ ਨਹੀਂ ਕਰ ਰਹੀ, ਪਰ ਪਾਣੀ ਦੇ ਬੇਕਦਰੀ/ਬਰਬਾਦੀ ਕਰਨ ਵਿਚ ਸਭ ਤੋਂ ਅੱਗੇ ਹਾਂ। ਇੱਕ ਸਰਵੇ ਅਨੁਸਾਰ ਅਸੀਂ 50 ਤੋਂ 500 ਲੀਟਰ ਤੱਕ ਦਾ ਪਾਣੀ ਦੀ ਬੇਕਦਰੀ ਅਸੀਂ ਕੇਵਲ ਆਪਣੇ ਵਾਹਨ ਮੋਟਰਸਾਈਕਲ, ਕਾਰ ਆਦਿ ਨੂੰ ਧੋਣ ਵੇਲੇ ਹੀ ਕਰ ਦਿੰਦੇ ਹਾਂ ਅਤੇ ਕੁੱਝ ਲੋਕ ਤਾਂ ਅਜਿਹੇ ਹਨ, ਜਿਹੜੇ ਹਫਤੇ ਵਿਚ ਹੀ ਦੋ-ਦੋ ਵਾਰ ਆਪਣੀ ਕਾਰਾਂ/ਗੱਡੀਆਂ ਨੂੰ ਧੋ ਕੇ ਬੇਸ਼ਕੀਮਤੀ ਪਾਣੀ ਦੀ ਬੇਹਿਸਾਬੀ ਬਰਬਾਦੀ ਕਰਦੇ ਹਨ। ਕਿਤੇ ਭਾਵੇਂ ਕੋਈ ਜਨਤਕ ਥਾਂ ਉੱਥੇ ਕੋਈ ਟੂਟੀ ਚੱਲ ਰਹੀ ਹੈ ਜਾਂ ਖ਼ਰਾਬ ਹੋਣ ਕਰਕੇ ਪਾਣੀ ਦੀ ਬਰਬਾਦੀ ਕਰ ਰਹੀ ਹੈ, ਤਾਂ ਅਸੀਂ ਕਦੇ ਵੀ ਹੌਂਸਲਾ ਨਹੀਂ ਕਰਾਂਗੇ ਕਿ ਪੰਜਾਹ ਰੁਪਏ ਵਾਲੀ ਕੋਈ ਟੂਟੀ ਨਵੀਂ ਲਗਵਾ ਦੇਈਏ ਜਾਂ ਕਿਸੇ ਹੋਰ ਢੰਗ ਨਾਲ ਪਾਣੀ ਦੀ ਹੋ ਰਹੀ ਇਸ ਬਰਬਾਦੀ ਨੂੰ ਰੋਕਣ ਦੀ ਕੋਸ਼ਿਸ਼ ਕਰੀਏ। ਕਈ ਵਾਰ ਘਰ ਦੀ ਛੱਤ ਉੱਤੇ ਪਈ ਪਾਣੀ ਦੀ ਟੈਂਕੀ ਭਰ ਜਾਂਦੀ ਹੈ, ਪੀਣਯੋਗ ਪਾਣੀ ਉਸ ਵਿਚੋਂ ਉਛਲਦਾ ਬਾਹਰ ਨਾਲੀਆਂ ਵਿਚ ਵੱਗਦਾ ਰਹਿੰਦਾ ਹੈ ਪਰ ਪਰਿਵਾਰ ਦੇ ਕਿਸੇ ਜੀਅ ਦਾ ਧਿਆਨ ਨਹੀਂ ਜਾਂਦਾ ਜਾਂ ਕਈਆਂ ਨੇ ਟੈਂਕੀ ਭਰ ਜਾਣ ਮੌਕੇ ਸੁਚੇਤ ਕਰਦੀ ਘੰਟੀ ਵੀ ਲਗਾਈ ਹੁੰਦੀ ਹੈ, ਪਰ ਪਾਣੀ ਦੀ ਮੋਟਰ ਚਲਾ ਕੇ, ਘਰ ਨੂੰ ਤਾਲਾ ਲਗਾ ਕੇ ਆਪ ਕਿਤੇ ਬਾਹਰ ਗਏ ਹੁੰਦੇ ਹਨ। ਇਹ ਸਾਰੀਆਂ ਸਾਡੀਆਂ ਗ਼ੈਰ-ਜ਼ਿੰਮੇਵਾਰੀਆਂ ਪਾਣੀ ਦੀ ਬੇਹੱਦ ਬੇਕਦਰੀ ਦੀਆਂ ਮਿਸਾਲਾਂ ਹਨ।

ਪਾਣੀ ਦੀ ਬਰਬਾਦੀ ਕਾਰਨ ਅਤੇ ਪੀਣਯੋਗ ਪਾਣੀ ਦੀ ਪੈਦਾ ਹੋ ਰਹੀ ਘਾਟ ਨੂੰ ਸਾਹਵੇਂ ਰੱਖਦਿਆਂ ਹੀ ਇਸ ਗੱਲ ਦੇ ਕਿਆਸੇ ਲਗਾਏ ਜਾ ਰਹੇ ਹਨ ਕਿ ਅਗਲੀ ਸੰਸਾਰ ਜੰਗ ਜਦੋਂ ਵੀ ਹੋਈ ਤਾਂ ਪਾਣੀ ਨਾਲ ਸਬੰਧਿਤ ਹੋਵੇਗੀ। ਤਾਂ ਹੀ ਕਿਹਾ ਜਾਂਦਾ ਹੈ ਕਿ ਪਾਣੀ ਬਣਾਇਆ ਨਹੀਂ ਜਾ ਸਕਦਾ, ਬਚਾਇਆ ਜ਼ਰੂਰ ਜਾ ਸਕਦਾ ਹੈ, ਪਰ ਇਹ ਤਾਂ ਹੀ ਸੰਭਵ ਹੋ ਸਕੇਗਾ, ਜੇਕਰ ਇੱਕ ਪ੍ਰਾਣੀ-ਮਾਤਰ ਆਪਣੀ ਜ਼ਿੰਮੇਵਾਰੀ ਨੂੰ ਸਮਝੇਗਾ ਅਤੇ ਪਾਣੀ ਦੀ ਵਰਤੋਂ ਬਹੁਤ ਹੀ ਸੰਜਮਤਾ ਨਾਲ ਕਰੇਗਾ।

ਪਾਣੀ ਬਾਰੇ ਆਪਣੇ ਬੱਚਿਆਂ, ਵੱਡਿਆਂ, ਬਜ਼ੁਰਗਾਂ ਨੂੰ ਸੁਚੇਤ ਕਰਕੇ ਭਵਿੱਖ ਦੀ ਮਨੁੱਖੀ ਨਸਲ ਨੂੰ ਬਚਾਉਣ ਲਈ ਉੱਦਮ ਕਰੀਏ। ਕੀਮਤੀ ਪਾਣੀ ਦੀ ਸੰਭਾਲ ਵੀ ਕਰੀਏ, ਉਥੇ ਪਾਣੀ ਨੂੰ ਜ਼ਹਿਰੀਲਾ ਹੋਣ ਤੋਂ ਬਚਾਉਣ ਲਈ ਵੀ ਯਤਨਸ਼ੀਲ ਹੋਈਏ।

ਮੁੱਲਵਾਨ ਹੈ ਪਾਣੀ ਕਰੀਏ ਆਪਾਂ ਸੰਭਾਲ।

ਨਹੀਂ ਤਾਂ ਜ਼ਿੰਦਗੀ ਪਾਣੀ ਬਿਨ੍ਹਾਂ, ਹੋ ਜਾਵੇਗੀ ਬੇ-ਹਾਲ।

# ਕਿਸਾਨੀ ਮੋਰਚਾ, ਸ਼ਹਾਦਤਾਂ ਦਾ ਦੌਰ ਜਾਂ ਫਿਰ ..

*ਦਿਲੀ ਸਰਹੱਦ 'ਤੇ ਕਈ ਸੂਬਿਆਂ ਦੀ ਸਾਂਝ ਦੀ ਕਵਾਇਦ ਨੂੰ ਖੰਘਾਲਦੀਆਂ ਇਨਕਲਾਬੀ ਨਾਅਰਿਆਂ ਨਾਲ ਗੂੰਜਦੀਆਂ ਅਵਾਜ਼ਾਂ ਵਾਹੋ-ਦਾਹੀ ਮੈਦਾਨ ਵਿਚ ਨਿੱਤਰ ਕੇ ਆਪਣੇ ਹੱਕਾਂ ਲਈ ਜੱਦੋ-ਜਹਿਦ ਕਰਦੀਆਂ ਵਿਖਾਈ ਦੇ ਰਹੀਆਂ ਹਨ। ਪੰਜਾਬ ਸਮੇਤ ਦੇਸ਼ ਦੇ ਹੋਰਨਾਂ ਸੂਬਿਆਂ ਦੇ ਨੌਜਵਾਨਾਂ ਅਤੇ ਬਜ਼ੁਰਗਾਂ ਤੋਂ ਬਾਅਦ ਬਜ਼ੁਰਗ ਬੀਬੀਆਂ ਅਤੇ ਨੌਜਵਾਨ ਲੜਕੀਆਂ ਵਲੋਂ ਵੀ ਕਿਸਾਨੀ ਸੰਘਰਸ਼ ਵਿਚ ਮੋਹਰੀ ਰੋਲ ਨਿਭਾ ਕੇ ਆਪਣੀ ਹੋਂਦ ਨੂੰ ਬਚਾਉਣ ਦੇ ਲਈ ਸਿਰਧੜ ਦੀ ਬਾਜ਼ੀ ਲਾਉਣ ਦੀ ਪਹਿਲ ਕੀਤੀ ਹੈ।*

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA



ਕੀ ਲਿਖਾਂ ਕੀ ਆਖਾਂ ਕੁਝ ਵੀ ਸਮਝ ਨਹੀਂ ਪੈਂਦਾ। ਅਮਰੀਕਾ ਵਰਗੇ ਮੁਲਕ ਵਿਚ ਰਹਿ ਕੇ ਮੇਰੇ ਦੇਸ਼ ਦੇ ਕਿਸਾਨਾਂ 'ਤੇ ਹੋ ਰਹੇ ਸਰਕਾਰੀ ਜ਼ੁਲਮ ਨੂੰ ਵੇਖ ਅੱਖਾਂ ਭਰ ਕੇ ਬੈਠ ਜਾਂਦਾ ਹੈ ਅਤੇ ਯਾਦ ਕਰਦਾ ਹਾਂ ਉਸ ਮਾੜੇ ਸਮੇਂ ਨੂੰ ਜਿਸ ਸਮੇਂ ਭਾਰਤ ਦੇ ਲੋਕਾਂ ਨੇ ਇਸ ਸਰਕਾਰ ਨੂੰ ਵੋਟਾਂ ਪਾ ਕੇ ਚੁਣਿਆ ਸੀ, ਖੈਰ ..। ਪਹਿਲਾਂ ਦਿੱਲੀ ਅਤੇ ਹੁਣ ਹਰਿਆਣਾ ਦੇ ਬਾਰਡਰਾਂ 'ਤੇ ਜਗਜੀਤ ਸਿੰਘ ਡੱਲੇਵਾਲ ਸਣੇ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਖੇਤੀ ਕਾਨੂੰਨਾਂ ਸੰਬੰਧੀ ਆਪਣੀਆਂ ਮੰਗਾਂ ਨੂੰ ਲੈ ਕੇ ਕੇਂਦਰੀ ਸਰਕਾਰ ਦੇ ਖ਼ਿਲਾਫ਼ ਵਿੱਢਿਆ ਅੰਦੋਲਨ ਵਰ੍ਹੇ ਨੂੰ ਪਾਰ ਕਰ ਚੁੱਕਿਆ ਹੈ। ਇਸ ਅੰਦੋਲਨ ਦਾ ਇੱਕ ਬੇਹੱਦ ਦੁਖਦਾਈ ਪਹਿਲੂ ਹੈ ਕਿ ਇੱਥੇ ਪਹਿਲਾਂ ਵੀ ਅਤੇ ਹੁਣ ਬਹੁਤ ਜ਼ਿਆਦਾ ਕਿਸਾਨ ਸਦਾ ਲਈ ਇਸ ਸੰਸਾਰ ਨੂੰ ਛੱਡ ਕੇ ਜਾ ਚੁੱਕੇ ਹਨ। ਦਿਲੀ ਸਰਹੱਦ 'ਤੇ ਕਈ ਸੂਬਿਆਂ ਦੀ ਸਾਂਝ ਦੀ ਕਵਾਇਦ ਨੂੰ ਖੰਘਾਲਦੀਆਂ ਇਨਕਲਾਬੀ ਨਾਅਰਿਆਂ ਨਾਲ ਗੂੰਜਦੀਆਂ ਅਵਾਜ਼ਾਂ ਵਾਹੋ-ਦਾਹੀ ਮੈਦਾਨ ਵਿਚ ਨਿੱਤਰ ਕੇ ਆਪਣੇ ਹੱਕਾਂ ਲਈ ਜੱਦੋ-ਜਹਿਦ ਕਰਦੀਆਂ ਵਿਖਾਈ ਦੇ ਰਹੀਆਂ ਹਨ। ਪੰਜਾਬ ਸਮੇਤ ਦੇਸ਼ ਦੇ ਹੋਰਨਾਂ ਸੂਬਿਆਂ ਦੇ ਨੌਜਵਾਨਾਂ ਅਤੇ ਬਜ਼ੁਰਗਾਂ ਤੋਂ ਬਾਅਦ ਬਜ਼ੁਰਗ ਬੀਬੀਆਂ ਅਤੇ ਨੌਜਵਾਨ ਲੜਕੀਆਂ ਵਲੋਂ ਵੀ ਕਿਸਾਨੀ ਸੰਘਰਸ਼ ਵਿਚ ਮੋਹਰੀ ਰੋਲ ਨਿਭਾ ਕੇ ਆਪਣੀ ਹੋਂਦ ਨੂੰ ਬਚਾਉਣ ਦੇ ਲਈ ਸਿਰਧੜ ਦੀ ਬਾਜ਼ੀ ਲਾਉਣ ਦੀ ਪਹਿਲ ਕੀਤੀ ਹੈ।

ਦੇਸ਼ ਦੇ ਕੋਨੇ-ਕੋਨੇ ਤੋਂ ਪੂਰੀ ਵਿਉਂਤਬੰਦੀ ਦੇ ਤਹਿਤ ਮੋਰਚੇ 'ਚ ਪਹੁੰਚੇ ਨੌਜਵਾਨਾਂ ਵਲੋਂ 'ਇੱਕੋ ਭਾਂਡੇ ਵਿਚ ਬਣਾਉਣ ਅਤੇ ਖਾਣ ਦੀ ਪਿਰਤ' ਨੇ ਨੌਜਵਾਨੀ ਨੂੰ 'ਮੁਹੱਬਤ ਦੇ ਕਲਾਵੇ' ਵਿਚ ਜਕੜ ਲਿਆ ਹੈ। ਭਾਈਚਾਰਕ ਸਾਂਝ ਦੇ ਨਾਂ 'ਤੇ ਸ਼ਾਇਦ ਵਰ੍ਹਿਆਂ ਬਾਅਦ ਆਪਣੀ ਹੋਂਦ ਨੂੰ ਬਚਾਈ ਰੱਖਣ ਦੇ ਲਈ ਲੜੇ ਜਾ ਰਹੇ ਸੰਘਰਸ਼ ਵਿਚ ਬਜ਼ੁਰਗ ਬੀਬੀਆਂ ਅਤੇ ਨੌਜਵਾਨ ਲੜਕੀਆਂ ਦੀ ਵੱਡੀ ਸ਼ਮੂਲੀਅਤ ਨੇ 'ਏਕੇ ਦੀ ਕਵਾਇਦ' 'ਤੇ ਮੋਹਰ ਲਾ ਕੇ ਇਹ ਸਿੱਧ ਕਰ ਦਿੱਤਾ ਹੈ। ਹੁਣ ਇਹ ਲੜਾਈ ਆਰ ਜਾਂ ਪਾਰ ਦੀ ਹੋਵੇਗੀ। ਆਪਣੇ ਘਰ ਪਰਿਵਾਰਾਂ ਨੂੰ ਤਿਆਗ ਦ੍ਰਿੜ੍ਹ ਇਰਾਦੇ ਤੇ ਉੱਚੀ ਸੋਚ ਦੀ ਮਾਲਕ ਇਹ ਸੰਘਰਸ਼ੀ ਨੌਜਵਾਨੀ ਇਸ ਹੱਕੀ ਜੰਗ ਦਾ ਹਿੱਸਾ ਬਣ ਕੇ ਆਉਣ ਵਾਲੇ ਭਵਿੱਖ ਦੀ ਰੂਪ ਰੇਖਾ ਤੇ 'ਮੋਹਰ' ਲਾ ਰਹੀ ਹੈ। ਮੋਰਚੇ ਅੰਦਰ ਕਾਫ਼ਲਿਆਂ ਦੇ ਵਿਚ ਨੌਜਵਾਨ ਲੜਕੇ-ਲੜਕੀਆਂ ਦਾ ਪਹੁੰਚਣਾ ਕਿਤੇ ਨਾ ਕਿਤੇ 'ਸੰਘਰਸ਼ ਦੀ ਯੋਗ ਵਿਉਂਤਬੰਦੀ' ਨੂੰ ਦਰਸਾਉਂਦਾ ਹੈ। ਆਪਣੇ ਪਰਿਵਾਰਾਂ ਦੇ ਨਾਲ ਦਿੱਲੀ ਦੇ ਬਾਰਡਰਾਂ 'ਤੇ ਪਹੁੰਚੀਆਂ। ਕਿਸਾਨ ਬੀਬੀਆਂ ਦਾ ਆਖਣਾ ਹੈ ਕਿ ਹੁਣ ਉਨ੍ਹਾਂ ਨੂੰ ਆਪਣੇ ਘਰ-ਘਾਟ ਦੀ ਕੋਈ ਪਰਵਾਹ ਨਹੀਂ, ਉਹ ਹੁਣ ਆਪਣੀ ਹੋਂਦ ਦੀ ਲੜੀ ਜਾ ਰਹੀ ਲੜਾਈ ਜਿੱਤ ਕੇ ਹੀ ਵਾਪਸ ਘਰਾਂ ਨੂੰ ਪਰਤਣਗੀਆਂ।

ਇਸ ਸੰਘਰਸ਼ ਦਾ ਇੱਕ ਹੋਰ ਅਹਿਮ ਪਹਿਲੂ ਇਹ ਵੀ ਹੈ ਕਿ ਨੌਜਵਾਨਾਂ ਵੱਲੋਂ ਇਸ ਸੰਘਰਸ਼ ਨੂੰ ਬਹੁਤ ਹੀ ਜ਼ਾਬਤੇ ਅਤੇ ਦਾਇਰੇ ਵਿਚ ਰਹਿ ਕੇ ਲੜਿਆ ਜਾ ਰਿਹਾ ਹੈ। ਕਿਸਾਨੀ ਮੋਰਚਿਆਂ ਵਿਚ ਮਹੀਨੇ ਭਰ ਦਾ ਰਾਸ਼ਨ ਲੈ ਕੇ ਆਪਣੇ ਘਰਾਂ ਤੋਂ ਨਿਕਲੇ ਬਹੁਤੇ ਕਿਸਾਨਾਂ ਨੇ ਆਪਣੀ ਨਵੀਂ ਮਸ਼ੀਨਰੀ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ। ਪੰਜਾਬ ਤੇ ਹਰਿਆਣੇ ਦੇ ਨੌਜਵਾਨਾਂ ਵੱਲੋਂ ਮਹਿੰਗੀ ਮਸ਼ੀਨਰੀ ਨੂੰ ਵੀ ਕਿਸਾਨੀ ਸੰਘਰਸ਼ ਦਾ ਹਿੱਸਾ ਬਣਾ ਕੇ ਇਕ ਨਵਾਂ ਇਤਿਹਾਸ ਰਚਿਆ ਜਾ ਰਿਹਾ ਹੈ। ਬਿਨਾਂ ਸ਼ੱਕ ਨੌਜਵਾਨ ਕਿਸਾਨ ਇਨ੍ਹਾਂ ਤਿੰਨ ਖੇਤੀ ਕਾਨੂੰਨ ਨੂੰ ਲੈ ਕੇ ਹੁਣ ਆਰ-ਪਾਰ ਦੀ ਲੜਾਈ ਦੇ ਨਾਲ-ਨਾਲ ਪਿੱਤਰੀ ਸਾਂਝ ਦੇ ਇਤਿਹਾਸ ਨੂੰ ਮੁੜ ਤੋਂ ਦੁਹਰਾਉਣ ਦੀ ਕਵਾਇਦ ਦੇ ਨਵੇਂ ਮੀਲ ਪੱਥਰ ਵੀ 'ਗੱਡ' ਰਹੇ ਪ੍ਰਤੀਤ ਹੁੰਦੇ ਹਨ। ਦੇਸ਼ ਦੇ ਕਿਸਾਨਾਂ ਦੀ ਵਰ੍ਹਿਆਂ ਬਾਅਦ ਆਪਸੀ ਭਾਈਚਾਰੇ ਦੀ ਮਜ਼ਬੂਤ ਹੋ ਰਹੀ ਕੜੀ ਨੂੰ ਪੱਤਰਕਾਰੀ ਅੱਖ ਨਾਲ ਵੇਖੀਏ, ਤਾਂ ਇਹ ਆਪਣੇ ਆਪ ਦੇ ਇਤਿਹਾਸ ਵਿਚ ਇੱਕ ਬਹੁਤ ਵੱਡੀ ਗੱਲ, ਜਦ ਕਿਸਾਨ ਏਡੀ ਵੱਡੀ ਗਿਣਤੀ ਵਿਚ ਜੁੜ ਕੇ ਬੈਠੇ ਹੋਣ, ਇਸ ਗੱਲ 'ਤੇ ਤਸੱਲੀ ਜ਼ਰੂਰ ਪ੍ਰਗਟਾਈ ਜਾ ਸਕਦੀ ਹੈ ਕਿ ਕਿਸਾਨ ਹੁਣ ਇੱਕ ਹਨ।



ਖੇਤੀ ਕਾਨੂੰਨ ਭਾਵੇਂ ਰੱਦ ਹੋਣ ਜਾਂ ਨਾ ਇਹ ਬਾਅਦ ਦੀ ਗੱਲ ਹੈ ਪਰ ਜਿਨ੍ਹਾਂ ਮਾਵਾਂ ਦੇ ਬਲੀ ਪੁੱਤ ਇਸ ਸੰਸਾਰ ਤੋਂ ਜਾ ਚੁੱਕੇ ਹਨ, ਉਨ੍ਹਾਂ 'ਤੇ ਕੀ ਬੀਤੀ ਹੋਵੇਗੀ, ਇਹ ਤਾਂ ਉਹੀ ਮਾਂ ਦੱਸ ਸਕਦੀ ਹੈ, ਜਿਸਦਾ ਸੋਲ੍ਹਾਂ ਕੁ ਵਰ੍ਹਿਆਂ ਦਾ ਪੁੱਤ ਕਿਸਾਨੀ ਸੰਘਰਸ਼ ਦੌਰਾਨ ਹੱਸਦੇ-ਵੱਸਦੇ ਪਰਿਵਾਰ ਨੂੰ ਛੱਡ ਕੇ ਸਦਾ ਲਈ ਤੁਰ ਗਿਆ। ਬੀਤੇ ਸਮੇਂ ਜ਼ਿਲ੍ਹਾ ਬਠਿੰਡਾ ਦੇ ਪਿੰਡ ਚਾਉਕੇ ਕਲਾਂ ਦਾ ਜਸ਼ਨਪ੍ਰੀਤ ਸਿੰਘ ਜੋ ਦਿੱਲੀ ਦੀ ਸਰਹੱਦ 'ਤੇ ਕਿਸਾਨੀ ਮੋਰਚੇ ਦਾ ਹਿੱਸਾ ਸੀ, ਨੂੰ ਅਚਾਨਕ ਪਏ ਦਿਲ ਦੇ ਦੌਰੇ ਨੇ ਮਾਪਿਆਂ ਤੋਂ ਦੂਰ ਕਰ ਦਿੱਤਾ। ਅੱਖਾਂ ਭਰ ਕੇ ਇਹ ਸ਼ਬਦ ਲਿਖਣੇ ਪੈ ਰਹੇ ਹਨ ਕਿ ਸਰਕਾਰਾਂ ਜਿਸ ਨੂੰ ਵੋਟਰ ਚੁਣਦੇ ਹਨ, ਉਨ੍ਹਾਂ ਨਾਲ ਇਸ ਤਰ੍ਹਾਂ ਦਾ ਅਣਮਨੁੱਖੀ ਵਤੀਰਾ ਕਰ ਸਕਦੀਆਂ ਹਨ। ਨਹੀਂ ਕਦੇ ਇਹ ਗੱਲਾਂ ਸੋਚੀਆਂ ਵੀ ਨਹੀਂ ਜਾ ਸਕਦੀਆਂ ਕਿ ਸਰਕਾਰਾਂ ਇਸ ਤਰ੍ਹਾਂ ਆਪਣੇ ਹੀ ਦੇਸ਼ ਦੇ ਕਿਸਾਨਾਂ ਨੂੰ ਜ਼ਲੀਲ ਕਰ ਕੇ ਉਨ੍ਹਾਂ ਨੂੰ ਖ਼ਤਮ ਕਰਨ ਦੇ ਰਾਹ ਤੁਰ ਪੈਣ, ਇਹ ਵਰਤਾਰਾ ਬਿਲਕੁਲ ਵੀ ਕਦਾਚਿਤ ਵੀ ਠੀਕ ਨਹੀਂ। ਸਰਕਾਰ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਜੋ ਦੇਸ਼ ਦੀਆਂ ਸੜਕਾਂ 'ਤੇ ਲੱਖਾਂ ਦੇ ਕਰੀਬ ਕਿਸਾਨ ਬੈਠਾ ਹੈ, ਉਹ ਆਪਣੇ ਹੱਕਾਂ ਨੂੰ ਲੈ ਕੇ ਬੈਠਾ ਹੈ, ਉਨ੍ਹਾਂ ਦਾ ਮਤਲਬ ਕੋਈ ਸਿਆਸੀ ਨਹੀਂ। ਚੰਗਾ ਹੋਵੇ ਸਰਕਾਰ ਦੀ ਜਾਗ ਖੁੱਲ੍ਹੇ, ਉਹ ਖੇਤੀ ਕਾਨੂੰਨਾਂ ਨੂੰ ਲੈ ਕੇ ਕੋਈ ਠੋਸ ਨੀਤੀ ਬਣਾ ਕੇ ਕਿਸਾਨਾਂ ਨਾਲ ਨਵੇਂ ਸਿਰੇ ਤੋਂ ਗੱਲ ਸ਼ੁਰੂ ਕਰੇ ਅਤੇ ਉਨ੍ਹਾਂ ਦੀਆਂ ਮੰਗਾਂ ਮੰਨੇ, ਇਸੇ ਵਿਚ ਹੀ ਸਮਾਜ ਅਤੇ ਦੇਸ਼ ਦੀ ਭਲਾਈ ਹੈ।

# ਅਰਧ-ਬੇਹੋਸ਼ੀ ਦੀ ਹਾਲਤ 'ਚ ਖੁੱਲ੍ਹੇ ਅਸਮਾਨ ਥੱਲੇ ਰਾਤਾਂ ਕੱਟ ਰਹੇ ਬਜ਼ੁਰਗ ਨੂੰ ਸਰਾਭਾ ਆਸ਼ਰਮ ਨੇ ਸੰਭਾਲਿਆ

22 ਜਨਵਰੀ ਦਾ ਹੀ ਵਾਕਿਆ ਹੈ ਕਿ ਰਜ਼ਨੀਸ਼ ਕੁਮਾਰ ਨਾਮ ਦਾ 80 ਸਾਲਾ ਬਜ਼ੁਰਗ ਲੁਧਿਆਣੇ ਦੇ ਫੁਹਾਰਾ ਚੌਕ ਨਜ਼ਦੀਕ ਸੀਮੇਂਟਰੀ ਰੋਡ 'ਤੇ ਪਾਰਕ ਦੇ ਬਾਹਰ ਅਰਧ-ਬੇਹੋਸ਼ੀ ਦੀ ਹਾਲਤ ਵਿਚ ਬਿਮਾਰ ਪਿਆ ਸੀ। ਇਸਦੀ ਦੀ ਹਾਲਤ ਇੰਨੀ ਤਰਸਯੋਗ ਸੀ ਕਿ ਢਿੱਡੋਂ ਭੁੱਖੇ, ਤਨ 'ਤੇ ਮੈਲ ਨਾਲ ਭਰੇ ਹੋਏ ਕੱਪੜੇ, ਉੱਪਰੋਂ ਸਰਦੀ ਤੇ ਬਿਮਾਰੀ ਨਾਲ ਤੜਫ ਰਿਹਾ ਸੀ ਅਤੇ ਕੱਪੜਿਆਂ ਵਿਚ ਹੀ ਮਲ-ਮੂਤਰ ਕੀਤਾ ਹੋਇਆ ਸੀ। ਉੱਥੋਂ ਲੰਘ ਰਹੀ ਪੂਜਾ ਨਾਮ ਦੀ ਲੜਕੀ ਨੂੰ ਇਸ ਨੂੰ ਦੇਖ ਕੇ ਤਰਸ ਆਇਆ ਅਤੇ ਉਸ ਨੇ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿਖੇ ਫੋਨ ਕੀਤਾ।

ਆਸ਼ਰਮ ਦੇ ਫਾਊਂਡਰ ਡਾ. ਨੌਰੰਗ ਸਿੰਘ ਮਾਂਗਟ ਫੋਨ ਸੁਣਕੇ ਤੁਰੰਤ ਹੀ ਮਰੀਜ਼ ਨੂੰ ਲੈਣ ਲਈ ਲੁਧਿਆਣੇ ਪਹੁੰਚ ਗਏ। ਉੱਥੇ ਜਾ ਕੇ ਮਰੀਜ਼ ਨੂੰ ਚੁੱਕ ਕੇ ਆਸ਼ਰਮ ਦੀ ਵੈਨ ਵਿਚ ਪਾਇਆ, ਮੌਕੇ 'ਤੇ ਬਣਦੀ ਮੈਡੀਕਲ ਸਹਾਇਤਾ ਦਿੱਤੀ ਅਤੇ ਫਿਰ ਆਸ਼ਰਮ ਵਿਖੇ ਲੈ ਆਏ। ਆਸ਼ਰਮ ਵਿਚ ਪਹੁੰਚਣ ਤੋਂ ਬਾਅਦ ਸੇਵਾਦਾਰਾਂ ਵੱਲੋਂ ਇਸ ਨੂੰ ਇਸ਼ਨਾਨ ਕਰਵਾਇਆ ਗਿਆ, ਪ੍ਰਸ਼ਾਦਾ-ਪਾਣੀ ਛਕਾਇਆ ਗਿਆ। ਜਦੋਂ ਕੁਝ ਹੋਸ਼ ਆਈ, ਤਾਂ ਇਸ ਨਾਲ ਗੱਲ-ਬਾਤ ਕੀਤੀ ਗਈ। ਇਸਨੇ ਦੱਸਿਆ ਕਿ ਇਹ ਜੰਮੂ ਦਾ ਰਹਿਣ ਵਾਲਾ ਹੈ, ਦਸ ਸਾਲ ਦੀ ਉਮਰ ਵਿਚ ਹੀ ਘਰੋਂ ਨਿਕਲ ਆਇਆ ਸੀ। ਮਾਤਾ-ਪਿਤਾ ਦੀ ਮੌਤ ਹੋ ਗਈ, ਭੈਣ-ਭਰਾ ਦਾ ਕੁੱਝ ਪਤਾ ਨਹੀ। ਬਚਪਨ ਅੰਮ੍ਰਿਤਸਰ ਦੀਆਂ ਸੜਕਾਂ 'ਤੇ ਰੋਟੀ-ਪਾਣੀ ਮੰਗ ਕੇ ਬੀਤਿਆ। ਫਿਰ ਘੁੰਮਦਾ-ਘੁੰਮਾਉਂਦਾ ਕਾਨਪੁਰ ਨਿਕਲ ਗਿਆ, ਉੱਥੇ 24 ਸਾਲ ਟਰੱਕ ਚਲਾ ਕੇ ਗੁਜ਼ਾਰਾ ਕਰਦਾ ਰਿਹਾ। ਇੱਕ ਦਿਨ ਅਚਾਨਕ ਅੱਖ ਵਿਚ ਸੱਟ ਲੱਗ ਗਈ ਤੇ ਇਲਾਜ ਲਈ ਲੁਧਿਆਣੇ ਆ ਗਿਆ, ਇਲਾਜ ਕਰਵਾਇਆ ਅਤੇ ਇੱਥੇ ਹੀ ਰਹਿ ਕੇ ਟੈਗੋਰ ਨਗਰ ਵਿਚ ਰਿਕਸ਼ਾ ਚਲਾਇਆ, ਵੇਟਰ ਦਾ ਕੰਮ ਵੀ ਕੀਤਾ। ਪਰ ਜ਼ਿੰਦਗੀ ਵਿਚ ਕਾਮਯਾਬ ਨਹੀਂ ਹੋ ਸਕਿਆ, ਬਸ ਸੜਕਾਂ 'ਤੇ ਰੁਲਣ ਜੋਗਾ ਹੀ ਰਹਿ ਗਿਆ।

ਹੁਣ ਤਕਰੀਬਨ 7-8 ਮਹੀਨੀਆਂ ਤੋਂ ਬਿਮਾਰੀ ਨੇ ਘੇਰ ਲਿਆ ਅਤੇ ਕੰਮ ਕਰਨ ਦੀ ਹਿੰਮਤ ਨਾ ਰਹੀ, ਮੰਗ ਕੇ ਖਾਣ ਲਈ ਮਜਬੂਰ ਹੋ ਗਿਆ। ਮੈਂ ਕਦੇ ਡੰਡੀ ਸੁਵਾਮੀ ਮੰਦਿਰ ਦੇ ਬਾਹਰ ਤੇ ਕਦੇ ਪਾਰਕਾਂ ਦੇ ਬਾਹਰ ਸੌਂ ਕੇ ਗੁਜ਼ਾਰਾ ਕਰਦਾ ਸੀ। ਹੁਣ ਇਹ ਆਉਣ ਵਾਲੀ ਜ਼ਿੰਦਗੀ ਸਰਾਭਾ ਆਸ਼ਰਮ ਵਿਚ ਬਤੀਤ ਕਰੇਗਾ। ਇੱਥੇ ਇਸਨੂੰ ਮੈਡੀਕਲ ਸਹਾਇਤਾ, ਮੰਜਾ-ਬਿਸਤਰਾ ਅਤੇ ਜ਼ਰੂਰਤ ਦਾ ਸਾਰਾ ਸਮਾਨ ਮੁਹੱਈਆ ਕਰਵਾਇਆ ਜਾਵੇਗਾ, ਤਾਂ ਜੋ ਆਉਣ ਵਾਲੀ ਜ਼ਿੰਦਗੀ ਵਧੀਆ ਬਤੀਤ ਕਰ ਸਕੇ।

ਇਸ ਸੰਸਥਾ ਦੇ ਬਾਨੀ ਪੀ.ਏ.ਯੂ. ਦੇ ਰਿਟ. ਪ੍ਰੋਫ਼ੈਸਰ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ, ਜਿਨ੍ਹਾਂ ਵਿਚ ਬਹੁਤ ਸਾਰੇ ਮਰੀਜ਼ ਪੂਰੀ ਤਰ੍ਹਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲਈ ਮੋਬਾਇਲ : 95018-42506; 95018-42505 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਰਜ਼ਨੀਸ਼ ਕੁਮਾਰ ਨੂੰ ਫੁੱਟਪਾਥ ਤੋਂ ਚੁੱਕਦੇ ਹੋਏ ਡਾ. ਨੌਰੰਗ ਸਿੰਘ ਮਾਂਗਟ ਤੇ ਸੇਵਾਦਾਰ।

# ਸ੍ਰੀ ਅਕਾਲ ਤਖਤ ਸਾਹਿਬ ਨੂੰ ਢਾਹ ਸਿੱਖ ਪੰਥ ਵਿਚੋਂ ਹੋਂਦ ਗਵਾ ਚੁੱਕੇ ਅਕਾਲੀ ਦਲ ਵਲੋਂ ਕਿਸੇ ਸਾਜ਼ਿਸ਼ ਤਹਿਤ ਤਾਂ ਨਹੀਂ ਲਗਾਈ ਜਾ ਰਹੀ!

ਜੰਗ ਸਿੰਘ ਮਰਸੱਡ
(ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA



## ਪੰਜਾਬ ਤੇ ਸੰਸਾਰ ਭਰ ਦੇ ਸਿੱਖ ਜਗਤ ਨੂੰ ਜਾਗਣ ਦੀ ਲੋੜ





ਸਿੱਖਾਂ ਦੇ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜਦੋਂ ਤੋਂ ਸਿੱਖ ਕੌਮ ਨੂੰ ਮੀਰੀ ਤੇ ਪੀਰੀ ਦਾ ਸਿਧਾਂਤ ਦਿੱਤਾ ਹੈ, ਸਿੱਖ ਪੰਥ ਉਸ ਤੋਂ ਸੇਧ ਲੈਂਦਾ ਹੋਇਆ ਉਦੋਂ ਤੋਂ ਹੀ ਵੱਡੀਆਂ ਮੱਲ੍ਹਾਂ ਮਾਰਦਾ ਆ ਰਿਹਾ ਹੈ, ਜਿਸ ਦਾ ਇਕ ਲੰਮਾ ਚੌੜਾ, ਸ਼ਾਨਦਾਰ ਤੇ ਵਿਲੱਖਣਤਾ ਭਰਪੂਰ ਇਤਿਹਾਸ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਜਦੋਂ ਦੇਸ਼ ਵਿਚ ਅੰਗਰੇਜ਼ੀ ਰਾਜ ਸੀ, ਉਸ ਸਮੇਂ 1920 ਵਿਚ ਅਕਾਲੀ ਦਲ ਦਾ ਨਿਰਮਾਣ ਵੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਗਵਾਈ ਲੈ ਕੇ ਹੀ ਹੋਇਆ ਸੀ। ਉਸ ਵੇਲੇ ਸਿੱਖਾਂ ਦੇ ਗੁਰਦੁਆਰੇ ਮਹੰਤਾਂ ਤੇ ਹੋਰ ਸਿੱਖ ਵਿਰੋਧੀ ਅਨਸਰਾਂ ਦੇ ਹੱਥਾਂ ਵਿਚ ਸਨ, ਜਿਥੇ ਉਹ ਸਿਖਰਾਂ ਦੀਆਂ ਮੱਸੇ ਰੰਗੜ੍ਹ ਵਰਗੀਆਂ ਸਿੱਖ ਵਿਰੋਧੀ ਕਾਰਵਾਈਆਂ ਕਰਕੇ ਇਨ੍ਹਾਂ ਧਾਰਮਿਕ ਅਸਥਾਨਾਂ ਦੀ ਬੇਹੁਰਮਤੀ ਕਰਦੇ ਆ ਰਹੇ ਸਨ। ਇਸੇ ਨਿਰਮਾਣ ਕੀਤੇ ਅਕਾਲੀ ਦਲ ਦੀ ਅਗਵਾਈ ਵਿਚ ਸਿੱਖ ਕੌਮ ਨੇ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਲਈ ਅਨੇਕਾਂ ਲੜਾਈਆਂ ਲੜੀਆਂ ਤੇ ਜਿੱਤ ਪ੍ਰਾਪਤ ਕਰਕੇ ਗੁਰਦੁਆਰਿਆਂ ਦੇ ਕੰਟਰੋਲ ਨੂੰ ਅਕਾਲੀ ਦਲ ਨੇ ਆਪਣੇ ਹੱਥੀਂ ਲਿਆ ਸੀ। ਇਸੇ ਲੜਾਈ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਿਰਮਾਣ ਹੋਇਆ ਸੀ। ਉਸ ਸਮੇਂ ਦੇਸ਼ ਨੂੰ ਆਜ਼ਾਦ ਕਰਾਉਣ ਦੀ ਲੜਾਈ ਵੀ ਲੜੀ ਜਾ ਰਹੀ ਸੀ। ਸੰਸਾਰ ਭਰ ਦੇ ਲੋਕ ਇਹ ਵੀ ਜਾਣਦੇ ਹਨ ਕਿ ਜਦੋਂ ਗੁਰਦੁਆਰਿਆਂ ਦੇ ਪ੍ਰਬੰਧ ਸਿੱਖਾਂ ਦੇ ਕੰਟਰੋਲ ਵਿਚ ਆ ਗਿਆ, ਤਾਂ ਜੈਤੋ ਦੇ ਮੋਰਚੇ ਦੀ ਸਫਲਤਾ ਸਮੇਂ ਮਹਾਤਮਾ ਗਾਂਧੀ ਨੂੰ ਇਹ ਲਫਜ਼ ਕਹਿਣੇ ਪਏ ਸਨ ਕਿ ਆਜ਼ਾਦੀ ਦੀ ਪਹਿਲੀ ਲੜਾਈ ਜਿੱਤੀ ਜਾ ਚੁੱਕੀ ਹੈ। ਗੁਰਦੁਆਰਿਆਂ ਦੀ ਦੇਖ-ਰੇਖ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕਰਨ ਲੱਗ ਪਈ ਤੇ ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਇਆ ਸੀ। ਇਹ ਵੀ ਗੱਲ ਕਿਸੇ ਤੋਂ ਭੁੱਲੀ ਨਹੀਂ ਹੋਈ ਕਿ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਸਭ ਤੋਂ ਵੱਧ ਕੁਰਬਾਨੀਆਂ ਪੰਜਾਬੀ ਵਿਸ਼ੇਸ਼ ਕਰਕੇ ਸਿੱਖਾਂ ਨੂੰ ਹੀ ਦੇਣੀਆਂ ਪਈਆਂ ਸਨ। ਅੱਜ ਜਦੋਂ ਅਸੀਂ ਮੌਜੂਦਾ ਅਕਾਲੀ ਦਲ ਦੇ ਪਿਛਲੇ ਅਕਾਲੀ ਭਾਜਪਾ ਦੇ ਦਸ ਸਾਲ ਦੇ ਰਾਜ ਭਾਗ ਦੇ ਕੰਮ ਕਾਜ 'ਤੇ ਝਾਤ ਮਾਰਦੇ ਹਾਂ, ਤਾਂ ਸ਼ਰਮ ਨਾਲ ਸਿਰ ਝੁੱਕ ਜਾਂਦਾ ਹੈ। ਉਹ ਹੀ ਅਕਾਲੀ ਦਲ ਜਿਸ ਨੇ ਸ੍ਰੀ ਅਕਾਲ ਤਖਤ ਤੋਂ ਅਗਵਾਈ ਲੈ ਕੇ ਕਈ ਫਤਹਿ ਹਾਸਲ ਕੀਤੀਆਂ ਹੋਣ। ਅੱਜ ਉਸੇ ਅਕਾਲੀ ਦਲ ਦੇ ਆਗੂਆਂ ਵਿਚ ਸਿੱਖਰਾਂ ਦਾ ਨਿਘਾਰ ਆ ਚੁੱਕਾ ਹੈ। ਉਨ੍ਹਾਂ ਦੀਆਂ ਸਿੱਖ ਤੇ ਪੰਜਾਬ ਵਿਰੋਧੀ ਕਾਰਵਾਈਆਂ ਨੂੰ ਦੇਖਦੇ ਹੋਏ ਸਿੱਖ ਪੰਥ ਨੇ ਉਸ ਤੋਂ ਮੁੱਖ ਮੋੜ ਲਿਆ ਹੈ। ਅੱਜ ਉਸ ਦੀ ਹਾਲਤ ਇਹ ਬਣ ਗਈ ਹੈ ਕਿ ਉਸ ਵਲੋਂ ਕੀਤੀਆਂ ਘਣਘੋਰ ਗਲਤੀਆਂ ਕਾਰਨ ਸਿੱਖ ਪੰਥ ਨੇ ਉਨ੍ਹਾਂ ਕੋਲੋਂ ਦਰਕਿਨਾਰ ਕਰ ਲਿਆ ਹੈ ਕਿ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਵਿਚ ਅਕਾਲੀ ਦਲ ਬਾਦਲ ਨੂੰ ਇਸ ਵੇਲੇ 117 ਵਿਚੋਂ ਸਿਰਫ 2 ਸੀਟਾਂ 'ਤੇ ਲਿਆ ਖੜ੍ਹਾ ਕੀਤਾ ਹੈ। ਇਸ ਦੇ ਬਾਵਜੂਦ ਉਹ ਹਾਲੇ ਵੀ ਸਿੱਖਾਂ ਦੀ ਪਾਰਟੀ ਬਣੇ ਰਹਿਣ ਦਾ ਢੌਂਗ ਰੱਚ ਕੇ ਅਕਾਲੀ ਦਲ ਦਾ ਖਹਿੜਾ ਨਹੀਂ ਛੱਡ ਰਹੇ। ਇਸ ਪਾਰਟੀ ਦੀ ਹਾਲਤ ਇਹ ਬਣ ਗਈ ਹੈ ਕਿ ਇਸ ਦਾ ਇਕ ਧੜਾ ਬਾਗੀ ਹੋ ਕੇ ਸ੍ਰੀ ਅਕਾਲ ਤਖਤ 'ਤੇ ਪੇਸ਼ ਹੋ ਗਿਆ। ਜਿਸ ਦਾ ਨਤੀਜਾ ਇਹ ਹੋਇਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਹੋਰ ਤਖਤਾਂ ਦੇ ਜਥੇਦਾਰਾਂ ਨਾਲ ਮੀਟਿੰਗ ਕਰਕੇ 2 ਦਸੰਬਰ 2024 ਨੂੰ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਜਦੋਂ ਅਕਾਲੀ ਦਲ ਦੀ ਮੁੱਖ ਲੀਡਰਸ਼ਿਪ ਨੇ ਆਪਣੀਆਂ ਸਾਰੀਆਂ ਗਲਤੀਆਂ ਨੂੰ ਸੰਗਤ ਦੀ ਹਾਜ਼ਰੀ ਵਿਚ ਪ੍ਰਵਾਨ ਕਰਕੇ ਤਨਖਾਹ ਵੀ ਲੁਆਈ ਸੀ, ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮੌਜੂਦਾ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਮੌਜੂਦਾ ਸਾਰਾ ਅਕਾਲੀ ਦਲ ਸਿੱਖ ਪੰਥ ਵਿਚ ਆਪਣਾ ਇਖਲਾਕੀ ਤੌਰ 'ਤੇ ਅਧਾਰ ਗਵਾ ਚੁੱਕੇ ਹਨ। ਇਸ ਕਰਕੇ ਉਨ੍ਹਾਂ ਨੂੰ ਬਕਾਇਦਾ ਤੌਰ 'ਤੇ ਹਦਾਇਤਾਂ ਦਿੱਤੀਆਂ ਗਈਆਂ। ਜਿਸ ਵਿਚ ਉਨ੍ਹਾਂ ਨੇ ਨਵੇਂ ਸਿਰੇ ਤੋਂ ਅਕਾਲੀ ਦਲ ਦੇ ਨਿਰਮਾਣ ਲਈ ਇਕ 7 ਮੈਂਬਰੀ ਕਮੇਟੀ ਦਾ ਗਠਨ ਕੀਤਾ ਤੇ ਮਿੱਤੀ ਬੱਧ ਸਮੇਂ ਵਿਚ ਅਕਾਲੀ ਦਲ ਦਾ ਨਿਰਮਾਣ ਕਰਨ ਦੇ ਸਪੱਸ਼ਟ ਆਦੇਸ਼ ਦਿੱਤੇ ਸਨ। ਜਿਸ ਨੂੰ ਅਖੌਤੀ ਅਕਾਲੀ ਦਲ ਬਾਦਲ ਦੇ ਕੁਝ ਸਿਰਕੱਢ ਆਗੂ ਸਵੀਕਾਰ ਨਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਹੋਂਦ ਨੂੰ ਢਾਹ ਲਗਾ ਰਹੇ ਹਨ। ਕੁਝ ਸਿੱਖ ਚਿੰਤਕਾਂ ਦਾ ਕਹਿਣਾ ਹੈ ਕਿ ਸਿੱਖ ਤੇ ਪੰਜਾਬ ਵਿਰੋਧੀ ਤਾਕਤਾਂ ਜਿਸ ਵਿਚ ਭਾਜਪਾ ਦਾ ਨਾਂ ਦੱਸਿਆ ਜਾ ਰਿਹਾ ਹੈ, ਇਸੇ ਅਕਾਲੀ ਦਲ ਬਾਦਲ ਨੂੰ ਅੱਗੇ ਲਗਾ ਕੇ ਪੰਜਾਬ ਵਿਚੋਂ ਸਿੱਖਾਂ ਦੀ ਸੁਚੱਜੇ ਢੰਗ ਨਾਲ ਅਗਵਾਈ ਕਰਨ ਵਾਲੀ ਪਾਰਟੀ ਦਾ ਨਿਰਮਾਣ ਨਹੀਂ ਹੋਣ ਦੇ ਰਹੇ! ਇਹ ਅਕਾਲੀ ਦਲ ਉਨ੍ਹਾਂ ਦਾ ਹੱਥਠੋਕਾ ਬਣ ਕੇ ਕੰਮ ਕਰਦੇ ਆ ਰਹੇ ਹਨ। ਦੇਸ਼ ਵਿਚ ਰਾਜ ਕਰ ਰਹੀ ਭਾਜਪਾ ਜਿਸ ਦੇ ਆਗੂਆਂ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਰੱਲ ਕੇ ਪੰਜਾਬ ਵਿਚ ਦਸ ਸਾਲ ਤੱਕ ਰਾਜ ਭਾਗ ਦਾ ਅਨੰਦ ਮਾਣਦੇ ਹੋਏ ਉਸ ਦੀ ਹਰ ਪੱਖੋਂ ਬਰਬਾਦੀ ਕਰ ਦਿੱਤੀ ਹੈ, ਜਿਸ ਨੂੰ ਸੰਸਾਰ ਦਾ ਸਿੱਖ ਜਗਤ ਤੇ ਪੰਜਾਬ ਹਿਤੈਸ਼ੀ ਵਰਗ ਬੜੀ ਨੀਝਤਾ ਨਾਲ ਵੇਖਦਾ ਆ ਰਿਹਾ ਹੈ। ਅਕਾਲੀ ਦਲ ਬਾਦਲ ਤੇ ਭਾਜਪਾ ਦੇ ਦਸ ਸਾਲ ਦੇ ਸਾਂਝੇ ਰਾਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਣੀ, ਉਸ ਦੇ ਦੋਸ਼ੀ ਨਾ ਫੜਣੇ, ਸਿੱਖ ਪੰਥ ਦੇ ਜਥੇਦਾਰਾਂ ਕੋਲੋਂ ਜਬਰੀ ਸੌਦੇ ਸਾਧ ਨੂੰ ਬਿਨ ਮੰਗੇ ਮੁਆਫੀ ਦੁਆਉਣੀ, ਸ਼ਾਂਤਮਈ ਢੰਗ ਨਾਲ ਦੋਸ਼ੀਆਂ ਨੂੰ ਫੜਣ ਦੀ ਥਾ 'ਤੇ ਸ਼ਾਂਤਮਈ ਢੰਗ ਨਾਲ ਪਾਠ ਕਰਕੇ ਰੋਸ ਦਾ ਪ੍ਰਗਟਾਅ ਕਰ ਰਹੇ ਦੋ ਸਿੱਖ ਨੌਜੁਆਨਾਂ ਨੂੰ ਪੁਲਿਸ ਗੋਲੀ ਨਾਲ ਸ਼ਹੀਦ ਕਰਾਉਣਾ, ਸਿੱਖ ਨੌਜੁਆਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਨ ਵਾਲੇ ਸੁਮੇਧ ਸੈਣੀ ਤੇ ਇਜ਼ਹਾਰ ਆਲਮ ਖਾਂ ਆਦਿ ਵਰਗਿਆਂ ਨੂੰ ਪੁਲਿਸ ਵਿਚ ਉੱਚ ਅਹੁਦਿਆਂ 'ਤੇ ਨਿਵਾਜਣਾ, ਪੰਜਾਬ ਵਿਚੋਂ ਪੰਜਾਬ ਦੀ ਮਾਂ ਬੋਲੀ ਦਾ ਭੋਗ ਪਵਾ ਦੇਣਾ, ਪੰਜਾਬ ਦੇ ਗੌਰਵਮਈ ਇਤਿਹਾਸ ਨਾਲ ਬੜੀ ਬੇਸ਼ਰਮੀ ਨਾਲ ਖਿਲਵਾੜ ਕਰ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਰਾਹੀਂ ਪੁਸਤਕਾਂ ਛਪਵਾ ਕੇ ਪੰਜਾਬ ਵਿਚ ਵਿਦਿਅਰਥੀਆਂ ਨੂੰ ਪੜ੍ਹਾਉਣਾ, ਗੁਰਦੁਆਰਿਆਂ ਤੇ ਸਿੱਖ ਵਿੱਦਿਅਕ ਅਦਾਰਿਆਂ ਤੇ ਹੋਰ ਸਿੱਖ ਸੰਸਥਾਵਾਂ ਵਿਚ ਕੱਟੜ੍ਹ ਹਿੰਦੂਤਵੀਆਂ ਦੇ ਅਨਸਰ ਨੂੰ ਨੌਕਰੀਆਂ ਦੇਣੀਆਂ, ਪੰਜਾਬ ਦੇ ਨੌਜਵਾਨਾਂ ਦੀ ਸਾਰ ਨਾ ਲੈਣ ਕਾਰਨ ਉਨ੍ਹਾਂ ਨੂੰ ਆਪਣੀਆ ਜ਼ਮੀਨਾਂ ਜਾਇਦਾਦਾਂ ਵੇਚ ਕੇ ਵਿਦੇਸ਼ਾਂ ਵਿਚ ਜਾਣ ਲਈ ਮਜਬੂਰ ਕਰਨਾ, ਪੰਜਾਬ ਵਿਰੋਧੀ ਨੀਤੀਆਂ ਵਾਲੇ ਕੰਮ ਕਰਕੇ ਇਕ ਨੰਬਰ ਦੇ ਪੰਜਾਬ ਸੂਬੇ ਨੂੰ 6-7ਵੇਂ ਸਥਾਨ 'ਤੇ ਪਹੁੰਚਾਉਣਾ ਆਦਿ ਵਰਗੇ ਪੰਜਾਬ ਵਿਰੋਧੀ ਕੰਮ ਕਰਾਉਣੇ, ਤਾਂ ਕਿ ਪੰਜਾਬ ਵਿਚੋਂ ਖੇਤਰੀ ਪਾਰਟੀ ਅਕਾਲੀ ਦਲ ਦਾ ਭੋਗ ਪਵਾ ਕੇ ਭਾਜਪਾ ਨੂੰ ਮਜ਼ਬੂਤ ਕੀਤਾ ਜਾ ਸਕੇ। ਭਾਜਪਾ ਦਾ ਇਸ ਸਮੇਂ ਸਾਰਾ ਜ਼ੋਰ ਲੱਗਾ ਹੋਇਆ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਪੰਜਾਬ ਵਿਚ ਭਾਜਪਾ ਦੀ ਸਰਕਾਰ ਲਿਆਂਦੀ ਜਾ ਸਕੇ। ਇਥੇ ਪੰਜਾਬ ਵਾਸੀਆਂ ਨੂੰ ਇਹ ਵੀ ਯਾਦ ਰੱਖਣ ਦੀ ਲੋੜ ਹੈ ਕਿ ਸ੍ਰੀ ਅਰਵਿੰਦ ਕੇਜਰੀਵਾਲ ਜਿਹੜਾ ਆਰ.ਐੱਸ.ਐੱਸ. ਦਾ ਬੰਦਾ ਹੈ, ਉਹ ਵੀ ਇਸੇ ਮਕਸਦ 'ਤੇ ਕੰਮ ਕਰਦਾ ਆ ਰਿਹਾ ਹੈ। ਉਸ ਦੀ ਆਮ ਆਦਮੀ ਪਾਰਟੀ ਵੀ ਇਸੇ ਦਿਸ਼ਾ ਵਿਚ ਕੰਮ ਕਰਦੀ ਆ ਰਹੀ ਹੈ, ਜਿਸ ਨੂੰ ਪੰਜਾਬ ਦੇ ਲੋਕ ਸਮਝ ਨਹੀਂ ਰਹੇ। ਇਸ ਵੇਲੇ ਕੇਂਦਰ ਦੀ ਸਰਕਾਰ ਅੱਗੇ ਜੇ ਕੋਈ ਪ੍ਰਾਂਤ ਰੜਕ ਰਿਹਾ ਹੈ, ਤਾਂ ਉਹ ਸਿਰਫ ਤੇ ਸਿਰਫ "ਪੰਜਾਬ" ਹੀ ਹੈ। ਇਸੇ ਪ੍ਰਾਂਤ ਦੇ ਕਿਸਾਨਾਂ ਨੇ ਸਾਰੇ ਦੇਸ਼ ਦੇ ਕਿਸਾਨਾਂ ਨੂੰ ਇਕਜੁੱਟ ਕਰਕੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਕੋਲੋਂ ਤਿੰਨੇ ਦੇ ਤਿੰਨੇ ਕਿਸਾਨ ਵਿਰੋਧੀ ਕਾਨੂੰਨ ਬਿਨਾਂ ਸ਼ਰਤ ਵਾਪਸ ਕਰਾ ਕੇ ਦੇਸ਼ ਦੇ 100 ਸਾਲਾ ਇਤਿਹਾਸ ਨੂੰ ਦੁਹਰਾਇਆ ਸੀ। ਅਕਾਲੀ ਦਲ ਬਾਦਲ ਪੰਜਾਬ ਵਿਚ ਭਾਜਪਾ ਨਾਲ ਮੁੜ੍ਹ ਭਿਆਲੀ ਪਾ ਕੇ ਸ੍ਰੀ ਅਕਾਲ ਤਖਤ ਦੇ ਅਕਸ ਨੂੰ ਖਰਾਬ ਕਰਕੇ ਸਿੱਖ ਧਰਮ ਨੂੰ ਢਾਹ ਲਗਾਉਣ ਦੇ ਨਾਲ-ਨਾਲ ਪੰਜਾਬ ਨੂੰ ਰਹਿੰਦਾ-ਖੂੰਹਦਾ ਉਜਾੜਣਾ ਚਾਹੁੰਦਾ ਹੈ। ਭਾਜਪਾ ਦੀ ਇਸ ਗਹਿਰੀ ਸਾਜ਼ਿਸ਼ ਨੂੰ ਨਾਕਾਮਯਾਬ ਕਰਨ ਲਈ ਸੰਸਾਰ ਵਿਚ ਵਸਦੇ ਹਰ ਪੰਜਾਬੀ ਵਿਸ਼ੇਸ਼ ਕਰਕੇ ਸਿੱਖਾਂ ਦੀ ਵੱਡੀ ਜ਼ਿੰਮੇਵਾਰੀ ਬਣ ਗਈ ਹੈ ਕਿ ਜੇਕਰ ਉਹ ਗੁਰੂਆ ਪੀਰਾਂ ਦੀ ਧਰਤੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ "ਪੰਜਾਬ ਵੱਸਦਾ ਗੁਰਾਂ ਦੇ ਨਾਂ 'ਤੇ" ਨੂੰ ਬਚਾਉਣਾ ਚਾਹੁੰਦੇ ਹਨ, ਤਾਂ ਉਹ ਸ਼੍ਰੋਮਣੀ ਅਕਾਲੀ ਦਲ ਬਾਦਲ ਜਿਹੜਾ ਸ੍ਰੀ ਅਕਾਲ ਤਖਤ ਸਾਹਿਬ ਤੇ ਪੰਜਾਬ ਨੂੰ ਢਾਹ ਲਗਾਉਣ ਦੀ ਗੁੱਝੀ ਸਾਜ਼ਿਸ਼ ਦਾ ਸ਼ਿਕਾਰ ਹੈ, ਉਸ ਦੀਆਂ ਗੱਲਾਂ ਵਿਚ ਨਾ ਆਉਣ। ਸਿੱਖਾਂ ਦੀਆਂ ਸਾਰੀਆਂ ਪੰਥਕ ਧਿਰਾਂ, ਅਕਾਲੀ ਦਲਾਂ ਅੱਗੇ ਬੜੀ ਗੰਭੀਰਤਾ ਨਾਲ ਸੋਚਣ ਵਿਚਾਰਣ ਦੀ ਘੜ੍ਹੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸੰਸਾਰ ਭਰ ਦੇ ਸਿੱਖਾਂ ਦੇ ਨੁਮਾਇੰਦਿਆਂ ਨੂੰ ਵੀ ਸ਼ਾਮਲ ਕਰਕੇ ਨਰੋਈ ਸੋਚ ਵਿਚਾਰ ਕਰਕੇ ਪੰਜਾਬ ਵਿਚ ਅਜਿਹੀ ਪਾਰਟੀ ਦੀ ਅਗਵਾਈ ਕਰਨ ਵਾਲੀ ਨਿਰਸੁਆਰਥ ਲੀਡਰਸ਼ਿਪ ਦੀ ਚੋਣ ਕਰਨ, ਜੋ ਪੰਜਾਬ ਦੇ ਹਿੱਤਾਂ ਦੀ ਰੱਖਵਾਲੀ ਕਰ ਸਕਣ ਦੇ ਸਮਰੱਥ ਹੋਵੇ।

# ਸੱਚ ਦੀ ਰੋਸ਼ਨੀ

ਡਾਕਟਰ ਅਜੀਤ ਸਿੰਘ
ਕੋਟ ਕਪੂਰਾ
ਮੋਬਾਈਲ: +1-585-305-0443
ਪੰਜਾਬ ਮੇਲ USA





ਮੋਹਣਾ ਮੇਰੇ ਨਾਲ ਹੀ ਪੜ੍ਹਦਾ ਸੀ। ਉਹ ਸਾਡੇ ਤੋਂ ਅਗਲੀ ਗਲੀ ਵਿਚ ਰਹਿੰਦਾ ਸੀ। ਕਦੇ-ਕਦੇ ਉਹ ਕਿਸੇ ਕਾਪੀ ਲੈਣ ਦੇ ਬਹਾਨੇ ਸਾਡੇ ਘਰ ਵੀ ਆ ਜਾਇਆ ਕਰਦਾ ਸੀ। ਮੇਰੀ ਮਾਂ ਨੂੰ ਇਹ ਗੱਲ ਭਾਉਂਦੀ ਨਹੀਂ ਸੀ। ਉਸ ਨੂੰ ਪਤਾ ਸੀ ਕਿ ਮੋਹਣੇ ਦਾ ਪਿਤਾ ਜੁੱਤੀਆਂ ਗੰਢਣ ਦਾ ਕੰਮ ਕਰਦਾ ਸੀ। ਮੇਰੇ ਪਿਤਾ ਜੀ ਸਕੂਲ ਵਿਚ ਹਿਸਾਬ ਮਾਸਟਰ ਸਨ। ਉਹ ਕਮਜ਼ੋਰ ਬੱਚਿਆਂ ਨੂੰ ਘਰ ਬੁਲਾ ਕੇ ਹਿਸਾਬ ਦੇ ਸਵਾਲਾਂ ਦੀਆਂ ਮੁਸ਼ਕਲਾਂ ਹੱਲ ਕਰਵਾ ਦਿੰਦੇ ਸਨ ਅਤੇ ਇਸ ਕੰਮ ਦਾ ਕਿਸੇ ਤੋਂ ਵੀ ਕੋਈ ਪੈਸਾ ਨਹੀਂ ਲੈਂਦੇ ਸਨ। ਇਸ ਤਰ੍ਹਾਂ ਉਹ ਗਰੀਬ ਤੇ ਹਿਸਾਬ ਵਿਚੋਂ ਕਮਜ਼ੋਰ ਬੱਚਿਆਂ ਦੀ ਮਦਦ ਕਰ ਦਿਆਂ ਕਰਦੇ ਸਨ। ਮੇਰੇ ਪਿਤਾ ਜੀ ਨੂੰ ਜਾਤ-ਪਾਤ ਦਾ ਕੋਈ ਵਹਿਮ ਨਹੀਂ ਸੀ। ਉਹ ਜਾਣਦੇ ਸਨ ਕਿ ਆਰਥਿਕ ਤੌਰ 'ਤੇ ਕਮਜ਼ੋਰ ਬੱਚਿਆਂ ਨੂੰ ਅਧਿਆਪਕਾਂ ਵਲੋਂ ਮਿਲੇ ਘਰ ਦਾ ਕੰਮ ਕਰਨ ਲਈ ਸਮਾਂ ਘੱਟ ਮਿਲਦਾ ਹੈ, ਕਿਉਂਕਿ ਉਨ੍ਹਾਂ ਨੇ ਆਪਣੇ ਮਾਪਿਆਂ ਨਾਲ ਘਰੇਲੂ ਕੰਮਾਂ ਵਿਚ ਵੀ ਮਦਦ ਕਰਨੀ ਪੈਂਦੀ ਹੈ। ਇਸ ਲਈ ਉਹ ਪਿੱਛੇ ਰਹਿ ਜਾਂਦੇ ਹਨ ਅਤੇ ਉਹ ਉਨ੍ਹਾਂ ਦੀ ਸਹਾਇਤਾ ਕਰ ਦਿੰਦੇ ਸਨ, ਤਾਂ ਜੋ ਪੜ੍ਹਾਈ ਵਿਚੋਂ ਪਛੜ ਨਾ ਜਾਣ। ਕਈ ਵਾਰ ਗਰੀਬ ਬੱਚਿਆਂ ਦੀ ਫੀਸ ਵੀ ਆਪਣੇ ਕੋਲੋਂ ਭਰ ਦਿੰਦੇ ਸਨ। ਇਸ ਤਰ੍ਹਾਂ ਮਦਦ ਕਰ ਉਨ੍ਹਾਂ ਦੇ ਮਨ ਨੂੰ ਸ਼ਾਂਤੀ ਮਿਲਦੀ ਸੀ। ਸਕੂਲ ਵਿਚ ਮੁੰਡੇ ਅਤੇ ਕੁੜੀਆਂ ਇਕੱਠੇ ਹੀ ਪੜ੍ਹਦੇ ਸਨ। ਮੋਹਣਾ ਮੇਰੀ ਜਮਾਤ ਵਿਚ ਹੀ ਸੀ। ਉਹ ਪੜ੍ਹਾਈ ਵਿਚ ਹੁਸ਼ਿਆਰ ਸੀ ਅਤੇ ਕਦੇ ਉਹ ਪਹਿਲੇ ਨੰਬਰ 'ਤੇ ਆਉਂਦਾ ਸੀ ਅਤੇ ਕਦੇ ਮੈਂ ਪਹਿਲੇ ਨੰਬਰ 'ਤੇ ਆਉਂਦੀ ਸੀ। ਦਸਵੀਂ ਦਾ ਨਤੀਜਾ ਆਇਆ, ਤਾਂ ਉਹ ਸਕੂਲ ਵਿਚੋਂ ਪਹਿਲੇ ਨੰਬਰ 'ਤੇ ਆਇਆ ਸੀ ਅਤੇ ਮੈਂ ਦੂਸਰੇ ਨੰਬਰ 'ਤੇ ਆਈ ਸੀ। ਉਹ ਆਪਣੀ ਖੁਸ਼ੀ ਨੂੰ ਸਾਡੇ ਨਾਲ ਸਾਂਝਾ ਕਰਨ ਲਈ ਇਕ ਮਿਠਿਆਈ ਦਾ ਡੱਬਾ ਲੈ ਕੇ ਆਇਆ। ਉਸ ਨੇ ਡੱਬਾ ਪਿਤਾ ਜੀ ਨੂੰ ਦਿੱਤਾ। ਉਨ੍ਹਾਂ ਕੋਲ ਹੋਰ ਬੱਚੇ ਬੈਠੇ ਸਵਾਲ ਕੱਢ ਰਹੇ ਸਨ। ਉਨ੍ਹਾਂ ਨੇ ਮੋਹਣੇ ਦੀ ਖੁਸ਼ੀ ਸਭ ਨਾਲ ਸਾਂਝੀ ਕੀਤੀ ਅਤੇ ਸਭ ਨੂੰ ਮਿਠਿਆਈ ਖਾਣ ਲਈ ਦਿੱਤੀ। ਮੈਂ ਵੀ ਮਿਠਿਆਈ ਲੈ ਕੇ ਖਾ ਲਈ ਅਤੇ ਉਸ ਨੂੰ ਵਧਾਈ ਦਿੱਤੀ। ਮੇਰੀ ਮਾਂ ਨੇ ਮਿਠਿਆਈ ਨਾ ਫੜੀ ਅਤੇ ਉਸ ਨੂੰ ਵਧਾਈ ਦੇ ਦਿੱਤੀ। ਮੇਰੇ ਮਿਠਿਆਈ ਖਾ ਲੈਣ ਕਾਰਨ ਮੇਰੀ ਮਾਂ ਨੇ ਗੁੱਸਾ ਕੀਤਾ ਕਿ ਤੂੰ ਨੀਵੀਂ ਜਾਤ ਵਲੋਂ ਮਿਲੀ ਮਿਠਿਆਈ ਕਿਉਂ ਖਾਧੀ ਹੈ। ਮੇਰੇ ਪਿਤਾ ਜੀ ਨੂੰ ਉਨ੍ਹਾਂ ਨੇ ਕੁਝ ਨਾ ਕਿਹਾ। ਜਦੋਂ ਪੜ੍ਹਨ ਵਾਲੇ ਬਚੇ ਚਲੇ ਗਏ, ਤਾਂ ਮੋਹਣੇ ਨੇ ਮੇਰੇ ਪਿਤਾ ਜੀ ਨਾਲ ਸਲਾਹ ਕੀਤੀ ਕਿ ਅੱਗੇ ਮੈਂ ਕਿਹੜੀ ਪੜ੍ਹਾਈ ਕਰਾਂ ਅਤੇ ਕਿਹੜੇ ਕਾਲਜ ਵਿਚ ਦਾਖਲ ਹੋਵਾਂ। ਜਦੋਂ ਪਿਤਾ ਜੀ ਨੇ ਉਸ ਨੂੰ ਅਗਲੇਰੀ ਪੜ੍ਹਾਈ ਦੇ ਖਰਚੇ ਬਾਰੇ ਦੱਸਿਆ, ਤਾਂ ਮੋਹਣਾ ਕਹਿਣ ਲੱਗਾ ਕਿ ਖਰਚੇ ਬਾਰੇ ਕੋਈ ਫਿਕਰ ਨਹੀਂ ਕਿਉਂਕਿ ਮੇਰੇ ਮਾਮਿਆਂ ਨੇ ਮੇਰੇ ਉਪਰ ਖਰਚ ਕਰਨਾ ਹੈ। ਉਨ੍ਹਾਂ ਕੋਲ ਜ਼ਮੀਨ ਹੈ ਅਤੇ ਉਹ ਵਾਹੀ ਕਰਦੇ ਹਨ। ਮੇਰੀ ਅਗਲੇਰੀ ਪੜ੍ਹਾਈ ਦਾ ਖਰਚ ਉਹ ਕਰਨਗੇ। ਮੇਰੇ ਪਿਤਾ ਜੀ ਨੇ ਉਸ ਨੂੰ ਅਗੇ ਕਾਲਜ ਵਿਚ ਦਾਖਲ ਹੋ ਮਿਹਨਤ ਕਰਨ ਲਈ ਸਲਾਹ ਦਿੱਤੀ।

ਮੈਂ ਵੀ ਅਗਲੇਰੀ ਪੜ੍ਹਾਈ ਕਾਲਜ ਵਿਚ ਕਰਨੀ ਸੀ। ਅਸੀਂ ਇਕੋ ਕਾਲਜ ਵਿਚ ਦਾਖਲ ਹੋ ਗਏ। ਕਾਲਜ ਅੰਦਰ ਉਹ ਮੇਰਾ ਪੂਰਾ ਧਿਆਨ ਰੱਖਦਾ ਸੀ। ਅਸੀਂ ਇਕੱਠੇ ਹੀ ਕਾਲਜ ਜਾਂਦੇ ਸੀ ਅਤੇ ਇਕੱਠੇ ਹੀ ਮੁੜਦੇ ਸੀ। ਕਦੇ-ਕਦੇ ਉਹ ਸਾਡੇ ਘਰ ਉਹ ਪੜ੍ਹਾਈ ਸਬੰਧੀ ਕੋਈ ਮੁਸ਼ਕਿਲ ਲੈ ਕੇ ਮੇਰੇ ਡੈਡੀ ਕੋਲ ਆ ਜਾਂਦਾ ਸੀ। ਸਾਡਾ ਮੇਲ-ਜੋਲ ਵੱਧ ਰਿਹਾ ਸੀ। ਸਾਨੂੰ ਇਹ ਪਤਾ ਨਾ ਲੱਗਾ ਕਦੋਂ ਸਾਡੀਆਂ ਅੱਖਾਂ ਚਾਰ ਹੋ ਗਈਆਂ। ਅਸੀਂ ਕੋਈ ਨਾ ਕੋਈ ਬਹਾਨਾ ਕਰ ਕਾਲਜ ਵਿਚ ਵਧੇਰੇ ਸਮਾਂ ਇਕੱਠਾ ਬਿਤਾਉਣ ਲੱਗ ਪਏ। ਜਦੋਂ ਕਾਲਜ ਦੀ ਪੜ੍ਹਾਈ ਖਤਮ ਹੋਣ ਵਾਲੀ ਸੀ, ਤਾਂ ਉਸ ਨੇ ਮੇਰੇ ਲਈ ਅਥਾਹ ਪਿਆਰ ਜਤਾਇਆ ਅਤੇ ਮੇਰੇ ਨਾਲ ਸੱਤ ਜਨਮਾਂ ਦਾ ਰਿਸ਼ਤਾ ਨਿਭਾਉਣ ਦਾ ਵਾਅਦਾ ਕੀਤਾ। ਮੈਨੂੰ ਵੀ ਸਮਝ ਨਾ ਲੱਗੀ ਕਦੋਂ ਮੈਂ ਉਸ ਨੂੰ ਹਾਂ ਕਰ ਬੈਠੀ ਅਤੇ ਮਾਪਿਆਂ ਤੋਂ ਮਨਜ਼ੂਰੀ ਲੈਣ ਦਾ ਵਾਅਦਾ ਕਰ ਲਿਆ। ਉਸ ਨੇ ਮੇਰੇ ਨਾਲ ਇਹ ਵਾਅਦਾ ਕਰ ਲਿਆ ਕਿ ਜ਼ਿੰਦਗੀ ਦੇ ਕਿਸੇ ਵੀ ਮੋੜ ਉਪਰ ਪਿੱਛੇ ਮੁੜ ਕੇ ਦੇਖੇਂਗੀ, ਮੈਂ ਤੇਰੇ ਇੰਤਜ਼ਾਰ ਵਿਚ ਹਾਜ਼ਰ ਮਿਲਾਂਗਾ।

ਜਦੋਂ ਮੈਂ ਕਾਲਜ ਦੀ ਪੜ੍ਹਾਈ ਖਤਮ ਕਰ ਮਾਪਿਆਂ ਨਾਲ ਵਿਆਹ ਸਬੰਧੀ ਆਪਣੇ ਵਿਚਾਰ ਦੱਸੇ, ਤਾਂ ਉਨ੍ਹਾਂ ਨੇ ਸਮਾਜ ਵਿਚ ਅਤੇ ਰਿਸ਼ਤੇਦਾਰੀ ਵਿਚ ਹੋਣ ਵਾਲੀ ਹਾਲਤ ਪ੍ਰਤੀ ਚਾਨਣ ਕੀਤਾ, ਤਾਂ ਮੈਂ ਝਿਜਕ ਗਈ। ਆਪਣੇ ਮਾਂ-ਬਾਪ ਦੀ ਖੁਸ਼ੀ ਲਈ ਮੈਂ ਆਪਣੀ ਹਾਰ ਮੰਨ ਕੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਵਿਆਹ ਕਰਵਾਉਣ ਲਈ ਤਿਆਰ ਹੋ ਗਈ। ਮੇਰੇ ਬਾਪ ਦੀ ਸਕੂਲ ਵਿਚ ਸੇਵਾ ਨਵਿਰਤੀ ਹੋ ਗਈ। ਉਨ੍ਹਾਂ ਨੂੰ ਇਸ ਸਮੇਂ ਕੁਝ ਰਕਮ ਇਕੱਠੀ ਮਿਲ ਗਈ ਅਤੇ ਉਨ੍ਹਾਂ ਦੀ ਪੈਨਸ਼ਨ ਵੀ ਲੱਗ ਗਈ। ਮਾਪਿਆਂ ਦੀ ਇੱਛਾ ਸੀ ਕਿ ਇਕੱਠੀ ਮਿਲੀ ਰਕਮ ਨਾਲ ਮੇਰਾ ਵਿਆਹ ਕਰ ਦਿੱਤਾ ਜਾਵੇ। ਉਨ੍ਹਾਂ ਨੇ ਮੁੰਡੇ ਦੀ ਭਾਲ ਸ਼ੁਰੂ ਕਰ ਦਿੱਤੀ। ਸਮੇਂ-ਸਮੇਂ 'ਤੇ ਮੇਰੇ ਪਿਤਾ ਜੀ ਨੇ ਆਪਣੀ ਬਚਤ ਨਾਲ ਕਿਤਾਬਾਂ ਖਰੀਦ ਕੇ ਇਕ ਲਾਇਬ੍ਰੇਰੀ ਬਣਾਈ ਹੋਈ ਸੀ, ਜਿਸ ਵਿਚ ਬਹੁਤ ਸਾਰੀਆਂ ਕਿਤਾਬਾਂ ਹੋ ਗਈਆਂ ਸਨ। ਮੈਂ ਆਪਣੀ ਘਰ ਦੀ ਉਸ ਲਾਇਬ੍ਰੇਰੀ ਵਿਚੋਂ ਕਿਤਾਬਾਂ ਲੈ ਕੇ ਪੜ੍ਹਨ ਵਿਚ ਮਗਨ ਹੋ ਗਈ। ਮਾਪਿਆਂ ਅਨੁਸਾਰ ਵਿਚੋਲੇ ਰਾਹੀਂ ਮੁੰਡੇ ਦਾ ਪਤਾ ਲੱਗਾ। ਵਿਚੋਲੇ ਰਾਹੀਂ ਸਾਰੇ ਕਾਰ ਵਿਹਾਰ ਕਰ ਵਿਆਹ ਮਿਥ ਲਿਆ ਗਿਆ। ਵਿਆਹ ਵਾਲਾ ਦਿਨ ਆ ਗਿਆ। ਸਾਰੀਆਂ ਤਿਆਰੀਆਂ ਹੋ ਚੁਕੀਆਂ ਸਨ। ਜੰਞ ਆ ਗਈ, ਆਓ ਭਗਤ ਕੀਤੀ ਗਈ। ਮੈਂ ਤਿਆਰ ਹੋ ਕੇ ਬੈਠੀ ਹੋਈ ਸੀ, ਅਨੰਦ ਕਾਰਜ ਲਈ ਗੁਰਦੁਆਰੇ ਜਾਣਾ ਸੀ। ਵਿਚੋਲਾ ਮੇਰੇ ਬਾਪ ਨੂੰ ਕਹਿਣ ਲੱਗਾ ਕਿ ਲੜਕੇ ਵਾਲੇ ਦਾਜ ਵਿਚ ਕਾਰ ਮੰਗਦੇ ਹਨ। ਮੇਰੇ ਪਿਤਾ ਜੀ ਨੇ ਕਿਹਾ ਕਿ ਮੇਰੇ ਕੋਲ ਕਾਰ ਦੀ ਸਮਰਥਾ ਨਹੀਂ ਹੈ। ਜੇ ਉਨ੍ਹਾਂ ਦੀ ਇਹ ਮੰਗ ਸੀ, ਤਾਂ ਪਹਿਲਾਂ ਦੱਸਦੇ, ਅਸੀਂ ਰਿਸ਼ਤਾ ਕਰਨ ਵੇਲੇ ਸੋਚ ਵਿਚਾਰ ਕਰ ਰਿਸ਼ਤਾ ਕਰਦੇ। ਪਹਿਲਾਂ ਤਾਂ ਆਖਦੇ ਸੀ ਕਿ ਅਸੀਂ ਦਾਜ ਨਹੀਂ ਲੈਣਾ, ਜੋ ਲੜਕੀ ਵਾਲਿਆਂ ਦੀ ਸਮਰਥਾ ਹੈ ਆਪਣੀ ਲੜਕੀ ਨੂੰ ਦੇਣ ਜਾਂ ਨਾ ਦੇਣ ਸਾਡੀ ਕੋਈ ਮੰਗ ਨਹੀਂ ਹੈ। ਸਾਡੇ ਵਲੋਂ ਲੜਕੀ ਨੂੰ ਤਿੰਨਾਂ ਕੱਪੜਿਆਂ ਵਿਚ ਤੋਰ ਦੇਣ। ਹੁਣ ਉਹ ਪੈਰ 'ਤੇ ਕਾਰ ਮੰਗ ਰਹੇ ਹਨ। ਵਿਚੋਲਾ ਮੇਰੇ ਪਿਤਾ ਨੂੰ ਨਾਲ ਲੈ ਕੇ ਲੜਕੇ ਦੇ ਪਿਤਾ ਨਾਲ ਗੱਲ ਕਰਨ ਲਈ ਗਏ। ਲੜਕੇ ਨੇ ਸਾਫ ਇਨਕਾਰ ਕਰ ਦਿੱਤਾ ਕਿ ਕਾਰ ਮਿਲੇਗੀ ਤਾਂ ਹੀ ਅਨੰਦ ਕਾਰਜ ਹੋਵੇਗਾ, ਨਹੀਂ ਤਾਂ ਅਸੀਂ ਬਰਾਤ ਨੂੰ ਵਾਪਸ ਲੈ ਜਾਵਾਂਗੇ। ਪਿਤਾ ਜੀ ਨੇ ਆਪਣੀ ਪੱਗ ਉਨ੍ਹਾਂ ਦੇ ਪੈਰਾਂ 'ਤੇ ਰੱਖੀ ਕਿ ਅਜਿਹਾ ਨਾ ਕਰੋ, ਸਾਡੀ ਇੱਜ਼ਤ ਮਿੱਟੀ ਵਿਚ ਰੁਲ ਜਾਵੇਗੀ। ਉਹ ਤਾਂ ਪੱਥਰ ਦਿਲ ਨਿਕਲੇ, ਉਨ੍ਹਾਂ ਉਪਰ ਕੋਈ ਅਸਰ ਨਾ ਹੋਇਆ। ਜਦੋਂ ਮੇਰੀ ਮਾਂ ਨੇ ਮੈਨੂੰ ਦੱਸਿਆ, ਮੈਨੂੰ ਗੁੱਸਾ ਆ ਗਿਆ। ਮੈਂ ਆਪਣੀ ਮਾਂ ਨੂੰ ਕਿਹਾ ਕਿ ਉਹ ਕੀ ਰਿਸ਼ਤਾ ਤੋੜਨਗੇ, ਮੈਂ ਉਨ੍ਹਾਂ ਨੂੰ ਜਵਾਬ ਦੇਵਾਂਗੀ। ਮੈਂ ਇਹ ਵੀ ਸੋਚ ਰਹੀ ਸੀ, ਜੇਕਰ ਬਰਾਤ ਖਾਲੀ ਹੀ ਵਾਪਸ ਜਾਵੇਗੀ, ਤਾਂ ਕਿ ਮੁੰਡੇ ਵਾਲਿਆਂ ਦੀ ਬੇਜ਼ਤੀ ਨਹੀਂ ਹੋਵੇਗੀ। ਮੇਰੇ ਪਿਤਾ ਜੀ ਤੇ ਹੋਰ ਰਿਸ਼ਤੇਦਾਰ ਮੈਨੂੰ ਸਮਝਾਉਣ ਲੱਗੇ ਕਿ ਜਦੋਂ ਇਕ ਵਾਰ ਬਰਾਤ ਮੁੜ ਜਾਵੇ, ਤਾਂ ਦੂਸਰੀ ਵਾਰ ਰਿਸ਼ਤਾ ਕਰਨਾ ਬਹੁਤ ਹੀ ਮੁਸ਼ਕਿਲ ਹੋ ਜਾਂਦਾ ਹੈ।

ਹੁਣ ਮੈਨੂੰ ਅਹਿਸਾਸ ਹੋ ਰਿਹਾ ਸੀ ਕਿ ਲੜਕੀ ਦੇ ਜਨਮ ਸਮੇਂ ਕਿਉਂ ਦੁੱਖ ਮਨਾਇਆ ਜਾਂਦਾ ਹੈ। ਕੁੜੀਆਂ ਦਾ ਭਵਿੱਖ ਅਨਿਸ਼ਚਿਤ ਹੁੰਦਾ ਹੈ। ਭਾਵੇਂ ਲੜਕੀ ਨੂੰ ਪੜ੍ਹਾ ਲਿਆ ਜਾਵੇ, ਦਾਜ ਦਾ ਖਰਚ ਅਤੇ ਲੜਕੀ ਦੇ ਸਹੁਰਿਆਂ ਵਲੋਂ ਕੀਤਾ ਵਰਤਾਓ ਤਾਂ ਮਾਪਿਆਂ ਨੂੰ ਡਰਾਉਂਦਾ ਹੀ ਰਹਿੰਦਾ ਹੈ। ਮੈਂ ਇਹ ਜਾਣਦੀ ਸੀ ਕਿ ਮੇਰੇ ਮਾਪਿਆਂ ਵਿਚ ਹੋਰ ਗੁੰਜਾਇਸ਼ ਨਹੀਂ ਸੀ। ਮੈਨੂੰ ਇਹ ਲੱਗ ਰਿਹਾ ਸੀ ਕਿ ਮੈਂ ਆਪਣੇ ਪਿਤਾ ਦੀ ਗੁਨਾਹਗਾਰ ਹਾਂ। ਮੇਰੇ ਕਾਰਨ ਹੀ ਮੇਰੇ ਬਾਪ ਨੂੰ ਝੁੱਕਣਾ ਪੈ ਰਿਹਾ ਹੈ। ਮੈਂ ਸੋਚਿਆ ਕਿ ਜਿਹੜੇ ਵਿਆਹ ਵੇਲੇ ਹੀ ਦਾਜ ਵਿਚ ਕਾਰ ਦੀ ਮੰਗ ਕਰ ਰਹੇ ਹਨ, ਇਹ ਬਾਅਦ ਵਿਚ ਹੋਰ ਦਾਜ ਨਹੀਂ ਮੰਗਣਗੇ, ਇਸ ਗੱਲ ਦੀ ਵੀ ਕੀ ਗਰੰਟੀ ਹੈ। ਮੇਰੇ ਸੁਪਨੇ ਇਹ ਕਿਵੇਂ ਪੂਰੇ ਕਰਨਗੇ। ਮੈਂ ਅਜਿਹੇ ਘਰ ਵਿਚ ਜਾ ਕੇ ਕਿਵੇਂ ਖੁਸ਼ ਰਹਿ ਸਕਦੀ ਹਾਂ। ਮੈਂ ਆਪਣੇ ਮਨ ਨਾਲ ਫੈਸਲਾ ਕਰ ਲਿਆ ਕਿ ਇਨ੍ਹਾਂ ਨੇ ਵਿਆਹ ਜਿਹੇ ਪਵਿੱਤਰ ਬੰਧਨ ਨੂੰ ਕਲੰਕਿਤ ਕਰਨ ਵਾਲਿਆਂ ਨਾਲ ਮੈਂ ਕੋਈ ਸਬੰਧ ਨਹੀਂ ਬਣਾਉਣਾ। ਜਿਹੜੇ ਅੱਜ ਹੀ ਮੇਰੇ ਬਾਪ ਦੀ ਇੱਜ਼ਤ ਨੂੰ ਰੋਲ ਰਹੇ ਹਨ, ਉਨ੍ਹਾਂ ਨਾਲ ਬਣਾਏ ਹੋਏ ਰਿਸ਼ਤੇ ਕਿਵੇਂ ਨਿਭਾਏ ਜਾ ਸਕਣਗੇ। ਮੇਰੇ ਬਾਪ ਨੇ ਮੇਰੀਆਂ ਸਾਰੀਆਂ ਮੰਗਾਂ ਮੰਨੀਆਂ ਹਨ ਅਤੇ ਆਪਣੀ ਸਮਰਥਾ ਅਨੁਸਾਰ ਮੈਨੂੰ ਪੜ੍ਹਾਇਆ ਹੈ। ਮੇਰੇ ਪੰਖਾਂ ਨੂੰ ਪਰਵਾਜ਼ ਦਿੱਤਾ ਹੈ। ਮੈਨੂੰ ਅਗਲੇਰੇ ਜੀਵਨ ਵਿਚ ਨਿਰਾਸ਼ ਦੇਖ ਕਿਵੇਂ ਆਪਣੀ ਜ਼ਿੰਦਗੀ ਗੁਜ਼ਾਰਣਗੇ। ਇਹ ਪੈਸੇ ਦੇ ਭੁੱਖੇ ਰਿਸ਼ਤੇਦਾਰ ਅਤੇ ਇਹ ਕਾਰ ਮੰਗਣ ਵਾਲੇ ਮੇਰੀਆਂ ਉਮੀਦਾਂ ਕਿਵੇਂ ਪੂਰੀਆਂ ਕਰਨਗੇ। ਇਸ ਲਾਲਚੀ ਲੜਕੇ ਨਾਲ ਵਿਆਹ ਕਰਵਾ ਕੇ ਮੇਰੇ ਸੁਪਨਿਆਂ ਦੇ ਫੁੱਲ ਖਿੜਨਗੇ, ਇਸ ਦੀ ਆਸ ਨਹੀਂ ਕੀਤੀ ਜਾ ਸਕਦੀ। ਮੈਂ ਆਪਣੇ ਮਾਪਿਆਂ ਨੂੰ ਕੋਲ ਬਿਠਾ ਕੇ ਇਹ ਦੱਸ ਦਿੱਤਾ ਕਿ ਮੈਂ ਹੋਰ ਪੜ੍ਹਾਂਗੀ ਅਤੇ ਅਜਿਹੇ ਦਾਜ ਦੇ ਲੋਭੀਆਂ ਨੂੰ ਅਤੇ ਸਮਾਜ ਦੇ ਦੁਸ਼ਮਣਾਂ ਨੂੰ ਸਬਕ ਸਿਖਾਵਾਂਗੀ। ਇਹ ਮੇਰੀ ਜੰਗ ਹੀ ਨਹੀਂ ਹੋਵੇਗੀ। ਇਹ ਤਾਂ ਹਰ ਉਸ ਲੜਕੀ ਦੀ ਜੰਗ ਹੋਵੇਗੀ, ਜਿਸ ਨੂੰ ਇਹੋ ਜਿਹੇ ਦਾਜ ਦੇ ਲਾਲਚੀ ਲੋਕਾਂ ਤੋਂ ਡਰ ਕੇ ਕੁੱਖ ਵਿਚ ਹੀ ਖਤਮ ਕਰਨਾ ਚਾਹੁੰਦੇ ਹਨ। ਮੈਂ ਹਰ ਯਤਨ ਕਰਾਂਗੀ ਕਿ ਸਮਾਜ ਦੇ ਹਰ ਹਨੇਰੇ ਕੋਨੇ ਵਿਚ ਚਾਨਣ ਕਰ ਸਕਾਂ, ਤਾਂ ਜੋ ਹਰ ਲੜਕੀ ਦਾ ਭਵਿੱਖ ਉਜਲਾ ਹੋ ਸਕੇ। ਸੱਚ ਦੀ ਰੋਸ਼ਨੀ ਦਾ ਛਿੱਟਾ ਹਰ ਪਾਸੇ ਦੇਵਾਂਗੀ। ਤੁਸੀਂ ਇਸ ਲਾਲਚੀ ਟੱਬਰ ਨੂੰ ਵਾਪਿਸ ਭੇਜ ਦਿਓ। ਜੇਕਰ ਤੁਸੀਂ ਠੀਕ ਸਮਝਦੇ ਹੋ, ਤਾਂ ਮੈਂ ਆਪ ਹੀ ਇਨ੍ਹਾਂ ਦੇ ਕੰਨ ਖੋਲ ਸਕਦੀ ਹਾਂ। ਤੁਸੀਂ ਮੈਨੂੰ ਹੌਂਸਲਾ ਦਿੱਤਾ ਹੈ, ਮੈਂ ਬੁਰਾਈ ਦੇ ਖਿਲਾਫ ਡੱਟ ਕੇ ਖਲੋ ਸਕਦੀ ਹਾਂ।

ਮੇਰੀ ਪੜ੍ਹਾਈ ਮਾਪਿਆਂ ਦੀ ਮਜਬੂਰੀ ਕਾਰਨ ਅਧੂਰੀ ਰਹਿ ਚੱਲੀ ਸੀ। ਮੈਂ ਆਪਣੇ ਮਾਪਿਆਂ ਤੋਂ ਅਸ਼ੀਰਵਾਦ ਲੈ ਅਗਲੇਰੀ ਪੜ੍ਹਾਈ ਕੀਤੀ। ਮੇਰੇ ਇਨ੍ਹਾਂ ਕਦਮਾਂ ਵਿਚ ਪਿਤਾ ਜੀ ਨੇ ਮੇਰਾ ਪੂਰਾ ਸਾਥ ਦਿੱਤਾ। ਜਦੋਂ ਕਦੇ ਵੀ ਮੇਰੇ ਕਦਮ ਡਗਮਗਾ ਜਾਂਦੇ ਜਾਂ ਹਿੰਮਤ ਜਵਾਬ ਦੇਣ ਲੱਗਦੀ, ਤਾਂ ਮੇਰੇ ਪਿਤਾ ਦੇ ਹੋਏ ਅਪਮਾਨ ਦਾ ਬਦਲਾ ਲੈਣ ਦੀ ਇੱਛਾ ਮੈਨੂੰ ਨਵੀਂ ਊਰਜਾ ਪ੍ਰਦਾਨ ਕਰਦੀ। ਮੈਂ ਦੁਬਾਰਾ ਹਾਲਾਤ ਨਾਲ ਜੂਝਣਾ ਸ਼ੁਰੂ ਕਰ ਦਿੰਦੀ ਸਾਂ। ਮੇਰੇ ਪਿਤਾ ਜੀ ਨੇ ਮੈਨੂੰ ਸਹਾਰਾ ਤੱਕਣ ਦੀ ਆਦਤ ਨਹੀਂ ਪਾਈ ਸੀ। ਉਹ ਹਮੇਸ਼ਾ ਆਖਦੇ ਸਨ ਕਿ ਸਹਾਰੇ ਇਨਸਾਨ ਨੂੰ ਕਮਜ਼ੋਰ ਬਣਾ ਦਿਆ ਕਰਦੇ ਹਨ। ਸਹਾਰਾ ਲੱਭਣਾ ਬੁਜ਼ਦਿਲੀ ਹੁੰਦੀ ਹੈ। ਸੁਪਨਿਆਂ ਦੀ ਮੰਜ਼ਿਲ ਤੱਕ ਪੁਜਣ ਵਾਲੇ ਸਹਾਰੇ ਦੇ ਆਸਰੇ ਨਹੀਂ ਚਲਿਆ ਕਰਦੇ। ਉਹ ਮੈਨੂੰ ਆਖਿਆ ਕਰਦੇ ਸਨ ਕਿ ਮੈਂ ਨਹੀਂ ਚਾਹੁੰਦਾ ਕਿ ਤੂੰ ਬੈਸਾਖੀਆਂ ਦੀ ਲੋੜ ਮਹਿਸੂਸ ਕਰੇ। ਤੂੰ ਆਪਣਾ ਸਹਾਰਾ ਆਪ ਹੀ ਬਣ। ਜੇਕਰ ਤੂੰ ਇਹ ਰਸਤਾ ਚੁਣ ਲਿਆ, ਤਾਂ ਉਹ ਦਿਨ ਦੂਰ ਨਹੀਂ, ਜਦੋਂ ਤੇਰਾ ਉਚਾ ਮੁਕਾਮ ਤੈਨੂੰ ਖੁੱਲ੍ਹੀਆਂ ਬਾਹਾਂ ਕਰ ਇੰਤਜ਼ਾਰ ਕਰ ਰਿਹਾ ਹੋਵੇਗਾ। ਪਿਤਾ ਜੀ ਦਾ ਸਾਥ ਪ੍ਰਾਪਤ ਕਰ ਮੈਂ ਆਪਣੀ ਮੰਜ਼ਿਲ ਵੱਲ ਸੇਧਤ ਹੋ ਜਾਂਦੀ ਸੀ।

ਮੈਂ ਆਈ.ਏ.ਐੱਸ. ਦੇ ਇਮਿਤਹਾਨ ਲਈ ਤਿਆਰੀ ਕੀਤੀ। ਇਮਤਿਹਾਨ ਦਿੱਤਾ ਅਤੇ ਪਹਿਲੀ ਵਾਰ ਵਿਚ ਹੀ ਚੰਗੇ ਰੈਂਕ ਨਾਲ ਪਾਸ ਕਰ ਲਿਆ। ਇੰਟਰਵਿਊ ਲਈ ਤਿਆਰੀ ਕੀਤੀ। ਪ੍ਰਮਾਤਮਾ ਦੀ ਮੇਹਰਬਾਨੀ ਸਦਕਾ ਅਤੇ ਮਾਪਿਆਂ ਦੀ ਹਲਾਸ਼ੇਰੀ ਨਾਲ ਸਫਲਤਾ ਮਿਲੀ। ਸਿਖਲਾਈ ਪ੍ਰਾਪਤ ਕਰ ਮੈਂ ਆਪਣੇ ਨਾਲ ਦੇ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਲੱਗ ਗਈ। ਸਾਰੇ ਪਾਸਿਓਂ ਵਧਾਈਆਂ ਮਿਲੀਆਂ। ਮਾਪਿਆਂ ਦਾ ਸਿਰ ਮਾਣ ਨਾਲ ਉਚਾ ਉਠਿਆ। ਮੈਂ ਸਮਾਜ ਦੇ ਦੁਸ਼ਮਣਾਂ ਖਿਲਾਫ ਜੰਗ ਨੂੰ ਸ਼ੁਰੂ ਕਰ ਦਿੱਤਾ। ਮੈਂ ਹਰ ਉਹ ਸ਼ਰੀਫ ਚੇਹਰਾ ਬੇਨਕਾਬ ਕਰਨ ਦਾ ਯਤਨ ਕੀਤਾ, ਜਿਸ ਚੇਹਰੇ ਦੇ ਪਿੱਛੇ ਇਕ ਅਤਿਅੰਤ ਘਿਨੌਣਾ ਚੇਹਰਾ ਛੁਪਿਆ ਹੋਇਆ ਸੀ। ਮੈਂ ਜਿਸ ਕੁਰਸੀ 'ਤੇ ਵੀ ਬੈਠੀ, ਉਸ ਨਾਲ ਇਨਸਾਫ ਕੀਤਾ। ਗਰੀਬ ਅਤੇ ਲੋੜਵੰਦਾਂ ਦੀ ਹਰ ਮਦਦ ਕੀਤੀ। ਮੇਰਾ ਇਹ ਯਤਨ ਰਿਹਾ ਕਿ ਕਿਸੇ ਨਾਲ ਬੇਇਨਸਾਫ਼ੀ ਨਾ ਹੋ ਜਾਵੇ। ਮੈਂ ਪੱਖਪਾਤ ਵਾਲੀਆਂ ਸਿਫਾਰਸ਼ਾਂ ਸੁਣਨ ਤੋਂ ਕਿਨਾਰਾ ਕੀਤਾ। ਉੱਚ ਪੱਧਰੀ ਮੀਟਿੰਗਾਂ ਦੇ ਅੰਦਰ ਆਪਣਾ ਪੱਖ ਬਾ-ਖੂਬੀ ਰਖਿਆ। ਮੈਨੂੰ ਇਕ ਦਿਨ ਉੱਚ ਪੱਧਰ ਦੀ ਮੀਟਿੰਗ ਤੋਂ ਪਿੱਛੋਂ ਹਰਮੀਤ ਮਿਲਿਆ, ਜਿਸ ਨੇ ਮੇਰੇ ਕੰਮ ਦੀ ਸ਼ਲਾਘਾ ਕੀਤੀ। ਅਸੀਂ ਅਕਸਰ ਮਿਲਦੇ ਰਹਿੰਦੇ ਸੀ। ਅਸੀਂ ਇਕ ਦੂਸਰੇ ਦੇ ਸੁਭਾਅ ਤੋਂ ਵਾਕਿਫ ਹੋ ਗਏ। ਇਕ ਦਿਨ ਹਰਮੀਤ ਨੇ ਮੇਰੇ ਕੋਲ ਵਿਆਹ ਬਾਰੇ ਗੱਲ ਕੀਤੀ। ਭਾਵੇਂ ਅਸੀਂ ਇਕ ਦੂਸਰੇ ਨੂੰ ਚੰਗੀ ਤਰ੍ਹਾਂ ਜਾਣ ਚੁੱਕੇ ਸੀ, ਫਿਰ ਵੀ ਮੈਂ ਉਸ ਨੂੰ ਸਲਾਹ ਦਿੱਤੀ ਕਿ ਅਸੀਂ ਆਪਣੇ-ਆਪਣੇ ਮਾਪਿਆਂ ਨੂੰ ਇਸ ਫੈਸਲੇ ਵਿਚ ਸ਼ਾਮਲ ਕਰੀਏ। ਮੈਨੂੰ ਉਮੀਦ ਹੈ, ਉਹ ਸਾਨੂੰ ਠੀਕ ਮਸ਼ਵਰਾ ਦੇਣਗੇ। ਇਹ ਸੁਣ ਹਰਮੀਤ ਖੁਸ਼ ਹੋਇਆ। ਅਸੀਂ ਪਹਿਲਾ ਆਪਣੇ-ਆਪਣੇ ਪਰਿਵਾਰ ਵਿਚ ਦੱਸਿਆ ਤੇ ਦੋਹਾਂ ਪਰਿਵਾਰਾਂ ਨੂੰ ਮਿਲਣ ਦਾ ਮੌਕਾ ਦਿੱਤਾ। ਉਨ੍ਹਾਂ ਨੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ। ਸਾਰੇ ਪੱਖ ਵਿਚਾਰ ਲੈਣ ਤੋਂ ਬਾਅਦ ਸਾਡੀ ਮੰਗਣੀ ਕਰ ਦਿੱਤੀ ਗਈ ਅਤੇ ਫਿਰ ਸਾਦਾ ਵਿਆਹ ਕੀਤਾ ਗਿਆ। ਵਿਆਹ ਵਿਚ ਜ਼ਿਆਦਾ ਇਕੱਠ ਨਹੀਂ ਕੀਤਾ ਗਿਆ। ਸਮੇਂ ਦਾ ਪਹੀਆ ਅੱਗੇ ਵਲ ਵੱਧ ਰਿਹਾ ਸੀ। ਸਮਾਂ ਅਤੀਤ ਨੂੰ ਪਿੱਛੇ ਛੱਡ ਚੁੱਕਾ ਸੀ। ਅਸੀਂ ਆਪਣੀ-ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾ ਰਹੇ ਸੀ। ਅਸੀਂ ਆਪਣੇ ਮਿਸ਼ਨ ਵਿਚ ਅੱਗੇ ਹੀ ਅੱਗੇ ਵੱਧ ਰਹੇ ਸੀ। ਸਮਾਂ ਆਪਣੀ ਰਫਤਾਰ ਨਾਲ ਅੱਗੇ ਵਲ ਵੱਧ ਰਿਹਾ ਸੀ। ਵਾਹਿਗੁਰੂ ਨੇ ਸਾਡੇ ਘਰ ਦੋ ਬੱਚਿਆਂ ਦੀ ਦਾਤ ਬਖਸ਼ੀ। ਵਾਹਿਗੁਰੂ ਮੇਰੇ ਉਪਰ ਦਿਆਲ ਸੀ। ਵਾਹਿਗੁਰੂ ਨੇ ਮੇਰਾ ਦਾਮਨ ਖੁਸ਼ੀਆਂ ਨਾਲ ਭਰ ਦਿੱਤਾ ਸੀ। ਮੈਂ ਤੇ ਹਰਮੀਤ ਖੁਸ਼ੀ-ਖੁਸ਼ੀ ਅੱਗੇ ਵੱਲ ਵੱਧ ਰਹੇ ਸੀ। ਬੱਚੇ ਵੱਡੇ ਹੋਣ ਲੱਗੇ। ਲੜਕੇ ਨੂੰ ਲੜਕਿਆਂ ਵਾਲੇ ਸਕੂਲ ਵਿਚ ਅਤੇ ਲੜਕੀ ਨੂੰ ਲੜਕੀਆਂ ਵਾਲੇ ਸਕੂਲ ਵਿਚ ਪਾਇਆ ਗਿਆ। ਦੋਵੇਂ ਪੜ੍ਹਾਈ ਵਿਚ ਹੁਸ਼ਿਆਰ ਨਿਕਲੇ। ਲੜਕੀ ਡਾਕਟਰ ਬਣਨਾ ਚਾਹੁੰਦੀ ਸੀ, ਜਦੋਂ ਕਿ ਲੜਕੇ ਦੀ ਇੱਛਾ ਇੰਜੀਨੀਅਰ ਬਣਨ ਦੀ ਸੀ। ਪੜ੍ਹਾਈ ਠੀਕ ਚੱਲ ਰਹੀ ਸੀ। ਜਦੋਂ ਬੱਚਿਆਂ ਨੇ ਪੜ੍ਹਾਈ ਪੂਰੀ ਕਰ ਲਈ, ਤਾਂ ਉਨ੍ਹਾਂ ਨੇ ਬਾਹਰਲੇ ਦੇਸ਼ ਜਾਣ ਦਾ ਮੰਨ ਬਣਾ ਲਿਆ ਅਤੇ ਉਚੇਰੀ ਪੜ੍ਹਾਈ ਪੂਰੀ ਕਰ ਵਾਪਸ ਭਾਰਤ ਆ ਕੇ ਕੌਮ ਦੀ ਸੇਵਾ ਕਰਨ ਦੀ ਇੱਛਾ ਪ੍ਰਗਟ ਕੀਤੀ। ਮੈਂ ਤੇ ਹਰਮੀਤ ਨੇ ਸਲਾਹ ਕਰ ਦੋਹਾਂ ਨੂੰ ਉਚੇਰੀ ਵਿਦਿਆ ਹਾਸਲ ਕਰਨ ਲਈ ਅਮਰੀਕਾ ਭੇਜ ਦਿੱਤਾ। ਪੜ੍ਹਾਈ ਪੂਰੀ ਕਰ ਲੜਕੀ ਨੂੰ ਡਾਕਟਰ ਲੜਕੇ ਨਾਲ ਵਿਆਹ ਦਿੱਤਾ। ਉਨ੍ਹਾਂ ਦੋਹਾਂ ਨੇ ਆਪਣਾ ਅੱਖਾਂ ਦਾ ਹਸਪਤਾਲ ਖੋਲ੍ਹ ਲਿਆ ਅਤੇ ਲੋਕ ਸੇਵਾ ਕਰਨ ਲੱਗੇ। ਜੇਕਰ ਕਿਸੇ ਕੋਲ ਇਲਾਜ ਲਈ ਪੈਸੇ ਨਾ ਹੁੰਦੇ, ਤਾਂ ਉਹ ਮੁਫ਼ਤ ਹੀ ਇਲਾਜ ਕਰ ਦਿੰਦੇ ਸਨ। ਲੜਕੇ ਨੇ ਲੁਧਿਆਣਾ ਵਿਖੇ ਇਕ ਚਲਦੀ ਫੈਕਟਰੀ ਖਰੀਦ ਲਈ, ਉਸ ਵਿਚ ਪੂਰੀ ਤਨਦੇਹੀ ਨਾਲ ਕੰਮ ਕਰਨ ਲੱਗਾ। ਫੈਕਟਰੀ ਵਿਚ ਬਣਦਾ ਸਮਾਨ ਬਾਹਰਲੇ ਦੇਸ਼ਾਂ ਨੂੰ ਭੇਜਿਆ ਜਾਂਦਾ ਸੀ। ਉਸ ਦਾ ਕੰਮ ਚੰਗਾ ਚੱਲ ਪਿਆ। ਉਸ ਦੀ ਪਸੰਦ ਦੀ ਲੜਕੀ ਲੱਭ ਉਸ ਦਾ ਵਿਆਹ ਕਰ ਦਿੱਤਾ ਗਿਆ।

# ਸਿਮਰੌ ਸ੍ਰੀ ਹਰਿ ਰਾਇ

-ਜਸਵਿੰਦਰ ਸਿੰਘ ਰੁਪਾਲ
ਲੁਧਿਆਣਾ
ਮੋਬਾਈਲ : 98147-15796
ਪੰਜਾਬ ਮੇਲ USA



ਗੁਰੂ ਹਰਿਰਾਇ ਜੀ ਦਾ ਜਨਮ 16 ਜਨਵਰੀ, 1630 ਈਸਵੀ ਨੂੰ ਪਿਤਾ ਬਾਬਾ ਗੁਰਦਿੱਤਾ ਜੀ ਦੇ ਘਰ, ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਕੀਰਤਪੁਰ ਸਾਹਿਬ, ਜ਼ਿਲ੍ਹਾ ਰੋਪੜ ਵਿਖੇ ਹੋਇਆ, ਜਿੱਥੇ ਅੱਜਕੱਲ੍ਹ ਗੁਰਦੁਆਰਾ ਸ਼ੀਸ਼ ਮਹਲ ਸੁਸ਼ੋਭਿਤ ਹੈ। ਆਪ ਜੀ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੋਤਰੇ ਸਨ। ਆਪ ਜੀ ਨੂੰ ਬਚਪਨ ਵਿਚ ਹੀ ਸ਼ਸਤਰ ਅਤੇ ਸ਼ਾਸਤਰ ਵਿਦਿਆ ਦਿੱਤੀ ਗਈ। ਆਪ ਜੀ ਸ਼ੁਰੂ ਤੋਂ ਹੀ ਸੰਤ ਸੁਭਾਅ ਦੇ ਮਾਲਕ ਸਨ। ਪ੍ਰਭੂ ਦੀ ਬੰਦਗੀ ਵਿਚ ਆਪਣਾ ਸਮਾਂ ਗੁਜ਼ਾਰਦੇ ਸਨ। ਸਤਿ ਸੰਤੋਖ, ਸਬਰ ਅਤੇ ਕੋਮਲਤਾ ਆਪ ਜੀ ਦੇ ਰਗ-ਰਗ ਵਿਚ ਰਚੀ ਹੋਈ ਸੀ। ਆਪ ਜੀ ਆਪਣੇ ਦਾਦਾ ਗੁਰੂ ਹਰਿਗੋਬਿੰਦ ਜੀ ਦੀ ਸੰਗਤ ਕਰਦੇ ਅਤੇ ਉਨ੍ਹਾਂ ਤੋਂ ਦੁਨਿਆਵੀ ਅਤੇ ਰੂਹਾਨੀ ਗਿਆਨ ਪ੍ਰਾਪਤ ਕਰਦੇ। ਗੁਰੂ ਹਰਿਗੋਬਿੰਦ ਜੀ ਦੀ ਜੁਝਾਰੂ ਬਿਰਤੀ ਤੋਂ ਵੀ ਆਪ ਪ੍ਰਭਾਵਿਤ ਸਨ। ਇਸ ਲਈ 2200 ਸਿੰਘ ਸੂਰਮੇ ਆਪ ਜੀ ਦੇ ਨਾਲ ਹਮੇਸ਼ਾ ਤਿਆਰ ਰਹਿੰਦੇ ਸਨ। ਪਰ ਆਪ ਜੀ ਸ਼ਾਂਤ ਸੁਭਾਅ ਦੇ ਹੋਣ ਕਾਰਨ ਕਦੇ ਵੀ ਜੰਗ ਨਹੀਂ ਸੀ ਕਰਦੇ ਅਤੇ ਜੇ ਕੋਈ ਵੀ ਵਾਰ ਕਰਦਾ, ਤਾਂ ਆਪ ਜੀ ਮਸਲੇ ਨੂੰ ਗੱਲਬਾਤ ਨਾਲ ਸੁਲਝਾਉਣ ਨੂੰ ਤਰਜੀਹ ਦਿੰਦੇ ਸਨ। ਸ਼ਿਕਾਰ ਦੇ ਸ਼ੌਕੀਨ ਸਨ ਪਰ ਆਪ ਕਿਸੇ ਵੀ ਜਾਨਵਰ ਨੂੰ ਮਾਰਦੇ ਨਹੀਂ ਸਨ, ਸਗੋਂ ਉਸ ਨੂੰ ਫੜ ਕੇ ਲੈ ਜਾਂਦੇ ਅਤੇ ਆਪਣੇ ਬਾਗ ਵਿਚ ਉਸਦੀ ਸੰਭਾਲ ਕਰਦੇ।

1640 ਈਸਵੀ ਵਿਚ ਜਦੋਂ ਆਪ ਜੀ 14 ਸਾਲ ਦੇ ਸਨ, ਯੂ.ਪੀ. ਦੇ ਸ਼ਹਿਰ ਅਨੂਪ ਨਗਰ ਦੇ ਵਸਨੀਕ ਦਇਆ ਰਾਮ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਆਪ ਜੀ ਦਾ ਵਿਆਹ ਹੋਇਆ। ਜਿਸ ਦੀ ਕੁੱਖੋਂ ਦੋ ਪੁੱਤਰ ਰਾਮ ਰਾਇ ਅਤੇ ਹਰਿ ਕ੍ਰਿਸ਼ਨ ਅਤੇ ਇੱਕ ਪੁੱਤਰੀ ਬੀਬੀ ਅਨੂਪ ਕੌਰ ਦਾ ਜਨਮ ਹੋਇਆ।

ਗੁਰੂ ਹਰਿਗੋਬਿੰਦ ਜੀ ਦੇ ਪੰਜ ਪੁੱਤਰ ਸਨ – ਅਟੱਲ ਰਾਇ, ਗੁਰਦਿੱਤਾ, ਅਣੀ ਰਾਇ, ਸੂਰਜ ਮੱਲ ਅਤੇ ਤੇਗ ਬਹਾਦਰ। ਇਨ੍ਹਾਂ ਵਿਚੋਂ 1628 ਵਿਚ ਅਟੱਲ ਰਾਇ ਜੀ ਅਤੇ 1638 ਵਿਚ ਗੁਰਦਿੱਤਾ ਜੀ ਸਵਰਗ ਸਿਧਾਰ ਗਏ ਸਨ। ਅਣੀ ਰਾਇ ਮਸਤ ਮਲੰਗ ਸੁਭਾਅ ਦਾ ਮਾਲਕ ਸੀ। ਤੇਗ ਬਹਾਦਰ ਜੀ ਦੁਨਿਆਵੀ ਬਿਰਤੀ ਤੋਂ ਬੈਰਾਗੀ ਹੋ ਕੇ ਭਗਤੀ ਵਿਚ ਜੁਟੇ ਰਹਿੰਦੇ ਸਨ ਅਤੇ ਸੂਰਜ ਮੱਲ 'ਤੇ ਦੁਨਿਆਵੀ ਬਿਰਤੀ ਜ਼ਿਆਦਾ ਭਾਰੂ ਸੀ, ਜਿਸ ਕਾਰਨ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਗੁਰਗੱਦੀ ਨਹੀਂ ਸੀ ਦਿੱਤੀ ਜਾ ਸਕਦੀ। ਗੁਰਦਿੱਤਾ ਜੀ ਦੇ ਸਪੁੱਤਰ ਹਰਿਰਾਇ ਜੀ ਨੂੰ ਗੁਰੂ ਹਰਿਗੋਬਿੰਦ ਜੀ ਨੇ ਹਰ ਪਾਸੇ ਤੋਂ ਗੁਰਗੱਦੀ ਦੇ ਯੋਗ ਸਮਝਿਆ ਅਤੇ 1644 ਈਸਵੀ ਵਿਚ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਨਾ ਜੀ ਦੇ ਹੱਥੀਂ ਗੁਰਿਆਈ ਦਾ ਤਿਲਕ ਗੁਰੂ ਹਰਿ ਰਾਇ ਜੀ ਨੂੰ ਲਗਵਾ ਦਿੱਤਾ ਗਿਆ। ਗਿਆਨੀ ਗਿਆਨ ਸਿੰਘ ਜੀ ਅਨੁਸਾਰ ਤਾਂ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ 2 ਸਾਲ ਪਹਿਲਾਂ ਹੀ ਹਰਿਰਾਇ ਜੀ ਨੂੰ ਗੱਦੀ ਦਾ ਵਾਰਸ ਬਣਾ ਦਿੱਤਾ ਸੀ, ਜਦਕਿ 1644 ਈਸਵੀ ਵਿਚ ਗੁਰੂ ਹਰਿਗੋਬਿੰਦ ਜੀ ਦੇ ਸਵਰਗ ਸਿਧਾਰਨ ਤੋ ਬਾਅਦ ਹੀ ਹਰਿ ਰਾਇ ਜੀ ਨੇ ਪੂਰੀ ਜ਼ਿੰਮੇਵਾਰੀ ਸੰਭਾਲੀ ਸੀ।

ਗੁਰੂ ਹਰਿ ਰਾਇ ਜੀ ਨੇ ਗੁਰੂ ਅੰਗਦ ਦੇਵ ਜੀ ਵਾਂਗ ਸਰੀਰਕ ਤੰਦਰੁਸਤੀ ਵੱਲ ਕਾਫੀ ਧਿਆਨ ਦਿੱਤਾ। ਇੱਕ ਪਾਸੇ ਤਾਂ ਆਪ ਜੀ ਦੀ ਸਰਪ੍ਰਸਤੀ ਵਿਚ ਮੱਲ ਅਖਾੜੇ ਵੀ ਚਲਦੇ ਸਨ, ਦੂਜੇ ਪਾਸੇ ਆਪ ਜੀ ਨੇ ਸਰੀਰਕ ਰੋਗਾਂ ਤੋਂ ਛੁਟਕਾਰਾ ਪਵਾਉਣ ਲਈ ਦਵਾਖਾਨਾ ਵੀ ਖੋਲ੍ਹਿਆ ਸੀ। ਜਿਥੋਂ ਜਨਤਾ ਤੰਦਰੁਸਤ ਹੋ ਕੇ ਜਾਂਦੀ ਸੀ। ਸ਼ਾਹ ਜਹਾਨ ਦਾ ਬੇਟਾ ਦਾਰਾ ਸ਼ਿਕੋਹ ਇੱਕ ਵਾਰੀ ਬਿਮਾਰ ਹੋ ਗਿਆ ਸੀ। ਉਸਨੂੰ ਆਪ ਜੀ ਦੇ ਦਵਾਖਾਨੇ ਤੋਂ ਦਿੱਤੀ ਦਵਾਈ ਨਾਲ ਆਰਾਮ ਆਇਆ ਸੀ।

ਗੁਰੂ ਹਰਿਗੋਬਿੰਦ ਜੀ ਦੇ ਪੰਜ ਪੁੱਤਰ ਸਨ – ਅਟੱਲ ਰਾਇ, ਗੁਰਦਿੱਤਾ, ਅਣੀ ਰਾਇ, ਸੂਰਜ ਮੱਲ ਅਤੇ ਤੇਗ ਬਹਾਦਰ। ਇਨ੍ਹਾਂ ਵਿਚੋਂ 1628 ਵਿਚ ਅਟੱਲ ਰਾਇ ਜੀ ਅਤੇ 1638 ਵਿਚ ਗੁਰਦਿੱਤਾ ਜੀ ਸਵਰਗ ਸਿਧਾਰ ਗਏ ਸਨ। ਅਣੀ ਰਾਇ ਮਸਤ ਮਲੰਗ ਸੁਭਾਅ ਦਾ ਮਾਲਕ ਸੀ। ਤੇਗ ਬਹਾਦਰ ਜੀ ਦੁਨਿਆਵੀ ਬਿਰਤੀ ਤੋਂ ਬੈਰਾਗੀ ਹੋ ਕੇ ਭਗਤੀ ਵਿਚ ਜੁਟੇ ਰਹਿੰਦੇ ਸਨ ਅਤੇ ਸੂਰਜ ਮੱਲ 'ਤੇ ਦੁਨਿਆਵੀ ਬਿਰਤੀ ਜ਼ਿਆਦਾ ਭਾਰੂ ਸੀ, ਜਿਸ ਕਾਰਨ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਗੁਰਗੱਦੀ ਨਹੀਂ ਸੀ ਦਿੱਤੀ ਜਾ ਸਕਦੀ। ਗੁਰਦਿੱਤਾ ਜੀ ਦੇ ਸਪੁੱਤਰ ਹਰਿਰਾਇ ਜੀ ਨੂੰ ਗੁਰੂ ਹਰਿਗੋਬਿੰਦ ਜੀ ਨੇ ਹਰ ਪਾਸੇ ਤੋਂ ਗੁਰਗੱਦੀ ਦੇ ਯੋਗ ਸਮਝਿਆ ਅਤੇ 1644 ਈਸਵੀ ਵਿਚ ਬਾਬਾ ਬੁੱਢਾ ਜੀ ਦੇ ਸਪੁੱਤਰ ਭਾਨਾ ਜੀ ਦੇ ਹੱਥੀਂ ਗੁਰਿਆਈ ਦਾ ਤਿਲਕ ਗੁਰੂ ਹਰਿ ਰਾਇ ਜੀ ਨੂੰ ਲਗਵਾ ਦਿੱਤਾ ਗਿਆ।

ਹਾਲਾਂਕਿ ਰਾਜਿਆਂ ਦਾ ਗੁਰੂ ਘਰ ਨਾਲ ਸ਼ੁਰੂ ਤੋ ਹੀ ਇੱਟ ਖੜੱਕਾ ਚੱਲਦਾ ਰਿਹਾ ਸੀ, ਪਰ ਗੁਰੂ ਘਰ ਦੀ ਹੀ ਪਿਰਤ ਅਨੁਸਾਰ ਗੁਰੂ ਹਰਿਰਾਇ ਜੀ ਦੇ ਮਨ ਵਿਚ ਕਿਸੇ ਪ੍ਰਤੀ ਵੀ ਕੋਈ ਵੈਰ ਦੀ ਭਾਵਨਾ ਨਹੀਂ ਸੀ। ਸਮਦ੍ਰਿਸ਼ਟੀ ਅਤੇ ਮਾਨਵਤਾ ਦੀ ਸੇਵਾ ਆਪ ਜੀ ਨੂੰ ਭਰਾਤਰੀ ਭਾਵ ਬਣਾਈ ਰੱਖਣ ਵਿਚ ਸਹਾਇਕ ਹੁੰਦੀ।

ਆਪ ਜੀ ਦੀ ਕੋਮਲਤਾ ਨਾਲ ਸੰਬੰਧਿਤ ਇੱਕ ਘਟਨਾ ਦਾ ਜ਼ਿਕਰ ਆਉਂਦਾ ਹੈ ਕਿ ਇੱਕ ਵਾਰ ਆਪ ਜੀ ਦੇ ਚੋਲੇ ਨਾਲ ਲੱਗ ਕੇ ਇੱਕ ਫੁੱਲ ਟੁੱਟ ਗਿਆ। ਆਪ ਜੀ ਬੜੇ ਉਦਾਸ ਹੋਏ। ਗੁਰੂ ਹਰਿਗੋਬਿੰਦ ਜੀ ਬੋਲੇ, "ਜੇ ਚੋਲਾ ਵਡਾ ਹੋਵੇ ਤਾਂ ਸੰਭਲ ਕੇ ਤੁਰਨਾ ਸਿੱਖੋ।" ਗੁਰੂ ਹਰਿਰਾਇ ਜੀ ਨੇ ਇਹ ਸਿੱਖਿਆ ਪੱਲੇ ਬੰਨ੍ਹ ਲਈ ਅਤੇ ਸਮਝ ਗਏ ਕਿ ਵੱਡੀ ਜਿੰਮੇਵਾਰੀ ਨੂੰ ਸੰਭਾਲਣ ਲਈ ਵੱਡੀ ਮਿਹਨਤ ਅਤੇ ਵਧੇਰੇ ਧਿਆਨ ਦੀ ਲੋੜ ਹੈ।

ਗੁਰੂ ਬਣਨ ਤੋਂ ਬਾਅਦ ਆਪ ਜੀ ਨੇ ਸਿੱਖੀ ਦੇ ਪ੍ਰਚਾਰ ਵੱਲ ਕਾਫੀ ਧਿਆਨ ਦਿੱਤਾ। ਜਿੱਥੇ ਆਪ ਜੀ ਨੇ ਕਾਫੀ ਪ੍ਰਚਾਰਕ ਦੌਰੇ ਵੀ ਲਗਾਏ, ਜਿਨ੍ਹਾਂ ਵਿਚ ਆਪ ਜੀ ਅੰਮ੍ਰਿਤਸਰ, ਗੋਇੰਦਵਾਲ, ਖਡੂਰ ਸਾਹਿਬ, ਵਡੀ ਲਹਿਲ, ਹਰੀਆਂ ਵੇਲਾਂ, ਭੂੰਗਰਤਾ, ਕਰਤਾਰਪੁਰ, ਪੁਆਧਾ, ਭਾਈ ਕੀ ਡਰੌਲੀ, ਮਾੜੀ, ਮਰ੍ਹਾਜ,ਪਲਾਹੀ ਆਦਿ ਥਾਵਾਂ ਵਿਸ਼ੇਸ਼ ਹਨ। ਆਪ ਜੀ ਨੇ 360 ਮੰਜੀਆਂ ਹੋਰ ਥਾਪੀਆਂ। 4 ਧੂਣੇ ਅਤੇ 6 ਬਖਸ਼ਿਸ਼ਾਂ ਵੀ ਕੀਤੀਆਂ। ਆਪ ਜੀ ਨੇ ਸ਼ਬਦ ਗੁਰੂ ਦੇ ਪ੍ਰਚਾਰ ਲਈ ਆਦਿ ਬੀੜ ਦੀਆਂ ਕਾਪੀਆਂ ਵੀ ਤਿਆਰ ਕਰਵਾਈਆਂ ।

ਆਪ ਜੀ ਗੁਰਬਾਣੀ ਦਾ ਬਹੁਤ ਜ਼ਿਆਦਾ ਸਤਿਕਾਰ ਕਰਦੇ ਸਨ। ਆਪ ਜੀ ਦੇ ਦਰਬਾਰ ਵਿਚ ਦੇਸ਼-ਵਿਦੇਸ਼ ਤੋਂ ਸੰਗਤਾਂ ਆਉਂਦੀਆਂ ਸਨ। ਇੱਕ ਵਾਰ ਸੰਗਤ ਸ਼ਬਦ ਪੜ੍ਹਦੀ ਹੋਈ ਆ ਰਹੀ ਸੀ ਕਿ ਸ਼ਬਦ ਦੇ ਸਤਿਕਾਰ ਵਜੋਂ ਆਪ ਇੱਕਦਮ ਉੱਠ ਖੜ੍ਹੇ ਹੋਏ। ਆਪ ਜੀ ਦਾ ਗੋਡਾ ਪਲੰਘ ਦੀ ਬਾਹੀ ਵਿਚ ਜ਼ੋਰ ਦੀ ਵੱਜਾ। ਜਦੋਂ ਸਿੱਖਾਂ ਨੇ ਪੁੱਛਿਆ ਤਾਂ ਜਵਾਬ ਦਿੱਤਾ ਕਿ ਬਾਣੀ ਤਾਂ ਸਭ ਤੋਂ ਉੱਚੀ ਹੈ। ਇਸਦਾ ਭੈ ਅਦਬ ਹੋਣਾ ਬਹੁਤ ਜ਼ਰੂਰੀ ਹੈ। ਭਾਈ ਸੰਤੋਖ ਸਿੰਘ ਜੀ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਦੇ ਹਨ:-

ਜਿਨ ਭੈ ਅਦਬ ਨਾ ਬਾਣੀ ਧਾਰਾ।
ਸੋ ਜਾਣਹੁ ਨਹੀਂ ਸਿੱਖ ਹਮਾਰਾ।
....(ਗੁਰਪ੍ਰਤਾਪ ਸੂਰਜ ਗ੍ਰੰਥ ਰਾਸ 10, ਅੰਸੂ 21)

ਆਪ ਜੀ ਕੁਦਰਤ ਦੇ ਬਹੁਤ ਪ੍ਰੇਮੀ ਸਨ। ਵਾਤਾਵਰਣ ਸਾਫ ਬਣਾਈ ਰੱਖਣ ਵਿਚ ਖਾਸ ਰੁਚੀ ਲੈਂਦੇ ਸਨ। ਆਪ ਜੀ ਨੇ ਕਾਫੀ ਸਾਰੇ ਬਾਗ਼ ਆਪਣੇ ਹੱਥੀਂ ਲਗਵਾਏ ਅਤੇ ਵਿਕਸਿਤ ਕੀਤੇ। ਆਪ ਜੀ ਦੇ ਇਸ ਪ੍ਰੇਮ ਨੂੰ ਸਤਿਕਾਰ ਦੇਣ ਲਈ ਸਿੱਖ ਕੌਮ ਆਪ ਜੀ ਦੇ ਗੁਰਗੱਦੀ ਦਿਵਸ ਨੂੰ ਵਾਤਾਵਰਣ ਦਿਵਸ ਦੇ ਰੂਪ ਵਿਚ ਮਨਾਉਂਦੀ ਆ ਰਹੀ ਹੈ।

ਮੁਗਲ ਬਾਦਸ਼ਾਹ ਔਰੰਗਜੇਬ ਨੇ ਦਾਰਾ ਸ਼ਿਕੋਹ ਦੀ ਮਦਦ ਕਰਨ ਵਾਲੇ ਹਰ ਸਮਰਥਕ ਨੂੰ ਸਜ਼ਾਵਾਂ ਦਿੱਤੀਆਂ ਸਨ। ਇਸੇ ਕਾਰਨ ਉਸਨੇ ਗੁਰੂ ਹਰਿਰਾਇ ਜੀ ਨੂੰ ਵੀ ਦਿੱਲੀ ਬੁਲਾਵਾ ਭੇਜ ਦਿੱਤਾ। ਆਪ ਜੀ ਨੇ ਆਪਣੇ ਵੱਡੇ ਪੁੱਤਰ ਰਾਮਰਾਇ ਨੂੰ ਇਹ ਸਮਝਾ ਕੇ ਦਿੱਲੀ ਭੇਜ ਦਿੱਤਾ ਕਿ ਡਰਨਾ ਨਹੀਂ, ਸਿਰਫ ਅਤੇ ਸਿਰਫ ਸੱਚ ਦੀ ਗੱਲ ਕਰਨੀ ਹੈ, ਬਾਣੀ ਦੇ ਸੱਚ ਤੋਂ ਬਾਹਰ ਨਹੀਂ ਜਾਣਾ। ਪਰ ਰਾਮਰਾਇ ਦਿੱਲੀ ਜਾ ਕੇ ਰਾਜੇ ਨੂੰ ਖੁਸ਼ ਕਰਨ ਲੱਗ ਗਏ। ਜਿੱਥੇ ਉਨ੍ਹਾਂ ਨੇ ਗੁਰਮਤਿ ਤੋਂ ਉਲਟ ਕੁਝ ਕਰਾਮਾਤਾਂ ਦਿਖਾਈਆਂ, ਉਥੇ ਇੱਕ ਹੋਰ ਵੱਡੀ ਗਲਤੀ ਕਰ ਦਿੱਤੀ। ਗੁਰਬਾਣੀ ਦੀ ਪੰਕਤੀ ਹੀ ਬਦਲ ਕੇ ਸੁਣਾ ਦਿੱਤੀ। ਇਸ ਨਾਲ ਰਾਜਾ ਤਾਂ ਖੁਸ਼ ਹੋਇਆ ਅਤੇ ਉਸ ਨੇ ਜਗੀਰ ਵੀ ਦਿੱਤੀ। ਪਰ ਗੁਰੂ ਹਰਿਰਾਇ ਜੀ ਨੂੰ ਪਤਾ ਲੱਗਣ 'ਤੇ ਉਨ੍ਹਾਂ ਨੇ ਰਾਮਰਾਇ ਨੂੰ ਮੂੰਹ ਨਾ ਲਗਾਇਆ ਅਤੇ ਸੰਗਤ ਨੂੰ ਵੀ ਉਸ ਨਾਲ ਤਾਲਮੇਲ ਰੱਖਣ ਤੋਂ ਵਰਜ ਦਿੱਤਾ। ਇਸ ਲਈ ਆਪ ਜੀ ਨੇ ਛੋਟੇ ਪੁੱਤਰ ਹਰਿਕ੍ਰਿਸ਼ਨ ਨੂੰ ਯੋਗ ਜਾਣ ਕੇ ਉਸਨੂੰ ਗੁਰਗੱਦੀ ਸੌਂਪ ਦਿੱਤੀ।

20 ਅਕਤੂਬਰ 1661 ਈਸਵੀ ਨੂੰ ਮਾਤਰ 31 ਸਾਲ ਦੀ ਉਮਰ ਵਿਚ ਆਪ ਜੋਤੀ ਜੋਤ ਸਮਾ ਗਏ।

ਭਾਈ ਸਾਹਿਬ ਭਾਈ ਨੰਦ ਲਾਲ ਜੀ ਆਪ ਜੀ ਦੀ ਸਿਫਤ ਕਰਦੇ ਹੋਏ ਲਿਖਦੇ ਹਨ:-

ਸਾਹਾਨਸ਼ਹਿ ਹੱਕ ਨਸਕ ਗੁਰੂ ਕਰਤਾ ਹਰਿਰਾਇ।
ਫਰਮਾ-ਦੇਹ ਨੇਹੁ ਤਬਕ ਗੁਰੂ ਕਰਤਾ ਹਰਿਰਾਇ।
ਗਰਦਨ ਜਨਿ ਸਰਕਸ਼ਾਂ ਗੁਰੂ ਕਰਤਾ ਹਰਿਰਾਇ।
ਯਾਰਿ ਮੁਤਜ਼ਰਆਂ ਗੁਰੂ ਕਰਤਾ ਹਰਿਰਾਇ। ...........(ਗੰਜ ਨਾਮਾ ੧੧, ਭਾਈ ਨੰਦ ਲਾਲ ਜੀ)

ਭਾਵ ਗੁਰੂ ਹਰਿਰਾਇ ਜੀ ਵਾਹਿਗੁਰੂ ਜੀ ਦੀ ਸੋਝੀ ਦੇਣ ਵਾਲੇ ਹਨ। ਨੌ ਆਕਾਸ਼ਾਂ ਦੇ ਮਾਲਕ ਹਨ। ਉਹ ਨਿੰਦਕਾਂ ਦਾ ਨਾਸ਼ ਕਰਨ ਵਾਲੇ ਹਨ ਅਤੇ ਨਿਰਮਾਣ ਸੇਵਕਾਂ ਦੀ ਸਹਾਇਤਾ ਕਰਦੇ ਹਨ। ਇਸੇ ਲਈ ਤਾਂ ਅਸੀਂ ਰੋਜ਼ ਅਰਦਾਸ ਵਿਚ ਯਾਦ ਕਰਦੇ ਹਾਂ, ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥



# ਕੁਦਰਤ ਦੀ ਖ਼ੂਬਸੂਰਤੀ ਦਾ ਸੰਕਲਪ ਹੈ ਬਸੰਤ



ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲUSA




ਮਾਘ ਸ਼ੁਕਲ ਪੰਚਮੀ ਦੇ ਦਿਨ ਬਸੰਤ ਦਾ ਜਨਮ ਹੋਇਆ। ਬਸੰਤ ਪੰਚਮੀ ਦੇ ਦਿਨ ਕਲਾ ਅਤੇ ਸੰਗੀਤ ਦੀ ਦੇਵੀ ਸਰਸਵਤੀ ਦੀ ਪੂਜਾ ਹੁੰਦੀ ਹੈ। ਫਲ, ਫੁੱਲਾਂ ਅਤੇ ਰੰਗ ਬਰੰਗੀਆਂ ਵੇਲਾਂ ਦੇ ਬੰਦਨਵਾਰ ਮਹਾਰਾਣੀ ਬਸੰਤ ਰੁੱਤ ਦਾ ਸਵਾਗਤ ਕਰਦੇ ਹਨ। ਇਹ ਤਿਉਹਾਰ ਵਾਸਤਵ ਵਿਚ ਰੁੱਤਾਂ ਦੀ ਰਾਣੀ ਬਸੰਤ ਦੀ ਅਗਵਾਈ ਦੀ ਸੂਚਨਾ ਦਿੰਦਾ ਹੈ।

ਬਸੰਤ ਫਬੀਲੇ ਮੌਸਮ ਦਾ ਮਹਾਮੇਲਾ ਹੈ। ਕੁਦਰਤ ਦੀ ਖ਼ੂਬਸੂਰਤੀ ਦਾ ਸੰਕਲਪ ਹੈ ਬਸੰਤ। ਸੁੰਦਰ ਸੁੰਦਰ ਖਿੜਦੇ ਫੁੱਲਾਂ ਨੂੰ ਚੁੰਮਦੇ ਤਰੇਲ ਦੇ ਤੁਪਕੇ ਜ਼ਿੰਦਗੀ ਦੀ ਹਕੀਕੀ ਜਾਣ-ਪਹਿਚਾਣ ਕਰਵਾਉਂਦੇ ਨਜ਼ਰ ਆਉਂਦੇ ਹਨ। ਖੇਤਾਂ ਵਿਚ ਦੂਰ-ਦੂਰ ਤੱਕ ਸਰ੍ਹੋਂ ਦੀਆਂ ਪੀਲੀਆਂ ਸੋਨੇ ਵਾਂਗ ਚਮਕਦੀਆਂ ਫਸਲਾਂ ਅੱਖਾਂ ਲਈ ਇਕ ਤੰਦਰੁਸਤ ਖੁਰਾਕ, ਸੁੰਦਰ ਨਜ਼ਾਰਿਆਂ ਨੂੰ ਤ੍ਰਿਪਤੀ ਵਿਚ ਬਦਲਦੀ ਹੈ।

ਮੌਸਮ ਦੇ ਖ਼ੂਬਸੂਰਤ ਪਰਿਵਰਤਨ ਦਾ ਨਾਮ ਹੈ ਬਸੰਤ। ਸੂਰਜ ਤੜਕ ਸਵੇਰਾ ਲੈ ਕੇ ਜਦ ਸਤਿਕਾਰ ਵੰਡਦਾ ਹੈ, ਤਾਂ ਮੌਸਮ ਦੀ ਅੰਗੜਾਈ ਵਿਚ ਖ਼ੁਸ਼ਬੂਆਂ ਪਿਆਰ ਭਰਦੀਆਂ ਹਨ। ਲਹਿਲਹਾਂਦੇ ਹਰੇ-ਭਰੇ ਖੇਤ, ਫੁੱਲਾਂ ਦੇ ਰੰਗਾਂ ਦੀ ਸੁੰਦਰ ਦਿਖ, ਅੰਬਾਂ ਉਤੇ ਪਿਆ ਬੂਰ ਕਿਸੇ ਮਤਵਾਲੀ ਕੋਇਲ ਦਾ ਇਕਰਾਰ ਮਨਮੋਹਣੀ ਆਵਾਜ਼ ਨੂੰ ਤਰਸਦਾ ਹੈ। ਫਿਰ ਬਸੰਤ ਰੁੱਤ ਵਿਚ ਰੰਗਿਆ ਜਾਂਦਾ ਹੈ ਸਾਰਾ ਸੰਸਾਰ, ਸਾਰੀ ਕਾਇਨਾਤ, ਸਾਰੀ ਮਨੁੱਖਤਾ।

ਤੁਰਲੇ ਵਾਲੀ ਪੀਲੀ ਪਗੜੀ, ਤੇੜ ਗੁਲਾਬੀ ਲਾਚਾ, ਕਿਸੇ ਮੁੱਛ ਫੁੱਟ ਗੱਭਰੂ ਦੇ ਗੋਰੇ ਮੁੱਖ ਉਤੇ ਸੂਰਜ ਵਰਗਾ ਹਾਸਾ, ਹੱਥ ਵਿਚ ਖੂੰਡਾ, ਗਲ ਵਿਚ ਮਾਲਾ, ਛਾਤੀ ਉੱਪਰ ਮਚਲਦਾ ਸੋਨੇ ਦਾ ਕੈਂਠਾਂ, ਮੁਕੰਮਲ ਪੰਜਾਬੀ ਸੱਭਿਆਚਾਰ ਵਿਚ ਬਸੰਤ ਦਾ ਰੂਪ। ਲਹਿਲਹਾਂਦੇ ਹੋਏ ਖੇਤਾਂ ਵਿਚ ਇਕ ਸੁਹਣੀ ਮੁਟਿਆਰ, ਸਿਰ ਉੱਪਰ ਪੀਲੀ ਚੁੰਨੀ ਘਟਾਵਾਂ ਵਾਂਗ ਲਹਿਰਾਂਦੀ, ਪੈਰੀਂ ਝਾਂਜਰਾਂ ਦੀ ਛਣਕਾਟ, ਲੰਬੀ ਪਰਾਂਦੇ ਵਾਲੀ ਗੁੱਤ ਵਿਚ ਸਜੇ ਫੁੰਮਣ, ਮਟਕ-ਮਟਕ ਪਬ ਧਰਦੀ ਜਾਂਦੀ ਬਸੰਤ ਦੇ ਵਿਚਕਾਰ ਬਸੰਤ ਦੀ ਆਮਦ ਦਾ ਪਿਆਰ।

ਹਾੜੀ ਦੀਆਂ ਫਸਲਾਂ ਖਿੜ-ਖਿੜ ਹੱਸਣ ਜੋਬਨ ਰੁੱਤੇ, ਕੋਮਲ-ਕੋਮਲ ਟਹਿਣੀਆਂ ਉਪਰ ਫੁੱਟਦੇ ਆਨਾਰ। ਸਰਦੀ ਅਤੇ ਗਰਮੀ ਆਪਸ ਵਿਚ ਅੱਖ ਮਿਚੋਲੀ ਖੇਡਦੇ ਹੋਏ ਦਿਲਕਸ਼ ਮੌਸਮ ਦੇ ਨਾਮ ਪਤਝੜੀ ਕਿਰਿਆਵਾਂ ਨੂੰ ਅਲਵਿਦਾ ਕਹਿੰਦੇ ਹੋਏ ਅਤੀਤ ਦੇ ਪੈਰ੍ਹਾਂ ਵਿਚ ਵਰਤਮਾਨ ਦੇ ਅਤਿ ਸੁੰਦਰ ਚਿੰਨ੍ਹ ਛੱਡ ਜਾਂਦੇ। ਕਿਸਾਨ ਆਪਣੀ ਕਮਾਈ ਦੀ ਖ਼ੁਸ਼ੀ ਦੇ ਚਿੰਨ੍ਹ ਜਵਾਨ ਭਰਪੂਰ ਖਿੜੀਆਂ ਪੱਕ ਰਹੀਆਂ ਫਸਲਾਂ ਦੇ ਸੁਨਹਿਰੀ ਦ੍ਰਿਸ਼ ਦੇਖਦਾ ਹੋਇਆ ਘਰੇਲੂ ਮਜਬੂਰੀਆਂ 'ਤੇ ਕਰਜ਼ਿਆਂ ਤੋਂ ਛੁਟਕਾਰਾ ਪਾਉਣ ਦੀ ਲਲਕ ਵਿਚ ਤਤਪਰ ਹੁੰਦਾ ਹੈ।

ਬਸੰਤ ਰੁੱਤ ਸੁੰਦਰਤਾ ਦੀ ਅਸਲੀ ਪਰਿਭਾਸ਼ਾ ਅਤੇ ਇਸ ਮੌਸਮ ਵਿਚ ਕਾਮ-ਉਤੇਜਨਾ ਹਿਰਦੇ ਵਿਚ ਜਗਾਅ ਦਿੰਦੀ ਹੈ ਅਭਿਲਾਸ਼ਾ। ਬਾਗਾਂ ਵਿਚ ਤਿਤਲੀਆਂ ਅਤੇ ਭੋਰਿਆਂ ਦੇ ਫੁੱਲਾਂ ਨਾਲ ਦਿਲਕਸ਼ ਕਲੋਲ ਸੁੰਦਰਤਾ ਦੇ ਮੇਲੇ ਨੂੰ ਚਾਰ ਚੰਨ੍ਹ ਲਗਾ ਦਿੰਦੇ ਹਨ। ਖਿੜੇ ਸੁੰਦਰ ਫੁੱਲਾਂ ਅਤੇ ਕਲੀਆਂ ਦੇ ਸਫੇਦ ਜਿਸਮ ਬਹਾਰਾਂ ਦੀ ਜ਼ਿੰਦਗੀ ਨੂੰ ਅਲੌਕਿਕਤਾ ਬਖ਼ਸ਼ਦੇ ਹਨ। ਪੰਛੀਆਂ ਦੀ ਚਹਿਚਹਾਹਟ, ਸੂਰਜ ਦੀਆਂ ਸੱਜਰੀਆਂ ਕਿਰਨਾਂ ਨਾਲ ਮਾਨਵਤਾ ਨੂੰ ਸੰਦੇਸ਼ ਦਿੰਦੀਆਂ ਹਨ। ਸੁੰਦਰ ਮੌਸਮ 'ਚ ਏਕਤਾ, ਸਦਭਾਵਨਾ, ਅਗਵਾਈ, ਦ੍ਰਿੜ੍ਹ ਇਰਾਦੇ, ਆਪਸੀ ਭਾਈਚਾਰੇ ਦੀ ਇਕ ਜੀਵਤ ਉਦਾਹਰਣ ਬਣਦੇ ਹਨ ਪਰਵਾਸੀ ਪੰਛੀਆਂ ਦੇ ਝੁੰਡ। ਇਹ ਸਭ ਕੁਝ ਬਸੰਤ ਦੀ ਖ਼ੂਬਸੂਰਤੀ ਦਾ ਹੀ ਹੀਲਾ ਵਸੀਲਾ ਹੈ।

ਬੁਲਬੁਲਾਂ, ਕੋਇਲ, ਪਪੀਹੇ, ਮੋਰ ਬਨਸਪਤੀ ਦੀ ਸੁੰਦਰਤਾ ਉੱਪਰ ਖ਼ੁਸ਼ ਹੋ ਕੇ ਬਸੰਤ ਦੀ ਖ਼ੂਬਸੂਰਤੀ ਨੂੰ ਚਾਰ ਚੰਨ੍ਹ ਲਗਾ ਦਿੰਦੇ ਹਨ। ਬਸੰਤ ਰੁੱਤ ਦੀਆਂ ਮਿਹਰਬਾਨੀਆਂ, ਅਭਿਵਾਦਨ, ਅਭਿਨੰਦਨ ਧਰਤੀ ਨੂੰ ਮਾਲਾਮਾਲ ਕਰ ਦਿੰਦੇ ਹਨ। ਸ਼ੁਭ ਸ਼ਗੁਨ ਦੀ ਪਵਿੱਤਰ ਪਰੰਪਰਾ ਹੈ ਬਸੰਤ ਦੀ ਰੁੱਤ। ਸਾਰੀ ਕੁਦਰਤ ਕਾਇਨਾਤ ਅਤੇ ਬਨਸਪਤੀ ਮਨੁੱਖਤਾ ਨੂੰ ਸਤਿਅਮ, ਸ਼ਿਵਮ-ਸੁੰਦਰਤਾ ਦਾ ਸੰਦੇਸ਼ ਦਿੰਦੀ ਹੈ।

ਨਦੀਆਂ-ਦਰਿਆਵਾਂ ਵਿਚ ਪਾਣੀ ਦੀ ਸ਼ੁੱਧਤਾ ਵਧਦੀ ਹੋਈ ਖੁਸ਼ਹਾਲੀ ਦਾ ਸੰਦੇਸ਼ ਦਿੰਦੀ ਹੈ। ਪਹਾੜਾਂ ਦੀ ਖ਼ੂਬਸੂਰਤੀ ਵਿਚ ਬਸੰਤ ਦੀ ਰੁੱਤ, ਦੁਲਹਨਾਂ ਵਾਂਗੂੰ ਸਜਦੀ ਹੋਈ ਜੰਨਤ ਦਾ ਭੁਲੇਖਾ ਪਾਉਂਦੀ ਹੈ। ਇਹ ਰੁੱਤ ਮਾਨਵਤਾ ਦੀ ਖੁਸ਼ਹਾਲੀ ਦੀ ਪ੍ਰਤੀਕ ਹੈ। ਅੰਬਰ ਛੂਹਦੀਆਂ ਪਹਾੜਾਂ ਦੀਆਂ ਟੀਸੀਆਂ, ਬੁਲੰਦੀਆਂ ਉੱਪਰ ਖਿੜਦੀ ਬਸੰਤ ਵਿਚ ਤਰ੍ਹਾਂ-ਤਰ੍ਹਾਂ ਦੇ ਫੁੱਲਾਂ ਦੀ ਮਹਿਕ ਟੇਢੀਆਂ-ਮੇਢੀਆਂ ਪਗਡੰਡੀਆਂ ਨੂੰ ਜ਼ਿੰਦਗੀ ਦੇ ਦਿੰਦੀਆਂ। ਪਹਾੜਾਂ ਦੀ ਖ਼ੂਬਸੂਰਤੀ ਵਿਚ ਵੀ ਬਸੰਤ ਦੀ ਰੁੱਤ ਸਮੇਂ ਇਕ ਵਿਲੱਖਣ ਸੱਜਰਾ ਪਰਿਵਰਤਨ ਹੁੰਦਾ ਹੈ। ਬਰਫ਼ ਖੁਰਨ ਨਾਲ ਸ਼ੁੱਧ ਪਾਣੀ ਆਪਣੀ ਪਰਿਵਰਤਨਸ਼ੀਲਤਾ ਵਿਚ ਨਵੀਨਤਾ ਪੈਦਾ ਕਰਦਾ ਹੈ। ਝਰਨਿਆਂ ਵਿਚ ਦੁੱਧ ਚਿੱਟਾ ਪਾਣੀ ਉੱਪਰੋਂ ਵਹਿੰਦਾ ਹੋਇਆ ਹੇਠਾਂ ਧਰਤੀ ਨੂੰ ਜਦ ਚੁੰਮਦਾ ਹੈ, ਤਾਂ ਸ਼ੀਸ਼ੇ ਦੀਆਂ ਕਿਰਚੀਆਂ ਵਾਂਗੂੰ ਟੁੱਟ ਕੇ ਫੈਲਦਾ ਹੋਇਆ ਅਨੇਕਾਂ ਅਕਸ ਪੈਦਾ ਕਰਦਾ ਹੈ, ਜੋ ਜਵਾਨੀ ਸੁੰਦਰਤਾ ਅਤੇ ਜੰਨਤ ਦਾ ਆਭਾਸ਼ ਕਰਵਾਉਂਦਾ ਹੈ।

ਇਸ ਦਿਨ ਚਾਰੇ ਪਾਸੇ ਬਸੰਤੀ ਰੰਗ ਦੀ ਸੁੰਦਰਤਾ ਬਿਖਰ ਜਾਂਦੀ ਹੈ। ਬਸੰਤੀ ਪਗੜੀਆਂ, ਬਸੰਤੀ ਦੁਪੱਟੇ, ਬਸੰਤੀ ਰੁਮਾਲ, ਬਸੰਤੀ ਸੁਨਹਿਰੀ ਗਹਿਣੇ ਧਰਤੀ ਦੀ ਸੁੰਦਰਤਾ ਨੂੰ ਜੰਨਤ ਪਰੋਸ ਦਿੰਦੀ ਹੈ।

ਬਸੰਤ ਬਾਰੇ ਸ੍ਰੀ ਗੁਰੂ ਅਮਰਦਾਸ ਜੀ ਨੇ ਫਰਮਾਇਆ ਹੈ: ਬਨਸਪਤਿ ਮਉਲੀ ਚੜ੍ਹਿਆ ਬਸੰਤ। ਇਹੁ ਮਨੁ ਮਉਲਿਆ ਸਤਿਗੁਰੂ ਸੰਗ। ਤੁਮ ਸਾਚੁ ਧਿਆਵਹੁ ਮੁਗਧ ਮਨਾ। ਤਾ ਮੁਖ ਪਾਵਹੁ ਮੇਰੇ ਮਨਾ। ਇਹ ਲਾਈਨਾਂ ਜੀਵਨ ਦੇ ਸੁਖਦ ਪਲਾਂ ਨੂੰ ਬਿਆਨ ਕਰਦੀਆਂ ਹਨ। ਬਨਸਪਤੀ ਆਣ 'ਤੇ ਬਸੰਤ ਦੀ ਆਮਦ ਅਤੇ ਸੁੱਖ ਦੀ ਪ੍ਰਾਪਤੀ ਸਤਿਗੁਰੂ ਦੀ ਉਪਾਸਨਾ ਨਾਲ ਹੀ ਹੈ।

ਭਗਤ ਕਬੀਰ ਜੀ ਆਪਣੀ ਬਾਣੀ ਵਿਚ ਲਿਖਦੇ ਹਨ, ਮਉਲੀ ਧਰਤੀ ਮਉਲਿਆ ਆਕਾਸੁ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥ ਆਦਿ

ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਆਖਦੇ ਹਨ: ਤਿਸੁ ਬੰਸਤ ਜਿਸੁ ਪ੍ਰਭੁ ਕ੍ਰਿਪਾਲੁ ਤਿਸ ਬਸੰਤ ਜਿਸੁ ਗੁਰੁ ਦਇਆਲ॥ ਮੰਗਲ ਤਿਸਕੈ ਜਿਸੁ ਏਕੁ ਨਾਮੁ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮ॥ 1॥ ਆਦਿ।

ਸ੍ਰੀ ਗੁਰੂ ਅਮਰਦਾਸ ਜੀ ਲਿਖਦੇ ਹਨ: ਬਸੰਤ ਚੜ੍ਹਿਆ ਫੂਲੀ ਬਨਰਾਇ॥ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥ ਗੁਰੂ ਸਾਹਿਬਾਨ ਨੇ ਵੀ ਬਸੰਤ ਦੀ ਉਸਤਤ ਵਿਚ ਖੂਬ ਲਿਖਿਆ ਅਤੇ ਸੁੰਦਰ ਮਾਨਵਤਾਵਾਦੀ ਤਸਬੀਹਾਂ ਦਿੱਤੀਆਂ ਹਨ।

ਇਸ ਦਿਨ ਅਸਮਾਨ ਵਿਚ ਪਤੰਗਾਂ (ਗੁੱਡੀਆਂ) ਅਤੇ ਡੋਰਾਂ ਇਸ ਤਰ੍ਹਾਂ ਪੇਚੇ ਲੜਾਉਂਦੀਆਂ ਹਨ ਕਿ ਸਾਰਾ ਅਸਮਾਨ ਇਵੇਂ ਨਜ਼ਰ ਆਉਂਦਾ ਹੈ, ਜਿਵੇਂ ਕਿਸੇ ਚਿੱਤਰਕਾਰ ਨੇ ਹਵਾ ਵਿਚ ਚਿੱਤਰਕਾਰੀ ਕੀਤੀ ਹੋਵੇ। ਰੰਗ ਬਰੰਗੀਆਂ ਪਤੰਗਾਂ ਦੀ ਖ਼ੂਬਸੂਰਤੀ ਅਸਮਾਨ ਨੂੰ ਸੁੰਦਰਤਾ ਬਖ਼ਸ਼ ਦਿੰਦੀ ਹੈ। ਆ, ਬੋ, ਈ, ਓ! ਦੀਆਂ ਲੰਬੀਆਂ ਹੇਕਾਂ ਫ਼ਿਜ਼ਾਂ ਵਿਚ ਜਦ ਗੂੰਜਦੀਆਂ ਹਨ, ਤਾਂ ਜਵਾਨੀ ਦੀ ਪਰਿਭਾਸ਼ਾ ਉਮੜ ਆਉਂਦੀ ਹੈ। ਬਸੰਤ ਸਫ਼ਲ ਹੋ ਜਾਂਦੀ ਹੈ।

ਬਸੰਤ ਵਾਲੇ ਦਿਨ ਸਾਰੇ ਭਾਰਤ ਵਿਚ ਕਈ ਵੱਡੇ ਮੇਲੇ ਅਤੇ ਪਤੰਗਬਾਜ਼ੀ ਦੇ ਲੱਖਾਂ ਦੇ ਮੁਕਾਬਲੇ ਹੁੰਦੇ ਹਨ। ਖ਼ਾਸ ਕਰਕੇ ਲਖਨਊ ਆਦਿ ਸ਼ਹਿਰਾਂ ਵਿਚ ਪਤੰਗਬਾਜ਼ੀ ਦੀਆਂ ਸ਼ਰਤਾਂ ਲਗਦੀਆਂ ਹਨ। ਪੰਜਾਬ ਵਿਚ ਖ਼ਾਸ ਕਰਕੇ ਸਾਰੇ ਸ਼ਹਿਰਾਂ ਨਗਰਾਂ ਤੋਂ ਇਲਾਵਾ ਅੰਮ੍ਰਿਤਸਰ, ਫਿਰੋਜ਼ਪੁਰ, ਆਦਿ ਸ਼ਹਿਰਾਂ ਵਿਚ ਪਤੰਗਬਾਜ਼ੀ ਦੀਆਂ ਸ਼ਰਤਾਂ ਲੱਗਦੀਆਂ ਹਨ ਅਤੇ ਦੇਰ ਰਾਤ ਤੱਕ ਪਤੰਗਾਂ ਦੇ ਪੇਚੇ ਚਲਦੇ ਹਨ। ਪਤੰਗਬਾਜ਼ੀ ਦਾ ਤਿਉਹਾਰ ਵੀ ਇਸ ਦਿਨ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਲੜਕੇ ਅਤੇ ਲੜਕੀਆਂ ਵੀ ਪਤੰਗਾਂ ਉਡਾਂਦੀਆਂ ਹਨ। ਮਾਂ-ਬਾਪ ਆਪਣੀਆਂ ਪਿਆਰੀਆਂ ਪਿਆਰੀਆਂ ਧੀਆਂ ਨੂੰ ਖੁਦ ਪਤੰਗ-ਡੋਰ ਖਰੀਦ ਕੇ ਦਿੰਦੇ ਹਨ, ਤਾਂ ਜੋ ਲੜਕੀਆਂ ਨੂੰ ਬਰਾਬਰਤਾ ਦੀ ਸ਼ਕਤੀ ਪ੍ਰਦਾਨ ਹੋਵੇ।

ਭਾਈ ਗੁਰਦਾਸ ਜੀ ਨੇ ਮਨੁੱਖ ਨਾਲ ਤਸਬੀਹ ਦਿੰਦੇ ਹੋਏ ਆਪਣੇ ਕਬਿੱਤ ਵਿਚ ਪਤੰਗ (ਗੁੱਡੀ) ਬਾਰੇ ਕਮਾਲ ਦਾ ਫੁਰਮਾਣ ਕੀਤਾ ਹੈ:

"ਪਵਨ ਗਵਨ ਜੈਸੇ ਗੁਡੀਆ ਉਡਤ ਰਹੈ, ਪਵਨ ਰਹਿਤ ਗੁਡੀ ਉਡ ਨ ਸਕਤ ਹੈ।

ਡੋਰੀ ਕੀ ਮਰੋਰ ਜੈਸੇ ਲਟੂਆ ਫਿਰਤ ਰਹੈ, ਤਾਉ ਮਿਟੈ ਗਿਰ ਪਰੈ ਖਕਤ ਹੈ।

ਕੰਚਨ ਅਸੁਧ ਜਿਉ ਕੁਠਾਰੀ ਠਹਗਤ ਨਾਹੀ, ਸੁਧ ਭਏ ਨਿਹਚਲ ਛਬਿ ਕੈ ਛਕਤ ਹੈ।

ਦੁਰਮਤਿ ਦੁਬਿਧਾ ਭ੍ਰਮਤ ਹੈ ਚਤੁਰ ਕੁੰਟ, ਗੁਰ ਮਤਿ ਏਕ ਏਕ ਮੋਨ ਨ ਬਕਤ ਹੈ।"

ਬਸੰਤ ਦੇ ਦਿਨ ਹੀ ਘਰਾਂ-ਧਾਰਮਿਕ ਸਥਾਨਾਂ, ਸੰਸਥਾਵਾਂ ਆਦਿ ਵਿਖੇ ਪੀਲੇ ਰੰਗ ਦੇ ਪ੍ਰਸ਼ਾਦਿ, ਪੀਲੇ ਰੰਗ ਦੇ ਚਾਵਲ (ਮਿੱਠੇ) ਬਣਾਏ ਜਾਂਦੇ ਹਨ। ਹਰ ਸ਼ਹਿਰ, ਨਗਰ, ਪਿੰਡ ਵਿਚ ਮੇਲੇ ਲੱਗਦੇ ਹਨ। ਕਾਮ ਅਤੇ ਰੱਤੀ ਦੀ ਵਿਸ਼ੇਸ਼ ਪੂਜਾ ਹੁੰਦੀ ਹੈ। ਇਸ ਦਿਨ ਸਰਸਵਤੀ ਦੇਵੀ ਵਿਦਿਆ ਬੁੱਧੀ ਸਕੰਲਪ ਸ਼ਕਤੀ ਬਖ਼ਸ਼ਦੀ ਹੈ। ਬਸੰਤ ਹਾਸਿਆਂ-ਖੇੜਿਆਂ ਦਾ ਸੰਦੇਸ਼ ਦਿੰਦੀ ਹੈ। ਪ੍ਰਫੁਲਤਾ ਅਤੇ ਤਾਜ਼ਗੀ ਬਖ਼ਸ਼ਦੀ ਹੈ।

ਮਹਾਭਾਰਤ ਕਾਲ ਵਿਚ ਸ਼੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਕਿਹਾ ਸੀ, 'ਮੈਂ ਰੁੱਤਾਂ ਵਿਚੋਂ ਰੁੱਤ ਬਸੰਤ ਹਾਂ।" ਇਸ ਦਿਨ ਬੰਗਾਲ, ਆਸਾਮ ਅਤੇ ਬੰਗਲਾ ਦੇਸ਼ ਵਿਚ ਪੀਲੇ ਅਤੇ ਗੁਲਾਬੀ ਰੰਗ ਵਿਚ ਹੋਲੀ ਖੇਡੀ ਜਾਂਦੀ ਹੈ। ਬਸੰਤ ਪ੍ਰਦੂਸ਼ਣ ਦੂਰ ਕਰਦੀ ਹੈ, ਜੰਗਲ ਵਿਚ ਮੰਗਲ ਕਰਦੀ ਹੈ। ਸਰੀਰ ਨੂੰ ਊਰਜਾ, ਸਿਹਤ ਅਤੇ ਨਿਰੋਗਤਾ ਦੀ ਪ੍ਰਤੀਕ ਹੈ। ਖੁਸ਼ੀਆਂ ਹੀ ਖੁਸ਼ੀਆਂ ਦਾ ਸੰਦੇਸ਼ ਦਿੰਦੀ ਹੈ।

ਇਸ ਦਿਨ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਵੀ ਆਉਂਦਾ ਹੈ। ਖ਼ਾਸ ਕਰਕੇ ਵੀਰ ਹਕੀਕਤ ਰਾਇ ਦੀ ਸ਼ਹਾਦਤ, ਨਾਮਧਾਰੀ ਕੂਕਿਆਂ ਦੀ ਬਹਾਦਰੀ, ਜਰਨੈਲ ਸ਼ਾਮ ਸਿੰਘ ਅਟਾਰੀ ਦੀ ਸ਼ਹੀਦੀ ਆਦਿ ਘਟਨਾਵਾਂ ਅਤੇ ਸ਼ੁਭ ਕਾਰਜਾਂ ਦੀ ਜ਼ਿਕਰ ਆਉਂਦਾ ਹੈ। ਵੀਰ ਹਕੀਕਤ ਰਾਇ ਦਾ ਬਟਾਲਾ (ਗੁਰਦਾਸਪੁਰ) ਪੰਜਾਬ ਵਿਖੇ ਭਾਰੀ ਮੇਲਾ ਲੱਗਦਾ ਹੈ।

ਇਸ ਦਿਨ ਧਾਰਮਿਕ ਸਥਾਨਾਂ ਵਿਖੇ ਕੀਰਤਨ ਅਤੇ ਪ੍ਰਵਚਨਾਂ ਨਾਲ ਬਸੰਤ ਦੀ ਉਸਤਤਿ ਕੀਤੀ ਜਾਂਦੀ ਹੈ। ਖਾਸ ਕਰਕੇ ਸ੍ਰੀ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਅੰਮ੍ਰਿਤਸਰ ਵਿਖੇ ਸਾਰਾ ਦਿਨ ਬਸੰਤ ਦੀ ਉਸਤਤਿ ਵਿਚ ਸ਼ਬਦ ਗਾਇਨ ਕੀਤੇ ਜਾਂਦੇ ਹਨ। ਬਸੰਤ ਰੁੱਤ ਸਭ ਰੁੱਤਾਂ ਦੀ ਸਰਵੋਤਮ ਰਾਣੀ ਹੈ। ਮਨੁੱਖਤਾ ਦੇ ਜੀਵਨ ਵਿਚ ਇਸ ਦੀ ਮਹਾਨਤਾ ਹਿਰਦੇ ਵਿਚ ਉਤਰਨ ਵਾਲੀ ਅਤੇ ਸ਼ੁੱਧਤਾ, ਸੁੰਦਰਤਾ, ਸ਼ਾਂਤੀ ਦੀ ਪ੍ਰਤੀਕ ਹੈ।

# 'ਜੂਠੇ ਗਲਾਸ ਦਾ ਸੁੱਚਾ ਪਾਣੀ'

## ਮਿੰਨੀ ਕਹਾਣੀ



ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲUSA


ਕਾਲਜ ਦੀ ਉਮਰ ਬੜੀ ਰੰਗੀਨ ਅਤੇ ਕਾਤਲ ਹੁੰਦੀ ਐ। ਚੜ੍ਹਦੀ ਉਮਰ ਦੀਆਂ ਮਨਚਲੀਆਂ/ਸ਼ਰਾਰਤਾਂ ਦੀ ਛਾਪ ਅਕਸਰ ਉਮਰਾਂ ਤੱਕ ਨਾਲ਼ ਨਿਭਦੀ ਹੈ।

ਅੱਸੀਵਿਆਂ 'ਚ ਭਰ ਗਰਮੀਆਂ ਦਾ ਸਮਾਂ। ਪੰਜ-ਸੱਤ ਕਾਲਜ ਵਿਦਿਆਰਥੀਆਂ ਦਾ ਗਰੁੱਪ, ਕੱਛਾਂ ਵਿਚ ਕਿਤਾਬਾਂ ਦਈ ਅਠਖੇਲੀਆਂ ਕਰਦਾ, ਬੱਸ ਅੱਡਿਓਂ ਕਾਲਜ ਵੱਲ ਕਾਹਲ਼ੇ ਕਦਮੀਂ ਤੁਰਿਆ ਜਾਏ। ਕਾਲਜ ਦੇ ਮੇਨ ਗੇਟ ਅੰਦਰ ਪ੍ਰਵੇਸ਼ ਕਰਦਿਆਂ ਉਨ੍ਹਾਂ ਦੀ ਬਾਜ਼ ਨਜ਼ਰ, ਪੰਜਾਹ ਕੁ ਕਦਮ ਅੱਗੇ ਸਾਹਮਣੇ ਨਲ਼ਕੇ 'ਤੇ ਪਾਣੀ ਪੀਂਦੀ, ਕਾਲਜ ਦੀ ਸਭ ਤੋਂ ਸੋਹਣੀ ਕੁੜੀ ਉਪਰ ਜਿਉਂ ਹੀ ਪਈ, ਉਨ੍ਹਾਂ ਸਭਨਾਂ ਦੇ ਕਦਮਾਂ ਵਿਚ ਤੇਜ਼ੀ ਆ ਗਈ। ਸ਼ੈਦ ਉਹ ਸਾਰੇ ਉਸ ਦੇ 'ਜੂਠੇ ਗਲਾਸ 'ਚੋਂ ਸੁੱਚਾ ਪਾਣੀ' ਪੀਣ ਦੇ ਖਾਹਿਸ਼ਮੰਦ ਸਨ। ਉਨ੍ਹਾਂ ਮੁੰਡਿਆਂ 'ਚੋਂ ਸਭ ਤੋਂ ਲੰਬਾ ਮੁੰਡਾ, ਜਿਸ ਦੀ ਛੇੜ ਮੁੰਡਿਆਂ ਲੰਬੂ ਪਾਈ ਹੋਈ ਸੀ, ਲੰਬੀਆਂ ਪੁਲਾਂਘਾਂ ਪੁੱਟਦਿਆਂ, ਸਭ ਤੋਂ ਪਹਿਲਾਂ ਗਲਾਸ ਨੂੰ ਹੱਥ ਪਾਉਣ ਵਿਚ ਕਾਮਯਾਬ ਰਿਹਾ। ਉਸ ਨੂੰ 'ਜੂਠੇ ਗਲਾਸ 'ਚੋਂ ਸੁੱਚਾ ਪਾਣੀ' ਪੀਂਦਿਆਂ, ਬਾਕੀ ਬਾਂਕੇ ਤਰਸੇਵੀਂ ਨਜ਼ਰ ਨਾਲ ਵੇਂਹਦੇ ਰਹੇ।

# ਟਰੰਪ ਦੇ ਫੈਸਲਿਆਂ ਤੋਂ ਦੁਨੀਆਂ ਹੈਰਾਨ; ਬਾਇਡਨ ਦੇ 78 ਫੈਸਲਿਆਂ ਦੀ ਉਲੰਘਣਾ

## ਅਮਰੀਕਾ 'ਚ ਸਹੁੰ ਚੁੱਕਦੇ ਹੀ ਟਰੰਪ ਦਾ ਜੋਸ਼; ਪਹਿਲੇ ਹੀ ਦਿਨ 100 ਤੋਂ ਵੱਧ ਅਹਿਮ ਫੈਸਲੇ


## ਕੀ ਰੂਸ ਯੂਕਰੇਨ ਯੁੱਧ ਰੁਕੇਗਾ - ਅਮਰੀਕੀ ਜਨਮ ਅਧਿਕਾਰ ਨਾਗਰਿਕਤਾ ਕਾਨੂੰਨ ਦੀ ਉਲੰਘਣਾ !

**ਸਮੇਂ ਦੀ ਲੋੜ ਹੈ ਕਿ ਭਾਰਤ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਘੁਸਪੈਠੀਆਂ ਦਾ ਖੁਦ ਨੋਟਿਸ ਲਵੇ ਅਤੇ ਉਨ੍ਹਾਂ ਨੂੰ ਅਮਰੀਕਾ ਦੀ ਤਰਜ਼ 'ਤੇ ਬਾਹਰ ਕੱਢੇ - ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਦੀਆ ਮਹਾਰਾਸ਼ਟਰ**


ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ
ਗੋਂਡੀਆ, ਮਹਾਰਾਸ਼ਟਰ
92841-41425
ਪੰਜਾਬ ਮੇਲ USA





ਦੁਨੀਆਂ ਦਾ ਹਰ ਦੇਸ਼ ਹੈਰਾਨ-ਪ੍ਰੇਸ਼ਾਨ ਨਜ਼ਰਾਂ ਨਾਲ ਦੇਖ ਰਿਹਾ ਹੈ ਕਿ ਟਰੰਪ ਸਹੁੰ ਚੁੱਕਣ ਤੋਂ ਬਾਅਦ ਆਪਣੇ ਪਹਿਲੇ ਸੰਬੋਧਨ 'ਚ ਉਨ੍ਹਾਂ ਨੇ ਅਹੁਦਾ ਸੰਭਾਲਣ ਦੇ ਤੁਰੰਤ ਬਾਅਦ ਫੈਸਲਿਆਂ ਦਾ ਐਲਾਨ ਕੀਤਾ ਅਤੇ ਉਨ੍ਹਾਂ 'ਤੇ ਦਸਤਖਤ ਕੀਤੇ, ਜਿਸ 'ਚ ਬਾਇਡਨ ਪ੍ਰਸ਼ਾਸਨ ਦੇ 78 ਫੈਸਲੇ ਤੁਰੰਤ ਰੱਦ ਕਰ ਦਿੱਤੇ ਗਏ ਹਨ। ਟਿਕਟਾਕ 'ਤੇ ਪਾਬੰਦੀ, ਕੈਨੇਡਾ ਨੇ ਮੈਕਸੀਕੋ 'ਤੇ 25% ਟੈਰਿਫ ਲਗਾਇਆ ਹੈ, ਵਿਸ਼ਵ ਸਿਹਤ ਸੰਗਠਨ ਅਤੇ ਪੈਰਿਸ ਜਲਵਾਯੂ ਸੰਗਠਨ, ਜਿਸ ਵਿਚ ਅਮਰੀਕਾ ਇੱਕ ਪ੍ਰਮੁੱਖ ਪਾਰਟੀ ਹੈ, ਤੋਂ ਵਾਪਸੀ ਦਾ ਐਲਾਨ ਕੀਤਾ ਹੈ। ਉਸ ਕੋਲ ਇੱਕ ਵੱਡਾ ਸਹਿਯੋਗੀ ਸੀ, ਜੋ ਉਸ ਦੀਆਂ ਵਿਸ਼ਵਵਿਆਪੀ ਯੋਜਨਾਵਾਂ ਨੂੰ ਪ੍ਰਭਾਵਤ ਕਰਨ ਦੀ ਸੰਭਾਵਨਾ ਰੱਖਦਾ ਸੀ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਦਾਖਲੇ ਨੂੰ ਬਾਹਰ ਰੱਖਣ ਤੋਂ ਇਲਾਵਾ, ਜਨਮ ਅਧਿਕਾਰ ਨਾਗਰਿਕਤਾ ਕਾਨੂੰਨ ਨੂੰ ਵੀ ਖਤਮ ਕਰਨ ਦੇ ਕਾਰਜਕਾਰੀ ਆਦੇਸ਼ ਜਾਰੀ ਕੀਤੇ ਗਏ ਹਨ, ਜਿਸ ਕਾਰਨ ਭਾਰਤ ਸਮੇਤ ਕਈ ਦੇਸ਼ਾਂ 'ਤੇ ਪ੍ਰਭਾਵ ਪੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ, ਜਿਸ ਬਾਰੇ ਅਸੀਂ ਹੇਠਾਂ ਦਿੱਤੇ ਪੈਰੇ ਵਿਚ ਚਰਚਾ ਕਰਾਂਗੇ ਕਿਉਂਕਿ ਟਰੰਪ ਨੇ ਸਹੁੰ ਚੁੱਕਦੇ ਹੀ ਅਮਰੀਕਾ 'ਚ 100 ਤੋਂ ਵੱਧ ਅਹਿਮ ਫੈਸਲੇ ਲਏ ਹਨ, ਇਸ ਲਈ ਅੱਜ ਅਸੀਂ ਮੀਡੀਆ 'ਚ ਮੌਜੂਦ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ।

ਦੋਸਤੋ, ਜੇਕਰ ਅਸੀਂ ਟਰੰਪ ਦੁਆਰਾ ਜਨਮ ਅਧਿਕਾਰ ਨਾਗਰਿਕਤਾ ਕਾਨੂੰਨ ਨੂੰ ਰੱਦ ਕਰਨ ਦੀ ਗੱਲ ਕਰੀਏ, ਤਾਂ ਅਮਰੀਕੀ ਸੰਵਿਧਾਨ ਦੀ 14ਵੀਂ ਸੋਧ ਬੱਚਿਆਂ ਨੂੰ ਜਨਮ ਅਧਿਕਾਰ ਨਾਗਰਿਕਤਾ ਦੀ ਗਾਰੰਟੀ ਦਿੰਦੀ ਹੈ। ਇਹ ਕਾਨੂੰਨ ਅਮਰੀਕਾ ਵਿਚ 150 ਸਾਲਾਂ ਤੋਂ ਲਾਗੂ ਹੈ। ਟਰੰਪ ਨੇ ਜਨਮ ਅਧਿਕਾਰ ਨਾਗਰਿਕਤਾ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੈ। ਟਰੰਪ ਨੇ ਗੈਰ-ਕਾਨੂੰਨੀ ਤੌਰ 'ਤੇ ਜਾਂ ਅਸਥਾਈ ਵੀਜ਼ੇ 'ਤੇ ਅਮਰੀਕਾ ਵਿਚ ਰਹਿ ਰਹੇ ਮਾਪਿਆਂ ਦੇ ਬੱਚਿਆਂ ਨੂੰ ਜਨਮ ਅਧਿਕਾਰ ਨਾਗਰਿਕਤਾ ਦੇਣ ਤੋਂ ਇਨਕਾਰ ਕਰਨ ਦਾ ਹੁਕਮ ਦਿੱਤਾ ਹੈ। ਟਰੰਪ ਨੇ ਇਸ ਆਦੇਸ਼ ਨੂੰ ਲਾਗੂ ਕਰਨ ਲਈ 30 ਦਿਨਾਂ ਦਾ ਸਮਾਂ ਦਿੱਤਾ ਹੈ, ਪਿਊ ਰਿਸਰਚ ਸੈਂਟਰ ਦੀ 2022 ਦੀ ਰਿਪੋਰਟ ਦੇ ਅਨੁਸਾਰ, 16 ਲੱਖ ਭਾਰਤੀ ਬੱਚਿਆਂ ਨੂੰ ਅਮਰੀਕਾ ਵਿਚ ਜਨਮ ਦੇ ਆਧਾਰ 'ਤੇ ਨਾਗਰਿਕਤਾ ਮਿਲੀ ਹੈ। ਹਾਲਾਂਕਿ, ਟਰੰਪ ਦੇ ਆਦੇਸ਼ ਵਿਚ ਕਿਹਾ ਗਿਆ ਹੈ ਕਿ ਇਹ ਸਿਰਫ ਉਨ੍ਹਾਂ 'ਤੇ ਲਾਗੂ ਹੋਵੇਗਾ, ਜੋ ਅਮਰੀਕਾ ਵਿਚ ਪੈਦਾ ਹੋਏ ਹਨ, ਇਸ ਹੁਕਮ ਦੀ ਮਿਤੀ ਤੋਂ 30 ਦਿਨਾਂ ਬਾਅਦ, ਜਿਸਦਾ ਮਤਲਬ ਹੈ ਕਿ ਅਮਰੀਕਾ ਵਿਚ ਭਾਰਤੀਆਂ ਦੀ ਆਉਣ ਵਾਲੀ ਪੀੜ੍ਹੀ ਇਸ ਦੇ ਦਾਇਰੇ ਵਿਚ ਆ ਜਾਵੇਗੀ। ਇਸ ਦਾ ਮਤਲਬ ਹੈ ਕਿ ਹੁਣ ਜਿਨ੍ਹਾਂ ਲੋਕਾਂ ਕੋਲ ਅਮਰੀਕੀ ਨਾਗਰਿਕਤਾ ਦੇ ਜਾਇਜ਼ ਦਸਤਾਵੇਜ਼ ਨਹੀਂ ਹਨ ਅਤੇ ਇਸ ਦੌਰਾਨ ਜੇਕਰ ਉਹ ਆਪਣੇ ਬੱਚੇ ਨੂੰ ਅਮਰੀਕਾ 'ਚ ਜਨਮ ਦਿੰਦੇ ਹਨ, ਤਾਂ ਉਨ੍ਹਾਂ ਬੱਚਿਆਂ ਨੂੰ ਆਪਣੇ ਆਪ ਅਮਰੀਕੀ ਨਾਗਰਿਕਤਾ ਨਹੀਂ ਮਿਲੇਗੀ। ਡੋਨਾਲਡ ਟਰੰਪ ਦੇ ਇਸ ਕਾਰਜਕਾਰੀ ਆਦੇਸ਼ ਦਾ ਪ੍ਰਵਾਸੀ ਭਾਰਤੀਆਂ 'ਤੇ ਨਾਗਰਿਕਤਾ ਨਾਲ ਸਬੰਧਤ ਫੈਸਲੇ ਦਾ ਸਭ ਤੋਂ ਵੱਧ ਅਸਰ ਪਵੇਗਾ। ਪਿਊ ਰਿਸਰਚ ਦੀ ਰਿਪੋਰਟ ਅਨੁਸਾਰ, 48 ਲੱਖ ਭਾਰਤੀ ਮੂਲ ਦੇ ਲੋਕ ਅਮਰੀਕਾ ਵਿਚ ਵਸੇ ਹੋਏ ਹਨ, ਜਿਨ੍ਹਾਂ ਵਿਚੋਂ 16 ਲੱਖ ਨੂੰ ਨਾਗਰਿਕਤਾ ਜਨਮ ਦੇ ਆਧਾਰ 'ਤੇ ਮਿਲੀ ਹੈ।

ਦੋਸਤੋ, ਜੇਕਰ ਅਸੀਂ ਜਨਮ ਅਧਿਕਾਰ ਨਾਗਰਿਕਤਾ ਕਾਨੂੰਨ ਨੂੰ ਖਤਮ ਕਰਨ ਦੀਆਂ ਚੁਣੌਤੀਆਂ ਦੀ ਗੱਲ ਕਰੀਏ, ਤਾਂ ਟਰੰਪ ਨੇ ਕਾਰਜਕਾਰੀ ਆਦੇਸ਼ 'ਤੇ ਦਸਤਖਤ ਕਰ ਦਿੱਤੇ ਹਨ, ਪਰ ਇਸਦੀ ਵੈਧਤਾ 'ਤੇ ਸਵਾਲ ਹੈ, 14ਵੀਂ ਸੋਧ ਅਮਰੀਕੀ ਸੰਵਿਧਾਨ ਦਾ ਹਿੱਸਾ ਹੈ, ਅਤੇ ਇਸ ਦੇ ਉਪਬੰਧਾਂ ਨੂੰ ਬਦਲਣ ਲਈ ਆਮ ਤੌਰ 'ਤੇ ਸੰਵਿਧਾਨਕ ਸੋਧ ਦੀ ਲੋੜ ਹੁੰਦੀ ਹੈ। ਇੱਕ ਪ੍ਰਕਿਰਿਆ ਜੋ ਲੰਬੀ ਅਤੇ ਮੁਸ਼ਕਲ ਹੈ। ਅੱਜ ਤੱਕ, ਕਿਸੇ ਵੀ ਰਾਸ਼ਟਰਪਤੀ ਨੇ ਕਾਰਜਕਾਰੀ ਆਦੇਸ਼ ਦੀ ਵਰਤੋਂ ਕਰਕੇ ਜਨਮ ਅਧਿਕਾਰ ਨਾਗਰਿਕਤਾ ਨੂੰ ਇਕਪਾਸੜ ਤੌਰ 'ਤੇ ਖਤਮ ਨਹੀਂ ਕੀਤਾ ਹੈ। ਕਾਨੂੰਨੀ ਮਾਹਰ ਪਹਿਲਾਂ ਹੀ ਸੰਘੀ ਅਦਾਲਤਾਂ ਵਿਚ ਆਦੇਸ਼ ਨੂੰ ਮਹੱਤਵਪੂਰਣ ਚੁਣੌਤੀਆਂ ਦੀ ਭਵਿੱਖਵਾਣੀ ਕਰ ਰਹੇ ਹਨ। ਯੂ.ਐੱਸ. ਸੁਪਰੀਮ ਕੋਰਟ ਨੇ ਜਨਮ ਅਧਿਕਾਰ ਨਾਗਰਿਕਤਾ ਨੂੰ ਬਰਕਰਾਰ ਰੱਖਿਆ ਹੈ, ਜਿਸ ਵਿਚ ਇਤਿਹਾਸਕ ਕੇਸ ਸੰਯੁਕਤ ਰਾਜ ਬਨਾਮ ਵੋਂਗ ਕਿਮ ਆਰਕ (1898) ਸ਼ਾਮਲ ਹੈ। ਇਸ ਮਾਮਲੇ ਵਿਚ ਅਦਾਲਤ ਨੇ ਫੈਸਲਾ ਸੁਣਾਇਆ ਕਿ ਗੈਰ ਨਾਗਰਿਕ ਮਾਪਿਆਂ ਦੇ ਘਰ ਅਮਰੀਕਾ ਵਿਚ ਪੈਦਾ ਹੋਇਆ ਬੱਚਾ ਅਜੇ ਵੀ ਅਮਰੀਕੀ ਨਾਗਰਿਕ ਹੈ। ਟਰੰਪ ਦੇ ਕਾਰਜਕਾਰੀ ਆਦੇਸ਼ ਦੇ ਵਿਰੁੱਧ ਦਲੀਲ ਇਹ ਹੈ ਕਿ ਇਹ ਸੋਧ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਸੰਵਿਧਾਨਕ ਗਾਰੰਟੀ ਨੂੰ ਰੱਦ ਨਹੀਂ ਕਰ ਸਕਦਾ, ਜਿਸ ਲਈ ਕਾਂਗਰਸ ਵਿਚ ਬਹੁਮਤ ਅਤੇ ਰਾਜਾਂ ਵਿਚ ਦੋ ਤਿਹਾਈ ਵੋਟ ਦੀ ਲੋੜ ਹੋਵੇਗੀ। ਫਿਰ ਵੀ ਆਰਡਰ ਇੱਕ ਕਾਨੂੰਨੀ ਲੜਾਈ ਸ਼ੁਰੂ ਕਰਨ ਦੀ ਸੰਭਾਵਨਾ ਹੈ, ਜੋ ਸਾਲਾਂ ਤੱਕ ਚੱਲ ਸਕਦੀ ਹੈ, ਪ੍ਰਭਾਵਿਤ ਲੱਖਾਂ ਲੋਕਾਂ ਲਈ ਅਨਿਸ਼ਚਿਤਤਾ ਪੈਦਾ ਕਰ ਸਕਦੀ ਹੈ।

ਦੋਸਤੋ, ਜੇਕਰ ਅਸੀਂ ਅਮਰੀਕੀ ਆਬਾਦੀ ਵਿਚ ਭਾਰਤੀ-ਅਮਰੀਕੀ ਭਾਈਚਾਰੇ ਦੀ ਗੱਲ ਕਰੀਏ, ਤਾਂ ਭਾਰਤੀ-ਅਮਰੀਕੀ ਭਾਈਚਾਰਾ, ਜੋ ਕਿ ਅਮਰੀਕਾ ਵਿਚ ਸਭ ਤੋਂ ਤੇਜ਼ੀ ਨਾਲ ਵਧ ਰਹੀ ਪ੍ਰਵਾਸੀ ਆਬਾਦੀ ਵਿਚੋਂ ਇੱਕ ਹੈ, ਇਸ ਤਬਦੀਲੀ ਤੋਂ ਬਹੁਤ ਪ੍ਰਭਾਵਿਤ ਹੋਵੇਗਾ। ਅਮਰੀਕੀ ਜਨਗਣਨਾ ਦੇ ਅਨੁਸਾਰ, ਅਮਰੀਕਾ ਵਿਚ 4.8 ਮਿਲੀਅਨ ਤੋਂ ਵੱਧ ਭਾਰਤੀ-ਅਮਰੀਕੀ ਰਹਿੰਦੇ ਹਨ। ਇਨ੍ਹਾਂ ਵਿਚੋਂ ਲੱਖਾਂ ਲੋਕ ਜਨਮ ਅਧਿਕਾਰ ਦੁਆਰਾ ਅਮਰੀਕੀ ਨਾਗਰਿਕਤਾ ਰੱਖਦੇ ਹਨ। ਜੇਕਰ ਨੀਤੀ ਕਾਰਜਕਾਰੀ ਹੁਕਮਾਂ ਦੇ ਅਨੁਸਾਰ ਬਦਲਦੀ ਹੈ, ਤਾਂ ਅਸਥਾਈ ਵਰਕ ਵੀਜ਼ਾ (ਜਿਵੇਂ ਕਿ ਐੱਚ-1ਬੀ ਵੀਜ਼ਾ) 'ਤੇ ਰਹਿ ਰਹੇ ਜਾਂ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਭਾਰਤੀ ਨਾਗਰਿਕਾਂ ਦੇ ਬੱਚੇ ਹੁਣ ਆਪਣੇ ਆਪ ਅਮਰੀਕੀ ਨਾਗਰਿਕਤਾ ਪ੍ਰਾਪਤ ਨਹੀਂ ਕਰਨਗੇ। ਇਹ ਹਰ ਸਾਲ ਅਮਰੀਕਾ ਵਿਚ ਭਾਰਤੀ ਪ੍ਰਵਾਸੀਆਂ ਦੇ ਹਜ਼ਾਰਾਂ ਬੱਚਿਆਂ ਨੂੰ ਪ੍ਰਭਾਵਤ ਕਰ ਸਕਦਾ ਹੈ, (ਭਾਵੇਂ ਐੱਚ-1ਬੀ ਵੀਜ਼ਾ, ਗ੍ਰੀਨ ਕਾਰਡ ਜਾਂ ਗੈਰ-ਦਸਤਾਵੇਜ਼ ਵਾਲੇ) ਦੇ ਅਮਰੀਕਾ ਵਿਚ ਜਨਮੇ ਬੱਚੇ ਨੂੰ ਅਮਰੀਕੀ ਨਾਗਰਿਕਤਾ ਪ੍ਰਾਪਤ ਹੋਣ ਤੋਂ ਰੋਕਿਆ ਗਿਆ ਹੈ। ਹਾਲਾਂਕਿ, ਨਵੇਂ ਆਦੇਸ਼ ਦੇ ਤਹਿਤ, ਸਿਰਫ ਘੱਟ-ਘੱਟ ਇੱਕ ਅਮਰੀਕੀ ਨਾਗਰਿਕ ਜਾਂ ਸਥਾਈ ਨਿਵਾਸੀ ਮਾਤਾ-ਪਿਤਾ ਤੋਂ ਪੈਦਾ ਹੋਏ ਬੱਚਿਆਂ ਨੂੰ ਨਾਗਰਿਕਤਾ ਮਿਲੇਗੀ। ਇਹ ਸਥਾਈ ਨਿਵਾਸ ਦੀ ਮੰਗ ਕਰਨ ਵਾਲੇ ਪਰਿਵਾਰਾਂ ਲਈ ਅਤੇ ਅੰਤ ਵਿਚ ਇੱਕ ਮਹੱਤਵਪੂਰਨ ਤਬਦੀਲੀ ਹੋਵੇਗੀ। ਉਨ੍ਹਾਂ ਦੀ ਆਪਣੀ ਨਾਗਰਿਕਤਾ ਉਨ੍ਹਾਂ ਦੇ ਬੱਚਿਆਂ ਦੀ ਨਾਗਰਿਕਤਾ ਸਥਿਤੀ 'ਤੇ ਨਿਰਭਰ ਕਰਦੀ ਹੈ। ਬਹੁਤ ਸਾਰੇ ਭਾਰਤੀ ਮਾਪਿਆਂ ਲਈ, ਖਾਸ ਤੌਰ 'ਤੇ ਜਿਹੜੇ ਐੱਚ-1ਬੀ ਵੀਜ਼ਾ 'ਤੇ ਕੰਮ ਕਰਦੇ ਹਨ, ਅਮਰੀਕਾ ਵਿਚ ਬੱਚੇ ਦਾ ਹੋਣਾ ਉਨ੍ਹਾਂ ਦੇ ਬੱਚਿਆਂ ਲਈ ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਦਾ ਇੱਕ ਰਸਤਾ ਰਿਹਾ ਹੈ। ਜਨਮ ਅਧਿਕਾਰ ਨਾਗਰਿਕਤਾ ਤੋਂ ਬਿਨਾਂ, ਇਨ੍ਹਾਂ ਬੱਚਿਆਂ ਨੂੰ ਜਾਂ ਤਾਂ ਉਨ੍ਹਾਂ ਦੀ ਕਾਨੂੰਨੀ ਸਥਿਤੀ ਬਾਰੇ ਅਨਿਸ਼ਚਿਤਤਾ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿਚ ਕਈ ਦਹਾਕਿਆਂ ਤੋਂ ਸਥਾਈ ਨਿਵਾਸ ਪ੍ਰਾਪਤ ਕਰਨ ਵਿਚ ਅਸਮਰੱਥ ਹੁੰਦੇ ਹਨ। ਵਰਤਮਾਨ ਵਿਚ, ਐੱਚ-1ਬੀ ਜਾਂ ਹੋਰ ਅਸਥਾਈ ਵੀਜ਼ਾ 'ਤੇ ਭਾਰਤੀ ਨਾਗਰਿਕਾਂ ਵਿਚ ਪੈਦਾ ਹੋਏ ਬੱਚੇ ਆਪਣੇ ਆਪ ਹੀ ਅਮਰੀਕੀ ਨਾਗਰਿਕਤਾ ਪ੍ਰਾਪਤ ਕਰ ਲੈਂਦੇ ਹਨ, ਜਦੋਂ ਉਹ ਪਰਿਪੱਕ ਹੋ ਜਾਂਦੇ ਹਨ, ਤਾਂ ਉਨ੍ਹਾਂ ਨੂੰ ਵਧੇਰੇ ਸਰਲ ਕਾਨੂੰਨੀ ਵਿਕਲਪ ਪ੍ਰਦਾਨ ਕਰਦੇ ਹਨ। ਜੇਕਰ ਇਹ ਨੀਤੀ ਰੱਦ ਕਰ ਦਿੱਤੀ ਜਾਂਦੀ ਹੈ, ਤਾਂ ਅਮਰੀਕਾ ਵਿਚ ਭਾਰਤੀ ਨਾਗਰਿਕਾਂ ਵਿਚ ਪੈਦਾ ਹੋਏ ਬੱਚਿਆਂ ਨੂੰ ਇੱਕ ਲੰਮੀ ਅਤੇ ਵਧੇਰੇ ਗੁੰਝਲਦਾਰ ਪ੍ਰਕਿਰਿਆ ਰਾਹੀਂ ਨਾਗਰਿਕਤਾ ਪ੍ਰਾਪਤ ਕਰਨ ਦੀ ਲੋੜ ਹੋਵੇਗੀ। ਇਸ ਤੋਂ ਇਲਾਵਾ, ਅਸਥਾਈ ਵੀਜ਼ਾ 'ਤੇ ਅਮਰੀਕਾ ਵਿਚ ਰਹਿ ਰਹੇ ਭਾਰਤੀ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਰਾਹ ਵਿਚ ਕਈ ਸਾਲ ਸ਼ਾਮਲ ਹੋਣਗੇ। ਆਪਣੇ ਬੱਚਿਆਂ ਲਈ ਨਿਵਾਸ ਸੁਰੱਖਿਅਤ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਵਾਧੂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਸੰਭਾਵੀ ਤੌਰ 'ਤੇ ਵਧੇਰੇ ਪਰਿਵਾਰਕ ਵਿਛੋੜੇ ਦਾ ਕਾਰਨ ਬਣ ਸਕਦਾ ਹੈ, ਕਿਉਂਕਿ ਮਾਪਿਆਂ ਨੂੰ ਵਧੇਰੇ ਮੁਸ਼ਕਲ ਅਤੇ ਲੰਬੀ ਇਮੀਗ੍ਰੇਸ਼ਨ ਪ੍ਰਕਿਰਿਆ ਵਿਚੋਂ ਲੰਘਣਾ ਪੈ ਸਕਦਾ ਹੈ, ਭਾਰਤੀ ਵਿਦਿਆਰਥੀ ਅਮਰੀਕਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਭ ਤੋਂ ਵੱਡੇ ਸਮੂਹਾਂ ਵਿਚੋਂ ਇੱਕ ਹਨ। ਤਕਨਾਲੋਜੀ ਅਤੇ ਇੰਜੀਨੀਅਰਿੰਗ ਦੇ ਖੇਤਰਾਂ ਵਿਚ ਉਨ੍ਹਾਂ ਦੀ ਗਿਣਤੀ ਖਾਸ ਤੌਰ 'ਤੇ ਜ਼ਿਆਦਾ ਹੈ। ਜੇ ਜਨਮ ਅਧਿਕਾਰ ਨਾਗਰਿਕਤਾ ਨੀਤੀ ਬਦਲਦੀ ਹੈ, ਐੱਫ-1 ਵੀਜ਼ਾ ਜਾਂ ਹੋਰ ਗੈਰ-ਪ੍ਰਵਾਸੀ ਵੀਜ਼ਾ ਸ਼੍ਰੇਣੀਆਂ 'ਤੇ ਭਾਰਤੀ ਵਿਦਿਆਰਥੀਆਂ ਦੇ ਘਰ ਪੈਦਾ ਹੋਏ ਬੱਚਿਆਂ ਨੂੰ ਆਪਣੇ ਆਪ ਅਮਰੀਕੀ ਨਾਗਰਿਕਤਾ ਨਹੀਂ ਮਿਲੇਗੀ, ਜਿਸ ਨਾਲ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਹੋਰ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ ਕਿਉਂਕਿ ਉਹ ਗ੍ਰੈਜੂਏਟ ਹੋਣ ਤੋਂ ਬਾਅਦ ਅਮਰੀਕਾ ਵਿਚ ਰਹਿਣ ਦੀ ਕੋਸ਼ਿਸ਼ ਕਰਦੇ ਹਨ।

ਅਮਰੀਕਾ ਵਿਚ ਰਹਿ ਰਹੇ ਭਾਰਤੀ ਪਰਿਵਾਰਾਂ ਲਈ ਨਤੀਜੇ : ਕਾਨੂੰਨ ਵਿਚ ਤਬਦੀਲੀ ਸੰਭਾਵਤ ਤੌਰ 'ਤੇ ਕਾਨੂੰਨੀ ਅਸਪੱਸ਼ਟਤਾ ਪੈਦਾ ਕਰੇਗੀ, ਖਾਸ ਤੌਰ 'ਤੇ ਭਾਰਤੀ ਪ੍ਰਵਾਸੀਆਂ ਦੇ ਬੱਚਿਆਂ ਲਈ ਜੋ ਅਸਥਾਈ ਵਰਕ ਵੀਜ਼ਾ 'ਤੇ ਹਨ ਜਾਂ ਗ੍ਰੀਨ ਕਾਰਡ ਕਤਾਰ ਵਿਚ ਉਡੀਕ ਕਰ ਰਹੇ ਹਨ। ਜੇਕਰ ਟਰੰਪ ਦਾ ਹੁਕਮ ਲਾਗੂ ਹੁੰਦਾ ਹੈ, ਤਾਂ ਵਰਕ ਵੀਜ਼ਾ 'ਤੇ ਅਮਰੀਕਾ 'ਚ ਰਹਿ ਰਹੇ ਭਾਰਤੀ ਹੁਣ ਆਪਣੇ ਬੱਚਿਆਂ ਨੂੰ ਜਨਮ ਦੇ ਸਮੇਂ ਅਮਰੀਕੀ ਨਾਗਰਿਕ ਬਣਦੇ ਨਹੀਂ ਦੇਖ ਸਕਣਗੇ, ਜਿਸ ਨਾਲ ਹਰ ਸਾਲ ਲੱਖਾਂ ਬੱਚੇ ਪ੍ਰਭਾਵਿਤ ਹੋਣਗੇ, ਜਿਨ੍ਹਾਂ ਲਈ ਗ੍ਰੀਨ ਕਾਰਡ ਹਾਸਲ ਕਰਨਾ ਮੁਸ਼ਕਲ ਹੋ ਜਾਵੇਗਾ, ਇੰਤਜ਼ਾਰ ਵਿਚ ਹੋਰ ਵੀ ਦੇਰੀ ਹੋ ਸਕਦੀ ਹੈ। 10 ਲੱਖ ਤੋਂ ਵੱਧ ਭਾਰਤੀ ਰੁਜ਼ਗਾਰ ਸੰਬੰਧੀ ਗ੍ਰੀਨ ਕਾਰਡ ਪ੍ਰਾਪਤ ਕਰਨ ਲਈ ਸਾਲਾਂ ਤੋਂ ਉਡੀਕ ਕਰ ਰਹੇ ਹਨ।

ਇਸ ਲਈ, ਜੇਕਰ ਅਸੀਂ ਅਧਿਐਨ ਕਰੀਏ ਅਤੇ ਇਸਦਾ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਦੁਨੀਆਂ ਟਰੰਪ ਦੇ ਫੈਸਲਿਆਂ ਤੋਂ ਹੈਰਾਨ ਹੈ।

# ਧਰਮ ਦੀ ਖਾਤਿਰ ਸ਼ਹੀਦੀ ਜਾਮ ਪੀ ਗਏ ਵੀਰ ਹਕੀਕਤ ਰਾਇ



ਬਲਵਿੰਦਰ ਬਾਲਮ
ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ: 98156-25409
ਪੰਜਾਬ ਮੇਲ USA



ਵੀਰ ਹਕੀਕਤ ਰਾਇ ਦਾ ਜਨਮ 22 ਮੱਘਰ, ਸੰਨ 1716 ਈਸਵੀ, ਦਿਨ ਸ਼ਨੀਵਾਰ ਪਿਤਾ ਸ਼੍ਰੀ ਭਾਗਮਲ ਦੇ ਘਰ ਮਾਤਾ ਕੌਰਾਂ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਦਾਦਾ ਦਾ ਨਾਂਓ ਸ਼੍ਰੀ ਨੰਦ ਲਾਲ ਸੀ। ਉਹ ਪਿੱਛੋਂ ਕਸੂਰ (ਪਾਕਿ) ਦੇ ਰਹਿਣ ਵਾਲੇ ਸਨ ਤੇ ਪਠਾਨਾਂ ਦੇ ਜ਼ੁਲਮ ਤੋਂ ਤੰਗ ਆ ਕੇ ਸਿਆਲਕੋਟ ਆ ਗਏ। ਇਕ ਦਿਨ ਅਚਾਨਕ ਕੁਝ ਮੁਸਲਮਾਨ ਲੜਕੇ (ਬੱਚੇ) ਵੀਰ ਹਕੀਕਤ ਰਾਏ ਨਾਲ ਲੜ ਪਏ। ਬੱਚਿਆਂ ਦੀ ਲੜਾਈ ਗਾਲੀ-ਗਲੋਚ ਤੋਂ ਹੋਈ। ਇਸ ਦੌਰਾਨ ਇੱਕ ਮੁੱਲਾਂ ਉਥੋਂ ਦੀ ਜਾ ਰਿਹਾ ਸੀ, ਉਸ ਨੇ ਝਗੜੇ ਦਾ ਕਾਰਨ ਪੁੱਛਿਆ। ਮੁਸਲਮਾਨ ਲੜਕਿਆਂ ਨੇ ਕਿਹਾ, ਇਸ ਨੇ ਫਾਤਮਾਂ ਦਾ ਨਾਂਅ ਲੈ ਕੇ ਗਾਲ੍ਹਾਂ ਕੱਢੀਆਂ ਹਨ। ਕਿਉਂ ਬਾਲਕ, ਤੂੰ ਬੀਬੀ ਫਾਤਮਾਂ ਨੂੰ ਗਾਲ੍ਹਾਂ ਕੱਢੀਆਂ ਹਨ, ਮੁਫਤੀ ਨੇ ਪੁੱਛਿਆ। ਵੀਰ ਹਕੀਕਤ ਰਾਏ ਨੇ ਕਿਹਾ, ਪਹਿਲਾਂ ਇਨ੍ਹਾਂ ਮੁੰਡਿਆਂ ਨੇ ਦੁਰਗਾ ਭਵਾਨੀ ਨੂੰ ਗਾਲ੍ਹਾਂ ਕੱਢੀਆਂ ਹਨ। ਮੁਫਤੀ ਨੇ ਜ਼ੋਰ ਦੇ ਕੇ ਕਿਹਾ, ਮੈਂ ਸਿਰਫ਼ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹਾਂ ਕੱਢੀਆਂ ਸਨ। ਮੈਂ ਫ਼ਿਰ ਤੈਨੂੰ ਇਹੋ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਗਾਲ੍ਹੀ ਪਹਿਲਾਂ ਕੱਢੀ ਜਾਂ ਪਿੱਛੋਂ? ਪਿੱਛੋਂ, ਮੈਂ ਉਦਾਂ ਹੀ ਆਖਿਆ ਜਿੱਦਾ ਮੁੰਡਿਆਂ ਮੇਰੀ ਭਵਾਨੀ ਨੂੰ ਆਖਿਆ ਸੀ। ਜ਼ੁਰਮ ਇਕਬਾਲ ਏ ਇਦੀ ਸਜ਼ਾ ਸਿਰਫ਼ ਇਕੋ ਹੀ ਏ। ਕਾਬੂਲ ਇਸਲਾਮ। ਅਗਰ ਮੁਜ਼ਰਮ ਇਨਕਾਰੀ ਹੈ, ਤਾਂ ਗਰਦਨਜ਼ਨੀ ਕੀਤੀ ਜਾਏ। ਇਹ ਗੱਲ ਸੁਣ ਕੇ ਸਾਰੇ ਇਲਾਕੇ ਵਿਚ ਹਾ-ਹਾ ਕਾਰ ਮੱਚ ਗਈ। ਹਕੀਕਤ ਰਾਏ ਨੂੰ ਫੜ ਲਿਆ ਗਿਆ। ਉਸ ਦੀ ਮਾਤਾ ਕੌਰਾਂ ਆਪਣੇ ਪੁੱਤਰ ਦੀ ਜਾਨ ਬਖ਼ਸ਼ੀ ਲਈ ਵਾਸਤੇ ਪਾਉਣ ਲੱਗੀ। ਸਿਆਲਕੋਟ ਦੀ ਭਰੀ ਕਚਿਹਰੀ ਵਿਚ ਮਾਤਾ ਕੌਰਾਂ ਝੋਲੀ ਅੱਡੀ ਕਹਿ ਰਹੀ ਸੀ ਕਿ ਮੇਰੀ ਸਾਰੀ ਦੌਲਤ, ਮੇਰਾ ਮਕਾਨ, ਮੇਰੀ ਜਾਇਦਾਦ, ਸਭ ਕੁਝ ਲੈ ਲਉ ਤੇ ਮੇਰੇ ਅੱਖਾਂ ਦੇ ਨੂਰ ਨੂੰ, ਮੇਰੇ ਲਾਡਲੇ ਨੂੰ ਬਖ਼ਸ਼ ਦਿਉ। ਜੇ ਇਹ ਕਸੂਰਵਾਰ ਏ ਤਾਂ ਮੈਂ ਮਾਫ਼ੀ ਮੰਗਦੀ ਹਾਂ। ਮੇਰਾ ਇਕੋ ਇਕ ਇਹੋ ਹੀ ਲਾਡਲਾ ਏ। ਮੈਨੂੰ ਅੱਖੋਂ ਅੰਨਿਆਂ ਨਾ ਕਰੋ, ਮੁਫ਼ਤੀ ਸਾਹਿਬ, ਤੁਸੀਂ ਵੀ ਬਾਲ ਬੱਚਿਆਂ ਵਾਲੇ ਓ।

ਪਰ ਕੌਣ ਸੁਣਦਾ ਏ ਨਗਾਰਖਾਨੇ ਵਿਚ ਤਤੀ ਦੀ ਆਵਾਜ਼, ਕਿਸੇ ਨੇ ਵੀ ਗੱਲ ਨਾ ਗੌਲੀ। ਮੁਫ਼ਤੀ ਨੇ ਕੜਕਦੀ ਆਵਾਜ਼ ਵਿਚ ਫ਼ਿਰ ਕਿਹਾ, ਕਿਉਂ, ਸ਼ੋਕਰੇ, ਤੈਨੂੰ ਇਸਲਾਮ ਕਬੂਲ ਏ?

ਮਜ਼ਹਮ ਬਦਲਿਆ ਨਹੀਂ ਜਾਂਦਾ, ਇਸ ਲਈ ਮੈਂ ਮਜ਼ਹਬ ਬਦਲਣ ਲਈ ਤਿਆਰ ਨਹੀਂ, ਹਕੀਕਤ ਰਾਇ ਦੇ ਤੇਜਸਵੀ ਬੋਲ ਸਨ।

ਇਸ ਦੀ ਜ਼ੁਬਾਨ 'ਚੋਂ ਸਾਜ਼ਿਸ਼ ਦੀ ਬੂ ਆਉਂਦੀ ਹੈ, ਹਕੂਮਤ ਲਈ ਕਿਸੇ ਵੇਲੇ ਵੀ ਖ਼ਤਰਨਾਕ ਸਾਬਤ ਹੋ ਸਕਦਾ ਹੈ। ਇਸ ਲਈ ਇਸ ਦੀ ਸਜ਼ਾ ਬਹਾਲ ਰੱਖੀ ਜਾਵੇ।

ਭਾਗਮਲ ਅਤੇ ਉਸ ਦੇ ਕੁੜਮਾਂ ਨੇ ਮੁਫ਼ਤੀ ਦੇ ਕੋਲ ਕਈ ਸਿਫਾਰਸ਼ਾਂ ਖੜ੍ਹੀਆਂ, ਕਈ ਪਤਵੰਤੇ ਤਰਲੇ ਮਿੰਨਤ ਮਾਰਨ ਲੱਗੇ ਪਰ ਉਹ ਟੱਸ ਤੋਂ ਮੱਸ ਨਾ ਹੋਇਆ।

ਅਗਲੇ ਦਿਨ ਕਤਲਗਾਹ ਵਿਚ ਫ਼ਿਰ ਹਕੀਕਤ ਨੂੰ ਪੁੱਛਿਆ ਗਿਆ, ਕਈ ਲਾਲਚ ਦਿੱਤੇ ਗਏ, ਖ਼ਬਸੂਰਤ ਲੜਕੀ, ਚਾਰ ਪਿੰਡ ਜਗੀਰ, ਵਧੀਆ ਅਹੁਦਾ, ਇਹ ਸਭ ਸਰਕਾਰ ਵਲੋਂ ਤੇ ਪੰਜ ਹਜ਼ਾਰ ਮੁਹਰਾ ਆਪਣੇ ਵਲੋਂ ਦੇਵਾਂਗਾ, ਤੁਮ ਬਰਖੁਰਦਾਰ, ਇਸਲਾਮ ਕਬੂਲ ਕਰ ਲਉ, ਤੁਮਾਰੀ ਮਾਂ ਦਾ ਦੁੱਖ ਮੈਥੋਂ ਦੇਖਿਆ ਨਹੀਂ ਜਾਂਦਾ, ਮਾਨ ਜਉ ਬੇਟਾ, ਮਾਨ ਜਾਉ - ਮੁਫ਼ਤੀ ਵੀ ਤਰਸ ਖਾ ਕੇ ਆਖ ਰਿਹਾ ਸੀ।

ਵੀਰ ਹਕੀਕਤ ਰਾਏ ਨੇ ਆਪਣੇ ਬੁਲੰਦ ਹੌਂਸਲੇ ਵਿਚ ਕਿਹਾ, ਕੀ ਇਸਲਾਮ ਕਬੂਲ ਕਰ ਲੈਣ ਨਾਲ ਮੌਤ ਨਹੀਂ ਆਏਗੀ? ਮੌਤ ਨੇ ਤਾਂ ਆਉਣਾ ਹੀ ਹੈ। ਹੁਣ ਤਾਂ ਘੋੜੀ ਲੈ ਕੇ ਆਉ, ਜੰਝ ਚੜ੍ਹਨ ਦਿਉ (ਮੌਤ), ਇਸ ਤੋਂ ਸੁਹਣਾ ਵੇਲਾ ਫ਼ਿਰ ਨਹੀਂ ਆਉਣ ਮਾਂ! ਤੂੰ ਸਮਝ ਲਈ ਮਾਂ, ਇਕ ਮੇਰਾ ਮੁੰਡਾ ਸੀ, ਉਹ ਵੀ ਧਰਮ ਦੀ ਖਾਤਿਰ ਕੁਰਬਾਨ ਕਰ ਦਿੱਤਾ। ਹਕੀਕਤ ਧਰਮ ਨਹੀਂ ਛੱਡ ਸਕਦਾ, ਜਾਨ ਦੇ ਸਕਦਾ ਏ ਮਾਂ! ਮਾਵਾਂ ਤਾਂ ਸਿਹਰੇ ਬੰਨ੍ਹ ਕੇ ਟੋਰਦੀਆਂ ਆਈਆਂ। ਖਤਰਾਣੀਆਂ ਤਾਂ ਗਾਨੇ ਬੰਨ੍ਹ ਕੇ ਟੋਰਦੀਆਂ ਹਨ। ਮਾਂ! ਤੇਰੀਆਂ ਅੱਖਾਂ ਵਿਚ ਅੱਥਰੂ ਨੇ, ਸਾਫ ਕਰਦੇ ਅੱਥਰੂ, ਮੇਰਾ ਰਾਹ ਨਾ ਰੋਕ, ਮੰਜ਼ਿਲ, ਬੜੀ ਖ਼ੂਬਸੂਰਤ ਏ, ਮੈਨੂੰ ਅੱਜ ਹੁਲਾਰੇ ਲੈ ਲੈਣ ਦੇ। ਇਹ ਘੋੜੀ ਮੁੜ ਕੇ ਨਹੀਂ ਆਉਣੀ। ਮਾਂ! ਮੇਰੀ ਜੇ ਇਕ ਭਾਬੀ ਹੁੰਦੀ, ਮਹਿੰਦੀ ਭਰੇ ਹੱਥਾਂ ਨਾਲ ਸੁਰਮਾ ਪਾਉਂਦੀ। ਮਾਂ! ਮੇਰੀ ਕੋਈ ਭੈਣ ਵੀ ਨਹੀਂ, ਕਿਸੇ ਗੁਆਂਢਣ ਨੂੰ ਸੱਦ ਲੈ, ਮੇਰੀ ਘੋੜੀ ਦੀਆਂ ਵਾਗਾਂ ਗੁੰਧ ਦੇਵੇ। ਪਿਤਾ ਜੀ ਨੂੰ ਕਵੋ, ਮੁਹਰਾਂ ਦੀ ਛੋਟ ਕਰਨ, ਪੁੱਤਰ ਘੋੜੀ ਚੜ੍ਹਿਆ ਏ, ਜ਼ਿੰਦਗੀ ਵਿਚ ਇਸ ਤੋਂ ਖ਼ੂਬਸੂਰਤ ਦਿਨ ਕਦੇ ਨਹੀਂ ਚੜ੍ਹਨਾ। ਮਾਂ! ਆਪਣੀ ਨੂੰਹ ਨੂੰ ਆਖੀਂ, ਫਿਰ ਮਿਲਾਂਗੇ, ਮੈਂ ਫ਼ਿਰ ਆਵਾਂਗਾ, ਕਰਮਾਂ ਵਾਲੀ ਦੀ ਕੁੱਖ ਵਿਚੋਂ। ਫਿਰ ਸਹੀ, ਪਰਸੋਂ ਬਸੰਤ ਏ, ਫੁੱਲ ਖਿੜ੍ਹੇ ਹਨ ਮਾਂ! ਤੂੰ ਆਪਣੇ ਵਿਹੜੇ ਵਿਚ ਫੁੱਲ ਲਾ ਛੱਡ, ਸਾਰੀ ਉਮਰ ਮਹਿਕ ਦੇਣਗੇ ਧਰਮ ਦੀ ਸੱਚੀ ਸੁੱਚੀ ਪਾਕ-ਪਵਿੱਤਰ ਸ਼ਹੀਦੀ ਦੀ। ਲਾਹ ਲੈਣ ਦੇ ਚਾਅ ਇਨ੍ਹਾਂ ਨੂੰ ਗਾਂ ਕਸਾਈਆਂ ਦੇ ਹੱਥ ਆ ਗਈ ਹੈ। ਇਹ ਬੁਲਬੁਲਾਂ ਸਦਾ ਬਾਗੀ ਨਹੀਂ ਬੋਲਣਗੀਆਂ। ਅੱਗੇ ਕਿਸੇ ਨੇ ਧਰਮ ਛੱਡਿਆ ਏ ਜਿਹੜਾ ਮੈਂ ਛੱਡ ਦੇਣਾ।

ਹਕੀਕਤ ਰਾਏ ਮੁਸਕੁਰਾ ਰਿਹਾ ਸੀ, ਉਸ ਦੇ ਚਿਹਰੇ 'ਤੇ ਇਕ ਜਲੌ ਸੀ, ਇਸ ਅਲੌਕਿਕ ਸ਼ਕਤੀ ਦਾ ਜਲਣਾ। ਦੂਸਰੇ ਮੁਫ਼ਤੀ ਦੇ ਕਹਿਣ 'ਤੇ ਹਕੀਕਤ ਨੂੰ ਲਾਹੌਰ ਲੈ ਆਏ। ਬਸੰਤ ਪੰਚਮੀ ਵਾਲੇ ਦਿਨ ਜੱਲਾਦਾਂ ਅੱਗੇ ਪੇਸ਼ ਕੀਤਾ ਗਿਆ।

ਹਕੀਕਤ ਰਾਏ ਨੇ ਖੁਸ਼ ਹੋ ਕੇ ਕਿਹਾ, "ਮੈਂ ਆਪੇ ਹੀ ਚੱਲਦਾ ਹਾਂ ਕਤਲਗਾਹ ਤੱਕ, ਮੌਤ ਦਾ ਦਿਨ ਹੀ ਤਾਂ ਸਭ ਤੋਂ ਖ਼ੂਬਸੂਰਤ ਹੈ।

ਜੱਲਾਦਾਂ ਦਾ ਦਿਲ ਵੀ ਕੰਬ ਗਿਆ, ਖ਼ੁਦਾਇਆ ਰਹਿਮ। ਅਸੀਂ ਇਕ ਬੇਕਸੂਰ, ਬੇਗੁਨਾਹ ਮਾਸੂਮ ਬਾਲਕ ਦੀ ਗਰਦਨ ਉਤਾਰਨ ਲੱਗੇ ਹਾਂ। ਹਕੀਕਤ ਰਾਏ ਨੇ ਆਪ ਆਪਣੀ ਧੌਣ ਪੇਸ਼ ਕਰ ਦਿੱਤੀ। ਜੱਲਾਦਾਂ ਨੇ ਇਕੋ ਟੱਕ ਨਾਲ ਧੜ ਨਾਲੋਂ ਧੌਣ ਅੱਡ ਕਰ ਦਿੱਤੀ।

ਹਕੀਕਤ ਰਾਏ ਸ਼ਹੀਦੀ ਪਾ ਗਿਆ ਪਰ ਉਸ ਦਾ ਮੁਬਾਰਕ ਨਾਓਂ ਕਿਆਮਤ ਤੱਕ ਜ਼ਿੰਦਾ ਰਹੇਗਾ। ਧਰਮ ਦੀ ਖ਼ਾਤਿਰ ਸ਼ਹੀਦ ਹੋਣ ਵਾਲੇ ਵੀਰ ਹਕੀਕਤ ਰਾਏ ਦਾ ਨਾਂਅ ਭਾਰਤ ਤੇ ਧਰਮ-ਇਤਿਹਾਸ ਵਿਚ ਧਰੂ ਤਾਰੇ ਦੇ ਵਾਂਗ ਚਮਕਦਾ ਰਵੇਗਾ। ਉਸ ਦੀ ਕੁਰਬਾਨੀ ਭਾਰਤ ਦੇ ਨੌਜਵਾਨਾਂ ਲਈ ਪਥ ਪ੍ਰਦਰਸ਼ਕ ਦਾ ਕੰਮ ਕਰਦੀ ਰਵੇਗੀ।

ਬਸੰਤ ਹਰ ਸਾਲ ਆਏਗੀ ਤੇ ਹਕੀਕਤ ਰਾਏ ਦੀ ਸਮਾਧ 'ਤੇ ਹਰ ਸਾਲ ਸ਼ਰਧਾ ਦੇ ਫੁੱਲ ਖਿੜ੍ਹਦੇ ਰਹਿਣੇ। ਮਾਵਾਂ ਸੁੱਖਣਾ ਸੁਖਣ ਆਇਆ ਕਰਨਗੀਆਂ ਕਿ ਉਨ੍ਹਾਂ ਦੀ ਕੁੱਖ ਵਿਚੋਂ ਹਕੀਕਤ ਵਰਗੇ ਪੁੱਤ ਜੰਮਣ। ਪੰਜਾਬ (ਭਾਰਤ) ਨੂੰ ਫ਼ਖ਼ਰ ਦੇ ਇਨ੍ਹਾਂ ਸ਼ਹੀਦਾਂ 'ਤੇ। ਸ਼ਹੀਦਾਂ ਦਾ ਖ਼ੂਨ ਧਰਮ ਦਾ ਬੀਜ ਹੁੰਦਾ ਹੈ।

ਪ੍ਰਾਰਥਨਾ ਸਭਾ, ਸਰਸਵਤੀ ਮੰਦਿਰ, ਕਿਲ੍ਹਾ ਮੰਡੀ, ਬਟਾਲਾ, ਜ਼ਿਲ੍ਹਾ, ਗੁਰਦਾਸਪੁਰ ਪੰਜਾਬ ਵਲੋਂ ਹਰ ਸਾਲ ਬਸੰਤ ਪੰਚਮੀ ਦੇ ਦਿਨ ਵੀਰ ਹਕੀਕਤ ਰਾਏ ਦਾ ਸ਼ਹੀਦੀ ਦਿਵਸ ਭਾਰੀ ਮੇਲੇ ਦੇ ਰੂਪ ਵਿਚ ਧੂਮਧਾਮ ਤੇ ਸ਼ਰਧਾ ਭਾਵ ਨਾਲ ਮਨਾਇਆ ਜਾਂਦਾ ਹੈ। ਸਾਰਾ ਦਿਨ ਦੇਸੀ ਘਿਓ ਦਾ ਲੰਗਰ ਚੱਲਦਾ ਹੈ।

# ਕੈਨੇਡਾ ਦੇ ਜਸਦੀਪ ਸਿੰਘ ਨੇ ਵਧਾਇਆ ਸਿੱਖਾਂ ਦਾ ਮਾਣ

## ਅੰਟਾਰਕਟੀਕਾ ਸਣੇ ਸੱਤ ਮਹਾਂਦੀਪਾਂ 'ਚ ਮੈਰਾਥਨ ਦੌੜ ਪੂਰੀ ਕਰਨ ਵਾਲੇ ਉੱਤਰੀ ਅਮਰੀਕਾ ਦੇ ਪਹਿਲੇ ਸਿੱਖ ਬਣੇ








**ਵਿੰਡਸਰ (ਕੈਨੇਡਾ), (ਸਮੀਪ ਸਿੰਘ ਗੁਮਟਾਲਾ/ਪੰਜਾਬ ਮੇਲ)-** ਕੈਨੇਡਾ ਦੇ ਸੂਬੇ ਓਨਟਾਰੀਓ ਦੇ ਸ਼ਹਿਰ ਵਿੰਡਸਰ ਦੇ ਵਸਨੀਕ 50 ਸਾਲਾ ਜਸਦੀਪ ਸਿੰਘ ਨੇ ਇੱਕ ਨਵਾਂ ਇਤਿਹਾਸ ਰਚਿਆ ਹੈ। ਉਹ ਉੱਤਰੀ ਅਮਰੀਕਾ (ਕੈਨੇਡਾ ਅਤੇ ਅਮਰੀਕਾ) ਦੇ ਪਹਿਲੇ ਸਿੱਖ ਬਣ ਗਏ ਹਨ, ਜਿਨ੍ਹਾਂ ਨੇ ਸਾਰੇ ਸੱਤ ਮਹਾਦੀਪ ਵਿਚ ਮੈਰਾਥਨ ਦੌੜ ਪੂਰੀ ਕਰਨ ਦਾ ਰਿਕਾਰਡ ਬਣਾਇਆ ਹੈ। ਇਸ ਵਿਚ ਹਰ ਪਾਸੇ ਬਰਫ ਨਾਲ ਢਕੀ ਅਤੇ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ 'ਚ ਦੁਨੀਆਂ ਦੀ ਸਭ ਤੋਂ ਦੱਖਣੀ ਮੈਰਾਥਨ "ਅੰਟਾਰਕਟਿਕਾ ਆਈਸ ਮੈਰਾਥਨ" ਵੀ ਸ਼ਾਮਲ ਹੈ।

ਦਸੰਬਰ 2024 ਵਿਚ ਬਰਫ ਨਾਲ ਢਕੀ ਧਰਤੀ 'ਤੇ "ਅੰਟਾਰਕਟਿਕਾ ਆਈਸ ਮੈਰਾਥਨ" ਪੂਰੀ ਕਰ ਜਸਦੀਪ ਸਿੰਘ ਦੁਨੀਆਂ ਭਰ ਦੇ ਤਕਰੀਬਨ 500 ਦੌੜਾਕਾਂ ਵਿਚ ਸ਼ਾਮਲ ਹੋ ਗਏ, ਜਿਨ੍ਹਾਂ ਨੇ ਸਾਰੇ ਸੱਤ ਮਹਾਂਦੀਪ ਵਿਚ 42 ਕਿਲੋਮੀਟਰ ਮੈਰਾਥਨ ਦੀ ਮੁਸ਼ਕਲ ਚੁਣੌਤੀ ਨੂੰ ਪੂਰਾ ਕੀਤਾ ਹੈ। ਉਸਦੀ ਇਸ ਪ੍ਰਾਪਤੀ ਨੂੰ ਹਾਲ ਹੀ ਵਿਚ ਕੈਨੇਡਾ ਬਰਾਡਕਾਸਟਿੰਗ ਕੰਪਨੀ (ਸੀ.ਬੀ.ਸੀ.) ਦੁਆਰਾ ਵੀ ਪ੍ਰਕਾਸ਼ਤ ਕੀਤਾ ਗਿਆ ਹੈ।

ਭਾਰਤ ਦੇ ਸੂਬੇ ਪੰਜਾਬ ਦੇ ਜੰਮਪਲ, ਜਸਦੀਪ ਨੇ 40 ਸਾਲ ਦੀ ਉਮਰ ਵਿਚ ਦੱਖਣੀ ਓਨਟਾਰੀਓ ਦੇ ਛੋਟੇ ਜਿਹੇ ਸ਼ਹਿਰ ਵਿੰਡਸਰ ਵਿਚ ਲੰਮੀ ਦੌੜ ਦੀ ਸ਼ੁਰੂਆਤ ਕੀਤੀ। ਉਸ ਤੋਂ ਬਾਦ ਉਨ੍ਹਾਂ ਨੇ ਵਿਸ਼ਵ ਭਰ ਦੇ ਸੱਤ ਮਹਾਂਦੀਪ ਦੀਆਂ ਕਈ ਮੈਰਾਥਨ ਦੌੜਾਂ ਪੂਰੀਆਂ ਕੀਤੀਆਂ। ਉਨ੍ਹਾਂ ਉੱਤਰੀ ਅਮਰੀਕਾ ਮਹਾਂਦੀਪ 'ਚ 2018 ਦੀ ਡੇਟ੍ਰਾਇਟ ਮੈਰਾਥਨ ਅਤੇ 2019 ਦੀ ਨਿਊਯਾਰਕ ਮੈਰਾਥਨ ਨੂੰ ਪੂਰਾ ਕੀਤਾ। ਉਪਰੰਤ ਯੂਰਪ ਮਹਾਂਦੀਪ ਵਿਚ ਉਨ੍ਹਾਂ ਨੇ 2021 ਦੀ ਬਰਲਿਨ ਮੈਰਾਥਨ ਅਤੇ 2022 ਦੀ ਲੰਡਨ ਮੈਰਾਥਨ ਪੂਰੇ ਕੀਤੇ। ਸਾਲ 2023 ਵਿਚ, ਉਨ੍ਹਾਂ ਨੇ ਦੱਖਣੀ ਅਮਰੀਕਾ ਵਿਚ ਬ੍ਰਾਜ਼ੀਲ ਵਿਖੇ ਰੀਓ ਮੈਰਾਥਨ ਅਤੇ ਅਫਰੀਕਾ ਮਹਾਂਦੀਪ ਵਿਚ ਕੇਪ ਟਾਊਨ ਮੈਰਾਥਨ ਪੂਰੀ ਕੀਤੀ। ਏਸ਼ੀਆ ਵਿਚ 2024 'ਚ ਟੋਕੀਓ ਮੈਰਾਥਨ, ਆਸਟ੍ਰੇਲੀਆ ਵਿਚ ਸਿਡਨੀ ਮੈਰਾਥਨ ਅਤੇ ਅੰਤ 'ਚ ਦਸੰਬਰ 2024 ਵਿਚ ਅੰਟਾਰਕਟਿਕਾ ਦੇ ਯੂਨੀਅਨ ਗਲੇਸ਼ੀਅਰ ਵਿਚ "ਅੰਟਾਰਕਟਿਕਾ ਆਈਸ ਮੈਰਾਥਨ" ਨੂੰ ਪੂਰਾ ਕਰ ਸੱਤ ਮਹਾਂਦੀਪ ਵਿਚ ਮੈਰਾਥਨ ਪੂਰਾ ਕਰਨ ਵਾਲੇ ਪਹਿਲੇ ਸਿੱਖ ਬਣ ਗਏ। ਜਸਦੀਪ ਦੀ ਸੱਤ ਮਹਾਂਦੀਪ ਦੀ ਇਹ ਯਾਤਰਾ ਅੰਟਾਰਕਟਿਕਾ ਦੀ ਮੈਰਾਥਨ ਨਾਲ ਖਤਮ ਹੋਈ। ਅੰਟਾਰਕਟੀਕਾ ਦੀ ਇਸ ਮੈਰਾਥਨ ਨੂੰ ਪੂਰਾ ਕਰਨ 'ਚ ਉਨ੍ਹਾਂ ਨੂੰ ਛੇ ਘੰਟੇ ਦਾ ਸਮਾਂ ਲੱਗਾ। ਹਵਾਈ ਅੱਡਾ ਨਾ ਹੋਣ ਕਰਕੇ, ਜਸਦੀਪ ਸਣੇ 64 ਹੋਰ ਦੌੜਾਕਾਂ ਨੇ ਖਾਸ ਤੌਰ 'ਤੇ ਤਿਆਰ ਕੀਤੇ ਬੋਇੰਗ 757 ਜਹਾਜ਼ ਰਾਹੀਂ ਬਰਫ 'ਤੇ ਲੈਂਡ ਕੀਤਾ, ਜਿਸ ਨੂੰ ਪਾਇਲਟ ਦੇ ਹੁਨਰ ਦਾ ਪ੍ਰਮਾਣ ਕਿਹਾ ਜਾ ਸਕਦਾ ਹੈ।

ਅੰਟਾਰਕਟਿਕਾ ਦੇ ਮਨਫੀ ਤਾਪਮਾਨ, ਅਲਟਰਾ ਵਾਇਲੇਟ (ਯੂ.ਵੀ.) ਰੇਡੀਏਸ਼ਨ ਅਤੇ ਬਰਫੀਲੀਆਂ ਹਵਾਵਾਂ ਵਿਚ ਦੌੜਦਿਆਂ ਜਸਦੀਪ ਦੀ ਧੀਰਜ ਅਤੇ ਮਾਨਸਿਕ ਦ੍ਰਿੜ੍ਹਤਾ ਦੀ ਪਰਖ ਹੋਈ। ਉਨ੍ਹਾਂ ਕਿਹਾ "ਅੰਟਾਰਕਟਿਕਾ ਸਭ ਤੋਂ ਚੁਣੌਤੀ ਵਾਲੀ ਮੈਰਾਥਨ ਦੌੜ ਸੀ। ਇਸ ਨੂੰ ਪੂਰਾ ਕਰਨ ਨਾਲ ਇਹ ਸਾਬਤ ਹੋਇਆ ਕਿ ਜਦੋਂ ਅਸੀਂ ਆਪਣਾ ਪੱਕਾ ਮਨ ਬਣਾ ਲਈਏ, ਤਾਂ ਅਸੀਂ ਕੁਝ ਵੀ ਕਰਨ ਦੇ ਸਮਰੱਥ ਹਾਂ।"

### ਸਫਲਤਾ ਲਈ ਕੋਚ ਦੀ ਸਿਖਲਾਈ ਅਤੇ ਪਰਿਵਾਰ ਦਾ ਸਮਰਥਨ

ਜਸਦੀਪ ਨੇ ਸਿਖਲਾਈ ਵਿੰਡਸਰ ਤੋਂ ਹੀ ਟ੍ਰੇਨਰ ਡੇਵਿਡ ਸਟੀਵਰਟ ਤੋਂ ਲਈ, ਨਾਲ ਹੀ ਉਸਨੇ ਸਥਾਨਕ ਕੈਨੇਡੀਅਨ ਹੀਰੋ ਟੈਰੀ ਫੌਕਸ ਅਤੇ ਫੌਜੀ ਸੇਡਰਿਕ ਕਿੰਗ ਤੋਂ ਵੀ ਪ੍ਰੇਰਨਾ ਲਈ, ਜਿਨ੍ਹਾਂ ਨੇ ਅਫਗਾਨਿਸਤਾਨ ਵਿਚ ਸੇਵਾ ਕਰਦੇ ਹੋਏ ਆਪਣੀਆਂ ਦੋਵੇਂ ਲੱਤਾਂ ਗੁਆ ਦਿੱਤੀਆਂ ਸਨ ਅਤੇ ਹੁਣ ਉਹ ਪ੍ਰੋਸਥੈਟਿਕ (ਨਕਲੀ) ਲੱਤਾਂ 'ਤੇ ਦੌੜਦੇ ਹਨ।

ਜਸਦੀਪ ਨੇ ਆਪਣੀ ਸਫਲਤਾ ਦਾ ਸਿਹਰਾ ਆਪਣੇ ਪਰਿਵਾਰ - ਆਪਣੀ ਪਤਨੀ ਅਤੇ ਉਨ੍ਹਾਂ ਦੇ ਦੋ ਬੱਚਿਆਂ ਦੇ ਅਟੁੱਟ ਸਮਰਥਨ ਨੂੰ ਵੀ ਦਿੱਤਾ। ਉਨ੍ਹਾਂ ਕਿਹਾ, "ਪਰਿਵਾਰ ਦੇ ਉਤਸ਼ਾਹ ਨੇ ਮੈਨੂੰ ਸਾਰੇ ਮਹਾਂਦੀਪ ਵਿਚ ਮੈਰਾਥਨ ਦੌੜਨ ਦੀ ਚੁਣੌਤੀ ਨੂੰ ਪੂਰਾ ਕਰਨ ਵਿਚ ਮਦਦ ਕੀਤੀ। ਮੇਰੀ ਪਤਨੀ ਦੇ ਸਹਿਯੋਗ ਤੋਂ ਬਿਨਾਂ ਇਹ ਪ੍ਰਾਪਤੀ ਸੰਭਵ ਨਹੀਂ ਸੀ। ਮੇਰੇ ਬੱਚਿਆਂ ਨੂੰ ਫਿਨਿਸ਼ ਲਾਈਨ 'ਤੇ ਖੁਸ਼ੀ ਵਿਚ ਜਸ਼ਨ ਮਨਾਉਂਦੇ ਦੇਖਣਾ ਮੇਰੇ ਲਈ ਸਭ ਤੋਂ ਯਾਦਗਾਰ ਪਲਾਂ ਵਿਚੋ ਇੱਕ ਸੀ।"

### ਸਿੱਖ ਅਤੇ ਪੰਜਾਬੀ ਭਾਈਚਾਰੇ ਲਈ ਇੱਕ ਪ੍ਰੇਰਨਾ

ਸੱਤ ਮਹਾਂਦੀਪਾਂ ਵਿਚ ਦਸਤਾਰ ਸਜਾ ਕੇ ਮੈਰਾਥਨ ਦੌੜਦਿਆਂ ਜਸਦੀਪ ਨੇ ਇਹ ਸਾਬਤ ਕੀਤਾ ਕਿ ਸਾਡੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਸਾਡੇ ਲਈ ਕਦੇ ਵੀ ਰੁਕਾਵਟ ਨਹੀਂ ਹੈ। ਉਨ੍ਹਾਂ ਕਿਹਾ "ਮੈਨੂੰ ਉਮੀਦ ਹੈ ਕਿ ਮੇਰਾ ਸਫ਼ਰ ਸਿੱਖ ਭਾਈਚਾਰੇ ਅਤੇ ਹੋਰਨਾਂ ਨੂੰ ਨਿਡਰਤਾ ਨਾਲ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕਰੇਗਾ। ਸਾਡੀ ਸਿੱਖ ਪਛਾਣ ਕੋਈ ਰੁਕਾਵਟ ਨਹੀਂ ਹੈ - ਇਹ ਇੱਕ ਤਾਕਤ ਹੈ, ਮਜ਼ਬੂਤ ਬਣੋ। ਜੇ ਮੈਂ ਇਹ ਕਰ ਸਕਦਾ ਹਾਂ, ਤਾਂ ਕੋਈ ਵੀ ਕਰ ਸਕਦਾ ਹੈ।" ਉਨ੍ਹਾਂ ਦਾ ਮੈਰਾਥਨ ਦੌੜਾਂ ਦਾ ਸਫਰ ਕਈ ਸਾਲ ਪਹਿਲਾਂ "ਯੂਨਾਈਟਿਡ ਸਿੱਖਸ ਆਫ਼ ਵਿੰਡਸਰ" ਸੰਸਥਾ ਨਾਲ ਸਮਾਜ ਸੇਵਾ ਦੇ ਕਾਰਜ ਲਈ 5 ਕਿਲੋਮੀਟਰ ਦੌੜ ਨਾਲ ਹੋਇਆ। ਬੀਤੇ ਸਾਲ ਜਸਦੀਪ ਅਤੇ ਉਸਦੀ ਟੀਮ ਨੇ ਕੈਂਸਰ ਤੋਂ ਪ੍ਰਭਾਵਿਤ ਪਰਿਵਾਰਾਂ ਅਤੇ ਬੱਚਿਆਂ ਦੀ ਮਦਦ ਲਈ $15,000 ਤੋਂ ਵੱਧ ਫੰਡ ਇਕੱਠੇ ਕੀਤੇ ਹਨ। ਉਹ "ਸਰਬੱਤ ਦਾ ਭੱਲਾ" ਦੇ ਸਿੱਖ ਸਿਧਾਂਤ 'ਤੇ ਚੱਲਦੇ ਹੋਏ ਟੈਰੀ ਫੌਕਸ ਫਾਊਂਡੇਸ਼ਨ, ਸੇਂਟ ਜੂਡਜ਼ ਚਿਲਡਰਨ ਹਸਪਤਾਲ ਅਤੇ ਕੇਅਰ ਇੰਟਰਨੈਸ਼ਨਲ ਵਰਗੇ ਚੈਰਿਟੀ ਪ੍ਰੋਗਰਾਮਾਂ ਨਾਲ ਵੀ ਜੁੜਿਆ ਹੈ।

# ਕੁੱਤਿਆਂ ਤੋਂ ਭੰਦੇ ਦੇ ਬਚਾਅ ਲਈ ਕੋਈ ਕਾਨੂੰਨ ਨਹੀਂ

ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000
ਪੰਜਾਬ ਮੇਲUSA







**ਇਸ ਵੇਲੇ ਅਵਾਰਾ ਕੁੱਤਿਆਂ ਦੀ ਤਾਦਾਦ ਐਨੀ ਵੱਧ ਗਈ ਹੈ ਕਿ ਬਜ਼ੁਰਗ, ਬੱਚੇ, ਔਰਤਾਂ ਅਤੇ ਹੁਣ ਤਾਂ ਇਕੱਲੇ ਬੰਦੇ ਦਾ ਘਰ ਤੋਂ ਨਿਕਲਣਾ ਕਿਸੇ ਨਾ ਕਿਸੇ ਕੁੱਤੇ ਦਾ ਸ਼ਿਕਾਰ ਬਣਦਾ ਹੈ। ਇਸ ਦਾ ਸ਼ਿਕਾਰ ਗਰੀਬ ਜਾਂ ਮੱਧ ਵਰਗ ਪਰਿਵਾਰਾਂ ਵਿਚੋਂ ਬਹੁਤੇ ਲੋਕ ਬਣਦੇ ਹਨ। ਬੱਚੇ ਪੈਦਲ ਜਾਂ ਸਾਈਕਲਾਂ 'ਤੇ ਸਕੂਲ ਜਾਂ ਟਿਊਸ਼ਨ ਜਾਂਦੇ ਹਨ। ਇਥੋਂ ਤੱਕ ਅੱਜ ਮਾਪੇ ਕੁੱਤਿਆਂ ਦੇ ਡਰ ਕਰਕੇ ਬੱਚਿਆਂ ਨੂੰ ਪਾਰਕਾਂ ਵਿਚ ਖੇਡਣ ਵੀ ਨਹੀਂ ਭੇਜਦੇ। ਕੰਮ ਕਾਰ ਵਾਲੀਆਂ ਔਰਤਾਂ, ਘਰੇਲੂ ਔਰਤਾਂ ਜ਼ਰੂਰਤ ਦਾ ਸਮਾਨ ਖਰੀਦਣ ਵੱਖ-ਵੱਖ ਕੰਪਨੀਆਂ ਦੇ ਡਿਲਿਵਰੀ ਵਾਲੇ ਅਤੇ ਬਜ਼ੁਰਗ ਜੋ ਸੈਰ ਲਈ ਨਿਕਲਦੇ ਹਨ।**

ਕਿਸੇ ਜ਼ਮਾਨੇ ਵਿਚ ਸਮਾਜ ਦੇ ਹੇਠਲੇ ਵਰਗ ਵਿਚ ਇਹ ਲਫਜ਼ ਕਹੇ ਜਾਂਦੇ ਸਨ ਕਿ "ਬੰਦੇ ਭਾਵੇਂ ਭੁੱਖੇ ਮਰ ਜਾਣ ਪਰ ਬਿਸਕੁਟ ਖਾਣ ਕਤੂਰੇ" ਇਹ ਹਰੀ ਕ੍ਰਾਂਤੀ ਤੋਂ ਪਹਿਲਾਂ ਦੀਆਂ ਗੱਲਾਂ ਹਨ। ਅੱਜ ਦੇਸ਼ ਤਰੱਕੀ ਕਰ ਗਿਆ ਹੈ ਬੰਦੇ ਭੁੱਖੇ ਨਹੀਂ ਮਰਦੇ ਕਿਉਂਕਿ ਖਬਰਾਂ ਮੁਤਾਬਕ ਦੇਸ਼ ਵਿਚ 90 ਕਰੋੜ ਲਾਭ ਪਾਤਰੀ ਦੱਸੇ ਜਾਂਦੇ ਹਨ। 82 ਕਰੋੜ ਲੋਕਾਂ ਨੂੰ 5 ਕਿਲੋ ਪ੍ਰਤੀ ਮਹੀਨਾ ਅਨਾਜ ਮਿਲਦਾ ਹੈ। ਦੂਜੇ ਪਾਸੇ ਕੁੱਤੇ ਜ਼ਿਆਦਾ ਤਰੱਕੀ ਕਰ ਗਏ, ਉਹ ਸ਼ਾਕਾਹਾਰੀ ਤੋਂ ਮਾਸਾਹਾਰੀ ਹੋ ਗਏ। ਮੈਂ ਪਾਠਕਾਂ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਅਵਾਰਾ ਗਊਆਂ ਅਤੇ ਕੁੱਤਿਆਂ ਵੱਲ। ਅਵਾਰਾ ਗਊਆਂ 'ਤੇ ਕਾਫੀ ਚਰਚਾ ਹੁੰਦੀ ਰਹੀ ਹੈ, ਨਵੀਆਂ ਗਊਸ਼ਾਲਾ ਵੀ ਖੋਲ੍ਹੀਆਂ ਗਈਆਂ, ਗਊ ਸੈਸ (ਟੈਕਸ) ਵੀ ਲੱਗਿਆ ਪਰ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਏਸੇ ਤਰ੍ਹਾਂ ਕੁੱਤਿਆਂ ਦੀ ਅਬਾਦੀ ਘਟਾਉਣ ਲਈ ਵੀ ਇਨ੍ਹਾਂ ਨੂੰ ਖਸੀ ਕਰਨ ਦੇ ਪ੍ਰੋਗਰਾਮ ਚਲਾਏ ਗਏ, ਕਰੋੜਾਂ ਰੁਪਏ ਖਰਚਣ ਤੋਂ ਬਾਅਦ ਵੀ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਅੱਜ ਕੁੱਤਿਆਂ ਨੇ ਕੰਮਕਾਜ 'ਤੇ ਜਾਣ ਵਾਲੇ ਲੋਕਾਂ ਦਾ ਘਰੋਂ ਨਿਕਲਣਾ ਦੁੱਭਰ ਕੀਤਾ ਹੋਇਆ ਹੈ। ਦੇਸ਼ ਵਿਚ ਸਵੱਛ ਭਾਰਤ ਅਭਿਆਨ ਸ਼ੁਰੂ ਕੀਤਾ ਗਿਆ, ਹਰ ਛੋਟੇ ਵੱਡੇ ਨੇਤਾ ਨੇ ਝਾੜੂ ਫੜ ਕੇ ਫੋਟੋਆਂ ਖਿਚਵਾਈਆਂ। ਬੰਦਿਆਂ ਲਈ ਟੱਟੀਆਂ ਵੀ ਬਣਾਈਆਂ ਗਈਆਂ ਪਰ ਸਭ ਦੇ ਬਾਵਜੂਦ ਸੜਕਾਂ 'ਤੇ ਗੋਬਰ ਅਤੇ ਕੁੱਤਿਆਂ ਦੀ ਟੱਟੀ ਜਿਉਂ ਦੀ ਤਿਉਂ ਬਰਕਰਾਰ ਹੈ। ਇਸ ਲਈ ਅਵਾਰਾ ਤੇ ਨਿੱਜੀ ਕੁੱਤੇ ਦੋਨੋਂ ਹੀ ਜ਼ਿੰਮੇਵਾਰ ਹਨ। ਘਰੇਲੂ ਕੁੱਤਿਆਂ ਦੇ ਤਾਂ ਰੱਖਣ ਵਾਲਿਆਂ ਨੂੰ ਕਸੂਰਵਾਰ ਠਹਿਰਾਇਆ ਜਾ ਸਕਦਾ ਹੈ ਪਰ ਅਵਾਰਾ ਕੁੱਤਿਆਂ ਦਾ ਕੀ ਕਰੀਏ। ਇਹ ਸੜਕਾਂ ਦਾ ਗੰਦ ਲੋਕਾਂ ਦੀਆਂ ਗੱਡੀਆਂ ਦੇ ਟਾਇਰਾਂ ਤੇ ਬੂਟਾਂ, ਚੱਪਲਾਂ ਨਾਲ ਲੱਗ ਕੇ ਘਰਾਂ ਤੱਕ ਪਹੁੰਚਦਾ ਹੈ ਅਤੇ ਕਈ ਖਤਰਨਾਕ ਬੀਮਾਰੀਆਂ ਨੂੰ ਜਨਮ ਦਿੰਦਾ ਹੈ। ਜਦੋਂ ਬਾਰਿਸ਼ ਹੁੰਦੀ ਹੈ, ਤਾਂ ਇਹੋ ਮਲਮੂਤਰ ਦਰਿਆਵਾਂ ਵਿਚ ਰਲ ਕੇ ਪੀਣ ਵਾਲੇ ਪਾਣੀ ਨੂੰ ਦੂਸ਼ਿਤ ਕਰਦਾ ਹੈ।

**ਅਵਾਰਾ ਕੁੱਤਿਆਂ ਦਾ ਕਹਿਰ:-** ਇਸ ਵੇਲੇ ਅਵਾਰਾ ਕੁੱਤਿਆਂ ਦੀ ਤਾਦਾਦ ਐਨੀ ਵੱਧ ਗਈ ਹੈ ਕਿ ਬਜ਼ੁਰਗ, ਬੱਚੇ, ਔਰਤਾਂ ਅਤੇ ਹੁਣ ਤਾਂ ਇਕੱਲੇ ਬੰਦੇ ਦਾ ਘਰ ਤੋਂ ਨਿਕਲਣਾ ਕਿਸੇ ਨਾ ਕਿਸੇ ਕੁੱਤੇ ਦਾ ਸ਼ਿਕਾਰ ਬਣਦਾ ਹੈ। ਇਸ ਦਾ ਸ਼ਿਕਾਰ ਗਰੀਬ ਜਾਂ ਮੱਧ ਵਰਗ ਪਰਿਵਾਰਾਂ ਵਿਚੋਂ ਬਹੁਤੇ ਲੋਕ ਬਣਦੇ ਹਨ। ਬੱਚੇ ਪੈਦਲ ਜਾਂ ਸਾਈਕਲਾਂ 'ਤੇ ਸਕੂਲ ਜਾਂ ਟਿਊਸ਼ਨ ਜਾਂਦੇ ਹਨ। ਇਥੋਂ ਤੱਕ ਅੱਜ ਮਾਪੇ ਕੁੱਤਿਆਂ ਦੇ ਡਰ ਕਰਕੇ ਬੱਚਿਆਂ ਨੂੰ ਪਾਰਕਾਂ ਵਿਚ ਖੇਡਣ ਵੀ ਨਹੀਂ ਭੇਜਦੇ। ਕੰਮ ਕਾਰ ਵਾਲੀਆਂ ਔਰਤਾਂ, ਘਰੇਲੂ ਔਰਤਾਂ ਜ਼ਰੂਰਤ ਦਾ ਸਮਾਨ ਖਰੀਦਣ ਵੱਖ-ਵੱਖ ਕੰਪਨੀਆਂ ਦੇ ਡਿਲਿਵਰੀ ਵਾਲੇ ਅਤੇ ਬਜ਼ੁਰਗ ਜੋ ਸੈਰ ਲਈ ਨਿਕਲਦੇ ਹਨ। ਅਮੀਰ ਲੋਕ ਜਾਂ ਉਹ ਲੋਕ ਜਿਹੜੇ ਜਾਨਵਰਾਂ ਨੂੰ ਪਿਆਰ ਕਰਨ ਵਾਲੇ ਮੰਨੇ ਜਾਂਦੇ ਹਨ, ਉਹ ਇਨ੍ਹਾਂ ਦੀ ਪਕੜ ਤੋਂ ਬਾਹਰ ਹਨ ਕਿਉਂਕਿ ਉਨ੍ਹਾਂ ਨੇ ਤਾਂ ਕਾਰ ਤੋਂ ਹੇਠਾਂ ਪੈਰ ਨਹੀਂ ਲਾਉਣਾ। ਸੈਰ ਲਈ ਜਿੰਮ ਵਿਚ ਜਾਂਦੇ ਹਨ, ਜਿਹੜੇ ਪੈਦਲ ਜਾਂਦੇ ਹਨ, ਉਨ੍ਹਾਂ ਨਾਲ ਬਾਡੀਗਾਰਡ ਹੁੰਦੇ ਹਨ।

**ਅਬਾਦੀ:-** ਇਸ ਸਭ ਦੇ ਪਿੱਛੇ ਹੈ ਅਵਾਰਾ ਕੁੱਤਿਆਂ ਦੀ ਵੱਧਦੀ ਅਬਾਦੀ। ਪੈਟ ਹੋਮਲੈਸ ਇੰਡੈਕਸ (ਪੀ.ਐੱਚ.ਆਈ.) ਦੇ ਮੁਤਾਬਕ ਭਾਰਤ ਵਿਚ ਅਵਾਰਾ ਕੁੱਤਿਆਂ ਦੀ ਅਬਾਦੀ ਸਾਲ 2022 ਵਿਚ 6 ਕਰੋੜ 2 ਲੱਖ ਸੀ। ਇਸ ਦਾ ਅਰਥ ਹੈ ਕਿ 23 ਲੋਕਾਂ ਮਗਰ ਇੱਕ ਅਵਾਰਾ ਕੁੱਤਾ ਹੈ। ਸਾਲ 2019-2022 ਤੱਕ 1.6 ਕਰੋੜ ਲੋਕਾਂ ਨੂੰ ਅਵਾਰਾ ਕੁੱਤਿਆਂ ਨੇ ਕੱਟਿਆ। ਵਿਸ਼ਵ ਸਿਹਤ ਸੰਸਥਾ (ਡਬਲਯੂ.ਐੱਚ.ਓ.) ਦੇ ਅੰਕੜਿਆਂ ਮੁਤਾਬਕ ਭਾਰਤ ਵਿਚ ਹਰ ਸਾਲ 18 ਤੋਂ 20 ਹਜ਼ਾਰ ਮੌਤਾਂ ਹਲਕਾਅ ਕਾਰਨ ਹੁੰਦੀਆਂ ਹਨ।

**ਪੰਜਾਬ-** ਸਾਲ 2019 ਵਿਚ ਹੋਏ ਲਾਈਵ ਸਟਾਕ ਸੈਂਸਸ ਦੇ ਮੁਤਾਬਕ ਸੂਬੇ ਵਿਚ 2.90 ਲੱਖ ਤੋਂ ਜ਼ਿਆਦਾ ਕੁੱਤੇ ਸਨ। ਇਹ ਅੰਕੜੇ ਅਕਤੂਬਰ 2022 ਵਿਚ ਵਿਧਾਨ ਸਭਾ ਵਿਚ ਦੱਸੇ ਗਏ ਸਨ। ਪੰਜਾਬ ਸਰਕਾਰ ਨੇ 2015 ਵਿਚ ਹਲਫਨਾਮਾ ਦੇ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਦੱਸਿਆ ਕਿ ਪੰਜਾਬ ਵਿਚ 59806 ਅਵਾਰਾ ਕੁੱਤੇ ਹਨ। ਸਾਲ 2022 ਵਿਚ ਪੰਜਾਬ ਦੇ ਮੁੱਖ ਸ਼ਹਿਰਾਂ ਵਿਚ ਕੁੱਤੇ ਦੇ ਵੱਢਣ ਦੇ ਅੰਕੜੇ ਇਸ ਤਰ੍ਹਾਂ ਹਨ, ਲੁਧਿਆਣਾ 19043, ਪਟਿਆਲਾ 13023, ਮੋਹਾਲੀ 11077, ਬਠਿੰਡਾ 13128 ਕੁਝ ਸ਼ਹਿਰਾਂ ਕੋਲ ਇਸ ਦਾ ਕੋਈ ਰਿਕਾਰਡ ਹੀ ਨਹੀਂ। ਗੱਲ ਇਕੱਲੀ ਵੱਢਣ ਤੱਕ ਸੀਮਤ ਨਹੀਂ, ਬੱਚੇ, ਬਜ਼ੁਰਗ ਅਤੇ ਔਰਤਾਂ ਨੂੰ ਮਾਰ ਕੇ ਖਾਣ ਤੱਕ ਪਹੁੰਚ ਗਈ।

ਸਵਾਲ ਤਾਂ ਇਹ ਹੈ ਕਿ 2001 ਤੋਂ ਸਰਕਾਰਾਂ ਦੀਆਂ ਸਕੀਮਾਂ ਚੱਲਦੀਆਂ ਹਨ, ਅਵਾਰਾ ਕੁੱਤਿਆਂ ਨੂੰ ਸਟਰਲਾਈਜ਼ ਕਰਕੇ ਇਨ੍ਹਾਂ ਦੀ ਅਬਾਦੀ ਘਟਾਓਣ ਦੀ ਪਰ ਇਹ ਵੱਧਦੀ ਜਾ ਰਹੀ ਹੈ। ਸਾਲ 2022 ਅਕਤੂਬਰ ਦੇ ਵਿਧਾਨ ਸਭਾ ਸੈਸ਼ਨ ਵਿਚ ਇਹ ਦੱਸਿਆ ਗਿਆ ਸੀ ਕਿ ਪੰਜਾਬ ਵਿਚ 2.90 ਲੱਖ ਕੁੱਤਿਆਂ ਵਿਚੋਂ 1.22 ਲੱਖ ਕੁੱਤਿਆਂ ਨੂੰ ਸਟਰਲਾਈਜ਼ ਕੀਤਾ ਗਿਆ, ਜਿਸ 'ਤੇ 9.50 ਕਰੋੜ ਖਰਚ ਆਇਆ ਹੈ। ਮਾਹਿਰਾਂ ਵਲੋਂ ਇਹ ਦੱਸਿਆ ਜਾ ਰਿਹਾ ਹੈ ਕਿ ਜੇ 70 ਫੀਸਦੀ ਤੋਂ ਉੱਪਰ ਕੁੱਤੇ ਸਟਰਲਾਈਜ਼ ਹੋਣਗੇ, ਤਾਂ ਅਬਾਦੀ ਘੱਟ ਸਕਦੀ ਹੈ। ਨਸਬੰਦੀ ਨਾਲ ਅਬਾਦੀ ਨਹੀਂ ਘੱਟਣੀ, ਇਸ ਦੇ ਦੋ ਕਾਰਨ ਹਨ, ਸਮੇਂ ਸਿਰ ਮਨਜ਼ੂਰੀ ਅਤੇ ਭ੍ਰਿਸ਼ਟਾਚਾਰ।

**ਕੁੱਤੇ ਦੇ ਵੱਢਣ ਦਾ ਲੋਕਾਂ ਦੀ ਆਰਥਿਕਤਾ 'ਤੇ ਬੋਝ:-** ਪੰਜਾਬ ਕੋਲ 201 ਐਂਟੀ ਰੈਬਿਜ਼ ਕਲੀਨਿਕ ਹਨ। ਜੇ ਕੁੱਤਾ ਵੱਢਦਾ ਹੈ, ਤਾਂ ਇੱਕ ਵਿਅਕਤੀ ਨੂੰ ਪੰਜ ਰੈਬਿਜ਼ ਦੇ ਟੀਕੇ ਲੱਗਦੇ ਹਨ। ਇੱਕ ਟੀਕੇ ਦੀ ਕੀਮਤ 380 ਰੁਪਏ ਹੈ ਤੇ 20 ਰੁਪਏ ਲਵਾਈ ਦੇ ਯਾਨੀ ਸਿਰਫ ਟੀਕੇ ਦਾ ਖਰਚਾ 2000 ਰੁਪਏ ਹੋਇਆ। ਇਸ ਤੋਂ ਇਲਾਵਾ ਪਹਿਲੀ ਵਾਰ ਡਾਕਟਰ ਦੀ ਫੀਸ ਅਤੇ ਪੱਟੀਆਂ ਦਾ ਖਰਚਾ ਵੱਖਰਾ, ਜਿਹੜਾ ਲੋਕਾਂ ਦਾ ਕੰਮ ਛੁੱਟਿਆ, ਉਸ ਦੀ ਗਿਣਤੀ ਕਰਨੀ ਔਖੀ ਹੈ। ਇਕੱਲੇ ਲੁਧਿਆਣੇ ਵਿਚ ਹੀ ਸਾਲ 2022 ਵਿਚ 19043 ਲੋਕਾਂ ਨੇ 3.60 ਕਰੋੜ ਟੀਕਿਆਂ 'ਤੇ ਖਰਚੇ। ਇਸੇ ਤਰ੍ਹਾਂ ਦੇਸ਼ ਭਰ ਵਿਚ 1.6 ਕਰੋੜ ਲੋਕਾਂ ਨੇ 3200 ਕਰੋੜ ਸਾਲ 2019-2022 ਤੱਕ ਖਰਚੇ। ਜਿਸ ਘਰ ਦਾ ਜੀਅ ਖਾ ਲਿਆ, ਉਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

**ਸਿਹਤ 'ਤੇ ਅਸਰ:-** ਕੁੱਤਿਆਂ ਤੋਂ ਬੰਦਿਆਂ ਨੂੰ ਅਨੇਕਾਂ ਤਰ੍ਹਾਂ ਦੀਆਂ ਬੀਮਾਰੀਆਂ ਲੱਗਦੀਆਂ ਹਨ ਕਿਉਂਕਿ ਅਵਾਰਾ ਕੁੱਤੇ ਤਾਂ ਬਾਹਰੋਂ ਗਲੀ-ਸੜੀ ਖੁਰਾਕ, ਮਰੇ ਹੋਏ ਜਾਨਵਰ ਅਤੇ ਹੋਰ ਗੰਦ-ਮੰਦ ਖਾਂਦੇ ਹਨ ਪਰ ਜਿਹੜੇ ਪਾਲਤੂ ਕੁੱਤੇ ਹਨ, ਉਨ੍ਹਾਂ ਨੂੰ ਜਦੋਂ ਕੱਚਾ ਮੀਟ ਜਾਂ ਕੱਚੇ ਆਂਡੇ ਖਵਾਏ ਜਾਂਦੇ ਹਨ, ਤਾਂ ਉਹ ਵੀ ਕੁੱਤੇ ਦੀ ਪਾਚਣ ਨਾਲੀ ਵਿਚ ਅਨੇਕਾਂ ਤਰ੍ਹਾਂ ਦੀਆਂ ਵਾਇਰਸ, ਬੈਕਟੀਰੀਆ ਅਤੇ ਪਰੋਟੋਜੋਆ ਲੈ ਕੇ ਜਾਂਦੇ ਹਨ, ਜਿਹੜੇ ਬਾਅਦ ਵਿਚ ਸਲਾਈਵਾ (ਰਾਲਾਂ) ਸਾਹ, ਪਿਸ਼ਾਬ ਅਤੇ ਟੱਟੀ ਰਸਤੇ ਬਾਹਰ ਆ ਕੇ ਅੱਗੋਂ ਹਵਾ ਅਤੇ ਪਾਣੀ ਦੇ ਮਾਧਿਅਮ ਰਾਹੀਂ ਇਨਸਾਨਾਂ ਦੇ ਅੰਦਰ ਵੀ ਚਲੇ ਜਾਂਦੇ ਹਨ। ਹਲਕਾਅ ਤੋਂ ਕਿਤੇ ਜ਼ਿਆਦਾ ਇਹ ਅੰਤੜੀਆਂ ਦੇ ਰੋਗਾਂ ਦਾ ਕਾਰਨ ਬਣਦੇ ਹਨ। ਅੱਜ ਅੰਤੜੀ ਰੋਗ ਦੇ ਡਾਕਟਰਾਂ ਕੋਲ ਮਰੀਜ਼ਾਂ ਦੀਆਂ ਲਾਈਨਾਂ ਲੱਗਦੀਆਂ ਹਨ ਅਤੇ ਕਈ-ਕਈ ਘੰਟੇ ਟਾਈਮ ਲੈ ਕੇ ਵੀ ਵਾਰੀ ਨਹੀਂ ਆਉਂਦੀ। ਕਈ ਇਸ ਤਰ੍ਹਾਂ ਦੇ ਬੈਕਟਰੀਆ ਹਨ, ਜਿਹੜੇ ਬਹੁਤ ਸਾਰੇ ਪ੍ਰਚੱਲਿਤ ਐਂਟੀਬਾਇਓਟਿਕ ਨਾਲ ਵੀ ਨਹੀਂ ਮਰਦੇ, ਜਿਵੇਂ ਕਿ ਮੈਥੀਸੀਲੀਨ ਸਟੇਫੀਲੋਕੋਕਸ ਔਰਮੀਅਸ (ਐੱਮ.ਆਰ.ਐੱਸ.ਏ.) ਬੈਕਟੀਰੀਆ ਦੀ ਇੰਨਫੈਕਸ਼ਨ ਇਨਸਾਨਾਂ ਲਈ ਘਾਤਕ ਸਿੱਧ ਹੋ ਸਕਦੀ ਹੈ। ਇਸ ਦੇ ਇਲਾਜ ਲਈ ਨਵੀਆਂ ਐਂਟੀਬਾਇਓਟਿਕਸ ਵੈਨਕੋਮਾਈਸੀਨ, ਲਿਨਜੋਲਿਡ ਅਤੇ ਡੈਪਟੋਮਾਈਸੀਨ ਵਰਤੀਆਂ ਜਾਂਦੀਆਂ ਹਨ।

ਆਮ ਤੌਰ 'ਤੇ ਕੁੱਤੇ ਦੇ ਵੱਢਣ ਮਗਰੋਂ ਹਲਕਾਅ ਤੋਂ ਬਚਾਅ ਦੇ ਲਈ ਟੀਕੇ ਤਾਂ ਲਗਵਾ ਲਏ ਜਾਂਦੇ ਹਨ। ਪਰ ਤਿੰਨ-ਚਾਰ ਦਿਨ ਬਾਅਦ ਖੂਨ ਅਤੇ ਸਟੂਲ ਟੈਸਟ ਵੀ ਕਰਵਾ ਲੈਣਾ ਚਾਹੀਦਾ ਹੈ, ਤਾਂ ਕਿ ਬਾਕੀ ਇਲਾਜ ਵੀ ਨਾਲ ਹੋ ਜਾਵੇ। ਕਈ ਬੈਕਟੀਰੀਆ ਐਸੇ ਹਨ, ਜਿਹੜੇ ਹੌਲੀ-ਹੌਲੀ ਵੱਧਦੇ ਹਨ। ਜਦੋਂ ਨੂੰ ਜ਼ਖਮ ਠੀਕ ਹੋਣ ਲੱਗਣ, ਉਦੋਂ ਨੂੰ ਡਾਇਰੀਆ ਹੋ ਜਾਂਦਾ ਹੈ।

**ਕਾਨੂੰਨ ਕੀ ਕਹਿੰਦਾ ਹੈ:** ਕਾਨੂੰਨ ਮੁਤਾਬਕ ਤੁਸੀਂ ਕਿਸੇ ਕੁੱਤੇ ਜਾਂ ਹੋਰ ਅਵਾਰਾ ਪਸ਼ੂ ਨੂੰ ਸੋਟੀ ਮਾਰਕੇ ਜਾਂ ਜ਼ਹਿਰ ਦੇ ਕੇ ਅਪਾਹਜ਼ ਜਾਂ ਮਾਰ ਨਹੀਂ ਸਕਦੇ। ਕੁੱਤਾ ਤੁਹਾਨੂੰ ਭਾਵੇਂ ਵੱਡ ਵੀ ਜਾਵੇ ਜਾਂ ਪਸ਼ੂ ਸਿੰਗਾਂ 'ਤੇ ਚੱਕ ਲਵੇ। ਕੁੱਤੇ ਜਾਂ ਪਸ਼ੂ ਨੂੰ ਮਾਰਨਾ ਆਈ.ਪੀ.ਸੀ., (1860) ਦੀ ਧਾਰਾ, 428 ਅਤੇ 429 ਜੋ ਹੁਣ ਬਦਲ ਕੇ ਭਾਰਤੀ ਨਿਆਏ ਸਨਹਿਤਾ (ਬੀ.ਐੱਨ.ਐੱਸ.) 325 ਬਣ ਗਿਆ। ਇਸ ਮੁਤਾਬਕ ਜੁਰਮ ਹੈ ਅਤੇ ਇਸ ਜੁਰਮ ਦੀ ਸਜ਼ਾ ਜੁਰਮਾਨਾ ਅਤੇ ਪੰਜ ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਪਰ ਜੇ ਕਿਸੇ ਦਾ ਪਾਲਤੂ ਕੁੱਤਾ ਤੁਹਾਨੂੰ ਵੱਢਦਾ ਹੈ, ਤਾਂ ਉਸ ਦੇ ਮਾਲਕ 'ਤੇ ਧਾਰਾ 289, 337, 338 ਆਈ.ਪੀ.ਐੱਸ. (ਬੀ.ਐੱਨ.ਐੱਸ. ਧਾਰਾ 291, 125(ਏ), 125(ਬ) ਤਹਿਤ ਮੁਕੱਦਮਾ ਦਰਜ਼ ਕਰਵਾਇਆ ਜਾ ਸਕਦਾ ਹੈ। ਧਾਰਾ 289 (291) ਹੈ ਕਿ ਅਣਗਹਿਲੀ ਕਾਰਨ ਦੂਜੇ ਦੀ ਜਾਨ ਖਤਰੇ ਵਿਚ ਪਾਉਣਾ, ਇਸ ਵਿਚ ਵੱਧ ਤੋਂ ਵੱਧ 6 ਮਹੀਨੇ ਕੈਦ ਜਾਂ ਜੁਰਮਾਨਾ ਜਾਂ ਦੋਨੋਂ ਹੋ ਸਕਦੇ ਹਨ। ਜੁਰਮਾਨੇ ਦੀ ਰਕਮ ਵੱਧ ਤੋਂ ਵੱਧ 5000 ਰੁਪਏ ਹੈ। ਧਾਰਾ 337 (125(ਏ)), ਅਤੇ 338 (125(ਬੀ)) ਦੋਨੋਂ ਹੀ ਪਛਾਣਯੋਗ ਅਪਰਾਧ (Cognizable offence) ਹਨ। ਇਨ੍ਹਾਂ ਧਾਰਾਵਾਂ ਵਿਚ ਕਿਸੇ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾਉਣਾ। ਇਸ ਲਈ 337 (125(ਏ)) ਅਧੀਨ 6 ਮਹੀਨੇ ਤੱਕ ਕੈਦ 'ਤੇ 2500 ਰੁਪਏ ਜੁਰਮਾਨਾ ਜਾਂ ਦੋਨੋਂ। ਧਾਰਾ 338 (125(ਬੀ)) ਅਧੀਨ ਤਿੰਨ ਸਾਲ ਤੱਕ ਕੈਦ ਤੇ 10000 ਰੁਪਏ ਜੁਰਮਾਨਾ ਜਾਂ ਦੋਨੋਂ। ਜੇ ਇਲਾਜ ਦਾ ਖਰਚਾ ਲੈਣਾ ਹੈ, ਤਾਂ ਉਸ ਲਈ ਅਲੱਗ ਕੇਸ ਸਿਵਲ ਰਿਟ ਪਟੀਸ਼ਨ ਪਾਉਣੀ ਪਾਊਗੀ।

14 ਨਵੰਬਰ, 2023 ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇੱਕ ਫੈਸਲਾ ਦਿੱਤਾ ਹੈ, ਜਿਸ ਮੁਤਾਬਕ ਜੇ ਕਿਸੇ ਇਨਸਾਨ ਨੂੰ ਅਵਾਰਾ ਕੁੱਤਾ ਕੱਟਦਾ ਹੈ, ਤਾਂ ਉਹ ਸਰਕਾਰ ਤੋਂ ਮੁਆਵਜ਼ਾ ਲੈਣ ਦਾ ਹੱਕਦਾਰ ਹੈ। ਮੁਆਵਜ਼ੇ ਦੀ ਰਾਸ਼ੀ ਇਸ ਤਰ੍ਹਾਂ ਤਹਿ ਕੀਤੀ ਹੈ। ਜੇ ਕੁੱਤੇ ਨੇ ਇੱਕ ਜਗ੍ਹਾ ਦੰਦ ਮਾਰੇ, ਤਾਂ ਘੱਟੋ ਘੱਟ 10000 ਰੁਪਏ ਜੇ ਇੱਕ ਤੋਂ ਜ਼ਿਆਦਾ ਜਗ੍ਹਾ ਦੰਦ ਮਾਰੇ, ਤਾਂ ਉਨ੍ਹਾਂ ਨੂੰ 10000 ਨਾਲ ਗੁਣਾ ਕਰ ਲਵੋ। ਜੇ ਕੁੱਤੇ ਦੇ ਦੰਦ 2 ਐੱਮ.ਐੱਮ. ਤੋਂ ਵੱਧ ਡੂੰਘਾਈ ਤੱਕ ਚਲੇ ਗਏ, ਤਾਂ ਰਾਸ਼ੀ 20000 ਹੋ ਜਾਵੇਗੀ। ਕੁੱਲ ਰਾਸ਼ੀ ਕਿੰਨੀ ਮਿਲਣੀ ਹੈ, ਇਹ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਧੀਨ ਬਣੀ ਇੱਕ ਕਮੇਟੀ ਡਾਕਟਰ ਦੀ ਰਿਪੋਰਟ ਦੇ ਅਧਾਰ 'ਤੇ ਤਹਿ ਕਰੇਗੀ। ਭਾਵ ਕੁੱਤੇ ਦੇ ਕੱਟੇ ਦਾ ਇਲਾਜ ਸਰਕਾਰੀ ਹਸਪਤਾਲ ਤੋਂ ਕਰਵਾਉ, ਫਿਰ ਇਹ ਸਾਰਾ ਰਿਕਾਰਡ ਲਗਾ ਕਿ ਡਿਪਟੀ ਕਮਿਸ਼ਨਰ ਦਫਤਰ ਵਿਚ ਪਹੁੰਚ ਕਰੋ। ਇਸ 'ਤੇ ਅਮਲੀ ਰੂਪ ਵਿਚ ਪ੍ਰਸ਼ਾਸਨ ਦੇ ਕੰਨ 'ਤੇ ਜੂੰ ਨਹੀਂ ਸਰਕੀ। ਕੀ ਇਨਸਾਨ ਦੀ ਜ਼ਿੰਦਗੀ ਦਾ ਮੁੱਲ ਕੁੱਝ ਹਜ਼ਾਰ ਦਾ ਮੁਆਵਜ਼ਾ ਹੈ, ਜਿਹੜਾ 1-2 ਹਜ਼ਾਰ ਮਿਊਂਸੀਪਲ ਕਮੇਟੀ ਫਤਿਹਗੜ੍ਹ ਸਾਹਿਬ ਦੇ ਰਹੀ ਹੈ।

**ਨਿਚੋੜ:-** ਲੋਕਾਂ ਨੂੰ ਰਲ ਕੇ ਆਵਾਜ਼ ਉਠਾਉਣੀ ਚਾਹੀਦੀ ਹੈ ਕਿ ਜਿਹੜੇ ਪਾਲਤੂ ਕੁੱਤੇ ਹਨ, ਉਨ੍ਹਾਂ ਨੂੰ ਮਾਲਕ ਟੱਟੀ ਲਿਫਾਫੇ ਵਿਚ ਕਰਵਾਉਣ ਅਤੇ ਜਿਹੜੇ ਅਵਾਰਾ ਹਨ, ਉਨ੍ਹਾਂ ਲਈ ਸਰਕਾਰ ਗਊਸ਼ਾਲਾ ਵਾਂਗ ਅਹਾਤੇ ਬਣਾ ਕੇ ਉਨ੍ਹਾਂ ਵਿਚ ਛੱਡ ਦੇਣ। ਜਿਹੜੀਆਂ ਸੁਸਾਇਟੀਆਂ ਇਸ ਦਾ ਵਿਰੋਧ ਕਰਦੀਆਂ ਹਨ, ਉਹ ਆਪਣੇ ਖਰਚੇ 'ਤੇ ਇਨ੍ਹਾਂ ਲਈ ਜ਼ਮੀਨ ਖਰੀਦ ਕੇ ਪਾਰਕ ਬਣਾਉਣ ਅਤੇ ਉਨ੍ਹਾਂ ਵਿਚ ਛੱਡ ਕੇ ਸੇਵਾ ਕਰਨਾ। ਜਿਹੜੇ ਕੁੱਤੇ ਦੇ ਮੂੰਹ ਨੂੰ ਇੱਕ ਵਾਰ ਇਨਸਾਨ ਦਾ ਖੂਨ ਲੱਗ ਗਿਆ, ਉਹ ਆਦਮਖੋਰ ਬਣ ਜਾਂਦਾ ਹੈ। ਮਹਿਲਾਂ ਵਿਚ ਰਹਿਣ ਵਾਲਿਆਂ ਨੂੰ ਅਤੇ ਕਾਰਾਂ ਵਿਚ ਹੀ ਘਰੋਂ ਬਾਹਰ ਨਿਕਲਣ ਵਾਲਿਆਂ ਨੂੰ ਇਸ ਗੱਲ ਦਾ ਸ਼ਾਇਦ ਹੀ ਪਤਾ ਹੋਵੇ।

# ਮਿਲੋ ਕਿੰਗ ਕ੍ਰੋਕ (ਮਗਰਮੱਛ) ਨੂੰ 'ਦ ਦੁਬਈ ਅੰਡਰਵਾਟਰ ਚਿੜਿਆਘਰ' ਅੰਦਰ

## ਟੋਰਾਂਟੋ ਤੋਂ ਦੁਬਈ ਦੂਰ


ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA




**ਦੁਬਈ ਐਕੁਏਰੀਅਮ ਦਾ ਅਲੱਗ ਹੀ ਅਨੁਭਵ:** ਪ੍ਰੋਗਰਾਮ ਮੁਤਾਬਿਕ ਅੱਜ ਦੁਬਈ ਮਾਲ ਅੰਦਰ ਸਥਿਤ 'ਦ ਦੁਬਈ ਮਾਲ' ਅੰਦਰ ਅੰਡਰਵਾਟਰ ਚਿੜਿਆਘਰ ਦਾ ਨਜ਼ਾਰਾ ਦੇਖਣ ਨੂੰ ਮਿਲਿਆ। ਇਸ 'ਚ 33,000 ਤੋਂ ਵੱਧ ਜਲਜੀ ਜਾਨਵਰਾਂ ਦੇ ਨਾਲ ਹਜ਼ਾਰਾਂ ਜਲ-ਜੀਵਾਂ ਦਾ ਘਰ ਹੈ, ਜਿਸ 'ਚ 140 ਤੋਂ ਵੱਧ ਕਿਸਮਾਂ ਹਨ। ਦੁਬਈ ਐਕੁਏਰੀਅਮ ਅਤੇ ਅੰਡਰਵਾਟਰ ਚਿੜਿਆਘਰ ਵਿਸ਼ਵ ਦੇ ਸਭ ਤੋਂ ਵੱਢੇ ਇਨਡੋਰ ਐਕੁਏਰੀਅਮ ਵਿਚੋਂ ਇੱਕ ਹੈ ਅਤੇ "ਦੁਨੀਆਂ ਦੇ ਸਭ ਤੋਂ ਵੱਡੇ ਐਕਰੀਲਿਕ ਪੈਨ" ਗਿਨੀਜ਼ ਵਰਲਡ ਰਿਕਾਰਡ ਰੱਖਦਾ ਹੈ।

- ਅੰਡਰਵਾਟਰ ਚਿੜਿਆਘਰ ਦੀ ਵਿਸ਼ੇਸ਼ਤਾ ਕਿੰਗ ਕ੍ਰੋਕ ਹੈ, ਜਿਸਦਾ ਭਾਰ 750 ਕਿਲੋਗ੍ਰਾਮ ਹੈ ਅਤੇ 5 ਮੀਟਰ ਤੋਂ ਵੱਧ ਲੰਬਾਈ ਵਾਲੇ ਮਗਰਮੱਛ ਤੋਂ ਹੈ। ਕੁਈਨਜ਼ਲੈਂਡ ਆਸਟ੍ਰੇਲੀਆ ਤੋਂ ਸੇਫ ਵਾਤਾਵਰਣ 'ਚ ਸਭ ਤੋਂ ਵੱਡੇ ਸਰੀਪ ਜਾਨਵਰਾਂ ਵਿਚੋਂ ਇੱਕ ਹੈ, ਜੋ ਹੁਣ ਦੁਬਈ ਐਕੁਏਰੀਅਮ ਅਤੇ ਅੰਡਰਵਾਟਰ ਚਿੜਿਆਘਰ 'ਚ ਦੇਖ ਸਕਦੇ ਹੋ।
- **ਸ਼ਾਰਕ ਐਨਕਾਊਂਟਰ:** ਸ਼ਾਰਕ ਦੇ ਨਾਲ ਨਜ਼ਦੀਕ ਤੇ ਗੋਤਾਖੋਰੀ ਦੇ ਪਿੰਜਰੇ 'ਚ ਸੁਰੱਖਿਅਤ ਰੂਪ ਨਾਲ ਬੰਦ, ਗੋਤਾਖੋਰ ਸ਼ਾਰਕਾਂ ਨੂੰ ਆਪਣੇ ਵੱਲ ਲੁਭਾਉਣਗੇ, ਤਾਂ ਜੋ ਤੁਸੀਂ ਇਨ੍ਹਾਂ ਸ਼ਾਨਦਾਰ ਰੇਤ ਟਾਈਗਰ ਸ਼ਾਰਕਾਂ ਨਾਲ ਆਹਮੋ-ਸਾਹਮਣੇ ਹੋਣ ਦੇ ਤਜ਼ਰਬੇ ਤੋਂ ਬਾਅਦ ਸਹੂਲਤਾਂ ਦਾ ਦੌਰਾ, ਬੇਬੀ ਸ਼ਾਰਕਾਂ ਨੂੰ ਫੀਡ ਕਰਨ ਅਤੇ ਸ਼ਾਰਕ ਪ੍ਰਜਨਨ ਬਾਰੇ ਸਿੱਖਣ ਦਾ ਮੌਕਾ ਮਿਲਦਾ ਹੈ। ਪਹਿਲੀ ਬਾਰ, ਇਸ ਨੂੰ ਹਰ ਵਿਅਕਤੀ ਲਈ ਪਹੁੰਚਯੋਗ ਬਣਾਉਣ ਲਈ ਗੋਤਾਖੋਰੀ ਦੇ ਤਜ਼ਰਬੇ ਦੀ ਲੋੜ ਨਹੀਂ ਹੈ।
- **ਪਿੰਜਰੇ ਸਨੋਰਕੇਲਿੰਗ:** 300 ਤੋਂ ਵੱਧ ਸ਼ਾਰਕ ਅਤੇ ਕਿਰਨਾਂ ਸਮੇਤ 70 ਤੋਂ ਵੱਧ ਵੱਖ-ਵੱਖ ਸਮੁੰਦਰੀ ਜਾਤੀਆਂ ਨੂੰ ਦੇਖਣ ਦਾ ਮੌਕਾ ਮਿਲਿਆ। ਜੇ ਤੁਸੀਂ ਪੂਰੀ ਤਰ੍ਹਾਂ ਗੋਤਾਖੋਰੀ ਨਹੀਂ ਕਰਨਾ ਚਾਹੁੰਦੇ, ਤਾਂ ਉਸੇ ਰੋਮਾਂਚਕ ਅਨੁਭਵ ਲਈ ਇੱਕ ਸੇਫ ਪਿੰਜਰੇ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਸ਼ਾਰਕ ਡਰਾਈਵਜ਼, ਦਸ-ਮਿਲੀਅਨ ਲਿਟਰ ਟੈਂਕ ਦੀ ਡੂੰਘਾਈ 'ਚ ਗੋਤਾਖੋਰੀ ਕਰਨ ਦਾ ਮੌਕਾ ਮਿਲਦਾ ਹੈ।
- ਪ੍ਰਮਾਣਿਤ ਅਤੇ ਗੈਰ-ਪ੍ਰਮਾਣਿਤ ਗੋਤਾਖੋਰਾਂ ਲਈ ਇੱਕ ਸਨੌਰਕਲਿੰਗ ਦਾ ਵੱਖਰਾ ਅਨੁਭਵ ਮਿਲਦਾ ਹੈ। ਸੈਂਡ ਟਾਈਗਰ ਸ਼ਾਰਕ ਦੇ ਸਭ ਤੋਂ ਵੱਡੇ ਸੰਗ੍ਰਹਿ ਦੇ ਨਾਲ ਇੱਕ ਨਿੱਜੀ ਮੁਕਾਬਲਾ।
- ਅਰਬੀ ਨਾਈਟ ਲਾਈਫ ਪ੍ਰਾਣੀਆਂ ਨੂੰ ਦੇਖਣ ਦਾ ਇੱਕ ਦੁਰਲੱਭ ਮੌਕਾ ਮਿਲਦਾ ਹੈ।
- ਜੀਵਨ ਭਰ 'ਚ ਇੱਕ ਵਾਰ ਸ਼ਾਰਕ, ਰੇ ਪੈਨਗੁਇਨ, ਓਟਰਸ ਵਗੈਰਾ ਨੂੰ ਭੋਜਨ ਦੇਣ ਦਾ ਮੌਕਾ।
- ਸ਼ਾਰਕ ਵਾਕਰ ਇੱਕ ਹੋਰ ਨਜ਼ਦੀਕੀ ਗਤੀਵਿਧੀ ਹੈ, ਜਿਸ 'ਚ ਐਕੁਏਰੀਅਮ 'ਚ ਗੋਤਾਖੋਰੀ ਦੁਆਰਾ ਸ਼ਾਰਕ, ਕਿਰਨਾਂ ਅਤੇ ਵੱਖ-ਵੱਖ ਖੂਬਸੂਰਤ ਮੱਛੀਆਂ ਨੂੰ ਦੇਖ ਸਕਦੇ ਹੋ।
- ਪੀ.ਏ.ਡੀ.ਆਈ. ਪ੍ਰਮਾਣੀਕਰਣ ਦੇ ਨਾਲ 1-2 ਦਿਨ ਸਕੂਬਾ ਡਾਈਵਿੰਗ ਦੀ ਟ੍ਰੇਨਿੰਗ ਮਿਲ ਸਕਦੀ ਹੈ।
- **ਸਕੂਬਾ ਡਾਈਵਿੰਗ ਅਤੇ ਸਪੈਸ਼ਲਿਟੀ ਡਾਈਵਜ਼:** ਸ਼ੁਰੂਆਤ ਕਰਨ ਵਾਲਿਆਂ ਲਈ 2-ਦਿਨ ਸਕੂਬਾ ਡਾਈਵਿੰਗ ਕੋਰਸ ਲਈ ਸਾਈਨ ਅੱਪ ਕਰਕੇ ਅੰਤਰਰਾਸ਼ਟਰੀ ਤੌਰ 'ਤੇ ਮਾਨਤਾ ਪ੍ਰਾਪਤ ਦੁਆਰਾ ਇੱਕ ਪ੍ਰਮਾਣਿਤ ਗੋਤਾਖੋਰ ਬਣ ਸਕਦੇ ਹੋ। ਜੇਕਰ ਪਹਿਲਾਂ ਤੋਂ ਪੀ.ਏ.ਡੀ.ਆਈ. ਪ੍ਰਮਾਣਿਤ ਗੋਤਾਖੋਰ ਹੋ, ਤਾਂ 3 ਪੇਸ਼ੇਵਰ ਪੂਰਵ-ਪ੍ਰਵਾਣਿਤ ਪੀ.ਏ.ਡੀ.ਆਈ. ਡਿਸਟਿਕਟਿਵ ਸਪੈਸ਼ਲਿਟੀ ਕੋਰਸ 'ਚ ਦਾਖਲਾ ਲੈ ਕੇ ਗੋਤਾਖਰੀ, ਸ਼ਾਰਕ ਦੀ ਸੰਭਾਲ ਅਤੇ ਪਾਣੀ ਦੇ ਹੇਠਾਂ ਫੋਟੋਗ੍ਰਾਫੀ ਅਤੇ ਸ਼ਾਰਕ ਫੀਡਿੰਗ ਵਗੈਰਾ ਸ਼ਾਮਲ ਹਨ। ਪੀ.ਏ.ਡੀ.ਆਈ. ਸਰਟੀਫਾਈਡ ਨੂੰ ਮਾਸਟਰ ਸਕੂਬਾ ਦੇ ਤੌਰ 'ਤੇ ਜਾਣਿਆ ਜਾਂਦਾ ਹੈ।
- ਯੂ.ਏ.ਈ. ਦੇ ਨਾਈਟ ਕ੍ਰੀਚਰਸ 'ਚ ਕਈ ਕਿਸਮ ਦੇ ਜਾਨਵਰ, ਜੋ ਵਾੜੀਆਂ, ਪਥਰੀਲੇ ਪਹਾੜਾਂ ਅਤੇ ਰੇਤ ਦੇ ਟਿੱਬਿਆਂ ਦੇ ਮਾਰੂਥਲ ਵਾਤਾਵਰਣ 'ਚ ਪ੍ਰਫੁੱਲਤ ਹੁੰਦੇ ਹਨ। ਅਰਬੀ ਟੌਡਸ, ਫਲਾਂ ਦੇ ਚਮਗਿੱਦੜ, ਵਿਸ਼ਾਲ ਊਠ ਮੱਕੜੀ, ਬਿੱਛੂ ਅਤੇ ਹੇਜਹੌਗਸ ਤੋਂ ਲੈ ਕੇ ਪਰਦੇ ਵਾਲੇ ਗਿਰਗਿਟ, ਡੱਡੂ, ਆਈਗੀਕੋਜ਼, ਸਜਾਵਟੀ ਸਪਾਈਨੀ ਟੇਲ ਲਿਜ਼ਰਡਸ ਅਤੇ ਚੀਸਮੈਨ ਗਰਬਿਲਜ਼ ਨੂੰ ਦੇਖ ਕੇ ਨਜ਼ਾਰਾ ਲੈ ਸਕਦੇ ਹੋ।
- ਘਲਾਸ-ਬੌਟਮ ਰਾਈਡਜ਼-ਦੁਬਈ ਐਕੁਏਰੀਅਮ ਅਤੇ ਅੰਡਰਵਾਟਰ ਚਿੜਿਆਘਰ ਅੰਦਰ ਗਲਾਸਬੌਟਮ ਬੋਟ ਰਾਈਡਜ਼ ਦੁਆਰਾ ਐਕੁਏਰੀਅਮ ਦੇ ਸ਼ਾਨਦਾਰ ਦ੍ਰਿਸ਼ ਦਾ ਨਜ਼ਾਰਾ ਲੈ ਸਕਦੇ ਹੋ।
- **ਵਰਜ਼ੂ:** ਇੱਕ ਨਿਵੇਕਲਾ ਅਨੁਭਵ ਪੂਰੀ ਤਰ੍ਹਾਂ ਇਮਰਸਿਵ ਵੀਆਰ ਰਾਹੀਂ ਯੂਗਾਂਡਾ ਦੇ ਗੋਰੀਲਾ, ਮਾਲਦੀਵ 'ਚ ਵੇਲ ਸ਼ਾਰਕ ਅਤੇ ਦੱਖਣੀ ਅਫਰੀਕਾ 'ਚ ਹਾਥੀਆਂ ਵਰਗੀਆਂ ਕੁਦਰਤੀ ਨਿਵਾਸ ਸਥਾਨਾਂ 'ਚ ਖਤਰੇ 'ਚ ਰਹਿਣ ਵਾਲੀਆਂ ਜਾਤੀਆਂ ਨਾਲ ਨਜ਼ਦੀਕੀ ਮੁਲਾਕਾਤ ਕਰਕੇ ਅਨੰਦ ਲਵੋ।
- ਵਿਸ਼ਾਲ ਪੈਸੀਫਿਕ ਆਕਟੋਪਸ ਕੋਲ ਦੁਬਈ ਐਕੁਏਰੀਅਮ 'ਚ ਤੈਰਾਕੀ ਕਰਨ ਲਈ ਕਾਫੀ ਥਾਂ ਹੋ ਸਕਦੀ ਹੈ, ਪਰ ਤੁਹਾਨੂੰ ਹੋਰ ਰੰਗੀਨ ਸਮੁੰਦਰੀ ਜੀਵਨ ਦੇ ਵਿਚਕਾਰ ਇਸ ਨੂੰ ਲੱਭਣ ਲਈ ਆਪਣੀਆਂ ਅੱਖਾਂ ਨੂੰ ਦਬਾਉਣ ਦੀ ਲੋੜ ਹੋ ਸਕਦੀ ਹੈ। ਹਾਲਾਂਕਿ ਇਹ ਲੰਬਾਈ 'ਚ 4.3 ਮੀਟਰ ਤੱਕ ਵੱਧ ਸਕਦਾ ਹੈ। ਇਹ ਹੱਡੀ ਰਹਿਤ ਪ੍ਰਾਣੀ ਆਪਣੇ ਆਪ ਨੂੰ ਵਿਸ਼ਾਲ ਟੈਂਕ 'ਚ ਲਗਭਗ ਕਿਸੇ ਵੀ ਦਰਾਰ 'ਚ ਸਲਾਟ ਕਰ ਸਕਦਾ ਹੈ। ਇਸ ਨੂੰ ਲੱਭਣਾ ਹੋਰ ਵੀ ਔਖਾ ਬਣਾਉਣਾ ਇਹ ਤੱਥ ਹੈ ਕਿ ਇਹ ਇੱਕ ਸਕਿੰਟ ਦੇ ਸਿਰਫ ਦਸਵੇਂ ਹਿੱਸੇ 'ਚ ਆਪਣਾ ਰੰਗ ਬਦਲ ਸਕਦਾ ਹੈ। ਤੇਜ਼ ਅਤੇ ਪ੍ਰਭਾਵੀ ਛਲਾਵਾ ਜੋ ਤੁਹਾਡੀ ਨਜ਼ਰ 'ਤੇ ਸਵਾਲ ਉਠਾ ਸਕਦਾ ਹੈ।
- ਜੇ ਡਰਾਉਣੇ ਕ੍ਰੋਲੀਜ਼ ਬਾਰੇ ਗੱਲ ਕਰੀਏ, ਤਾਂ ਦੁਨੀਆਂ ਦੇ ਸਭ ਤੋਂ ਵੱਡੇ ਕ੍ਰਸਟੇਸ਼ੀਅਨ, ਵਿਸ਼ਾਲ ਮੱਕੜੀ ਦੇ ਕੇਕੜੇ ਆਪਣੀਆਂ ਲੱਤਾਂ ਨੂੰ ਫੈਲਾ ਕੇ ਲਗਭਗ ਚਾਰ ਮੀਟਰ ਲੰਬੇ ਹੋ ਸਕਦੇ ਹਨ। ਉਨ੍ਹਾਂ ਨੂੰ ਦੁਬਈ ਐਕੁਏਰੀਅਮ ਵਿਖੇ ਚੱਟਾਨ ਦੀਆਂ ਚੱਟਾਨਾਂ ਦੇ ਨਾਲ ਸਟਿਲਟ-ਵਾਕਰਾਂ ਵਾਂਗ ਘੁੰਮਦੇ ਦੇਖ ਸਕਦੇ ਹੋ, ਜਿੱਥੇ ਉਹ ਆਪਣੇ ਸਾਥੀ ਸਮੁੰਦਰੀ ਦੋਸਤਾਂ ਨਾਲ ਇਕਰੁਸਤਾ 'ਚ ਰਹਿੰਦੇ ਹਨ। ਹਾਲਾਂਕਿ ਇਨ੍ਹਾਂ ਰਹੱਸਮਈ, ਲੰਬੇ ਪੈਰਾਂ ਵਾਲੇ ਪ੍ਰਾਣੀਆਂ ਬਾਰੇ ਬਹੁਤ ਘੱਟ ਜਾਣਿਆ ਜਾਂਦਾ ਹੈ।। ਪਰ ਅਸੀਂ ਜਾਣਦੇ ਹਾਂ ਕਿ ਉਹ ਲਗਭਗ 100 ਸਾਲ ਤੱਕ ਜਿੰਦਾ ਰਹਿ ਸਕਦੇ ਹਨ।
- ਚਿੜਿਆਘਰ ਅੰਦਰ ਓਟਰਸ ਨਿਸ਼ਚਿਤ ਤੌਰ 'ਤੇ ਦੁਬਈ ਮਾਲ ਵਿਖੇ ਦੇਖਣ ਲਈ ਇੱਕ ਡਬਲਯੂ-ਪ੍ਰੇਰਿਤ ਜਲ-ਜੰਤੂ ਹਨ। ਉਨ੍ਹਾਂ ਕੋਲ ਸਭ ਤੋਂ ਸੰਘਣੀ ਫਰ ਹੁੰਦੀ ਹੈ। ਉਹ ਤੈਰਣ ਤੋਂ ਬਚਣ ਲਈ ਆਪਣੀ ਨੀਂਦ 'ਚ ਆਪਣੇ ਪੈਰਾਂ ਨੂੰ ਹੋਰ ਸਮੁੰਦਰੀ ਓਟਰਾਂ ਨਾਲ ਉਲਝਾਉਂਦੇ ਹਨ। ਅੰਡਰਵਾਟਰ ਚਿੜਿਆਘਰ 'ਚ ਪ੍ਰਸਿੱਧ ਓਟਰ, ਚੰਚਲ ਪ੍ਰਾਣੀਆਂ ਦਾ ਐਨਕਾਊਂਟਰ ਦੇਖਣ ਨੂੰ ਮਿਲ ਸਕਦਾ ਹੈ। ਇਨ੍ਹਾਂ ਦੇ ਕੇਅਰ ਟੇਕਰਾਂ-ਨਾਲ ਭੋਜਨ ਦੇ ਨਾਲ-ਨਾਲ ਟ੍ਰੀਟ ਦਿੰਦੇ ਹੋਏ ਨਜ਼ਾਰਾ ਦੇਖ ਸਕਦੇ ਹੋ।













## ਬੁੱਕਲ ਦੇ ਸੱਪ

ਆਪਣੇ ਦੰਦ ਹੀ ਆਪਣੀ ਜੀਭ ਨੂੰ ਵੱਢਦੇ ਨੇ
ਜਾਨ ਜਾਨ ਜੋ ਕਹਿੰਦੇ, ਜਾਨਾਂ ਕੱਢਦੇ ਨੇ

ਹੱਥੀਂ ਪਾਲੇ ਸੱਪ, ਹੱਥਾਂ ਨੂੰ ਡੱਸ ਜਾਂਦੇ
ਆਪਣੀ ਅੱਖ ਦੇ ਵਾਲ, ਅੱਖਾਂ ਵਿਚ ਵੱਜਦੇ ਨੇ

ਜਿਹੜੇ ਚਿਰ ਤੋਂ, ਅੱਖੀਆਂ ਦੇ ਵਿਚ ਵੱਸਦੇ ਨੇ
ਓਹੀ ਚੰਦਰੇ ਅੱਖ 'ਚੋਂ ਹੰਝੂ ਕੱਢਦੇ ਨੇ

ਦੂਰੋਂ ਹੋਵੇ ਵਾਰ ਤਾਂ ਬੰਦਾ ਝੱਲ ਜਾਂਦਾ
ਜਿਹੜੇ ਹੁੰਦੇ ਨੇੜੇ, ਓਹੀ ਵੱਢਦੇ ਨੇ

ਜਿਨ੍ਹਾਂ ਵਾਸਤੇ ਬੰਦਾ ਭੱਜੀ ਫਿਰਦਾ ਏ
ਓਹੀ ਆਖਰ ਮਿੱਟੀ ਦੇ ਵਿਚ, ਦੱਬਦੇ ਨੇ

ਜਦੋਂ ਗੰਡਾਸੇ ਘੇਰਨ ਵਿਚ ਮੈਦਾਨਾਂ ਦੇ
ਜੱਫੀਆਂ ਪਾਵਣ ਵਾਲੇ, ਅਕਸਰ ਭੱਜਦੇ ਨੇ

ਡਾਣਸੀਵਾਲੀਆ ਬੱਚਕੇ ਉਨ੍ਹਾਂ ਫਰੈਂਡਾਂ ਤੋਂ
ਜਿਹੜੇ ਦੇਖ ਤਰੱਕੀ, ਦੰਦੀਆਂ ਚੱਬਦੇ ਨੇ



ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ,
ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

## ਡੌਨਲਡ ਡੰਕਾ

ਡੌਨਲਡ ਦਾ ਡੰਕਾ ਗੂੰਜ ਗਿਆ, ਹੈ ਸਾਰੇ ਪਾਸੇ,
ਸਹੇੜੇਗਾ ਇਹ ਲੋਕਾਂ ਲਈ, ਹੁਣ ਨਵੇਂ ਸਿਆਪੇ।

ਡੌਨਲਡ ਦੀ ਹੁਣ ਡੌਲਰ 'ਤੇ, ਹੋ ਗਈ ਸਰਦਾਰੀ,
ਡੋਲ ਜਾਵੇਗੀ ਦੁਨੀਆਂ ਦੀ, ਹੁਣ ਮਾਇਆ ਸਾਰੀ।

ਗਰਮ ਖਿਆਲੀ ਮੁਜਰਮ, ਮਾਰਦੇ ਨਾਹਰੇ ਮੱਘੇ,
ਆਜ਼ਾਦ ਹੋ ਕੇ ਉਹ ਆਕੜ ਗਏ, ਹੁਣ ਸ਼ਰੀਫਾਂ ਅੱਗੇ।

ਹਿੰਮਤ ਨਹੀਂ ਹੁਣ ਕਿਸੇ ਦੀ, ਜੋ ਗੱਲ ਨਾ ਮੰਨੇ,
ਲੀਡਰ ਦੁਨੀਆਂ ਦੇ ਕੰਬਦੇ, ਕਈ ਮੰਨੇ ਪ੍ਰਮੰਨੇ।

ਸੁਪਨੇ ਪਸਤ ਸਭ ਹੋ ਗਏ, ਸ਼ਰਨਾਰਥੀਆਂ ਦੇ,
ਰਸਤੇ ਸੀਲ ਨੇ ਹੁਣ ਜਾਅਲੀ, ਵਿਦਿਆਰਥੀਆਂ ਦੇ।

ਸਰਹੱਦਾਂ ਉੱਤੇ ਹਾਹਾਕਾਰ, ਹੈ ਸਾਰੇ ਪਾਸੇ,
ਮਾਰ ਦੁਹੱਥੜ ਕਰਨ ਡੰਕੀ, ਟਰੰਪ ਦੇ ਸਿਆਪੇ।

ਕਾਹਲੀ ਦੇ ਵਿਚ ਪੈਦਾ, ਹੋ ਗਏ ਹਜ਼ਾਰਾਂ ਬੱਚੇ,
ਨਹੀਂ ਯਕੀਨ ਕਿਸੇ ਨੂੰ, ਟਰੰਪ ਕੱਢੇ ਜਾਂ ਰੱਖੇ।

ਮੰਗਲ ਗ੍ਰਹਿ 'ਤੇ ਝੁੱਲੇਗਾ, ਅਮਰੀਕਾ ਦਾ ਝੰਡਾ,
ਅਮਰੀਕਾ ਸਾਰਾ ਹੋ ਜਾਵੇਗਾ, ਹੁਣ ਸੋਨੇ ਰੰਗਾ।

ਡੌਨਲਡ ਟਰੰਪ ਚਲਾਵੇਗਾ, ਹੁਣ ਆਪਣਾ ਸਿੱਕਾ,
ਢਾਵੇਗਾ ਉਹ ਜ਼ੋਰ ਨਾਲ, ਆਪਣਾ ਹਰ ਅੜਿੱਕਾ।

ਮਸਕ ਵੀ ਆਪਣੀ ਚਾਲ ਚੱਲ ਗਿਆ, ਲਾ ਕੇ ਮਸਕਾ,
ਅਮੀਰ ਹੋਰ ਹੋ ਗਿਆ ਦੁੱਗਣਾ, ਕਰਕੇ ਸੌਦਾ ਸਸਤਾ।



-ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ.ਕੇ.

ਪੰਜਾਬ ਮੇਲ USA

## ਲਉ ਫਿਰ ਬਸੰਤ ਆਈ

ਆਈ ਬਸੰਤ ਕਹਿੰਦੇ ਪਾਲ਼ਾ ਉਡੰਤ,
ਕੋਹਰੇ ਤੋਂ ਤੰਗ ਸੀ ਸਾਰੇ ਜੀਅ ਜੰਤ।
ਦਸਤਕ ਰੁੱਤ ਮਸਤਾਨੀ ਦੀ ਆਈ,
ਛਟੀ ਠੰਢ ਫਸਲਾਂ ਲੈਣ ਅੰਗੜਾਈ।

ਚਾਰੇ ਪਾਸੇ ਖੇਤਾਂ ਵਿਚ ਰੰਗ ਬਸੰਤੀ,
ਕੁਦਰਤ ਦੀ ਖੇਡ ਅਗੰਮੀ ਅਨੰਤੀ।
ਸਰ੍ਹੋਂ, ਤਾਰਾਮੀਰਾ, ਹਾਲੋਂ ਤੇ ਅਲਸੀ,
ਬੂਰ ਪਏ ਕਣਕੇ ਰਾਤ ਲੱਗੇ ਤੱਲਖੀ।

ਪਾਲ਼ੇ ਦੀ ਮਾਰੀ ਬਨਸਪਤੀ ਜੋ ਸੁੱਤੀ,
ਮੌਲੀਆਂ ਗੱਠਾਂ ਲੈ ਫੁੱਲ ਪੱਤੇ ਉੱਠੀ।
ਬੂਟੇ ਤੇ ਡੋਡੀਆਂ ਦੇ ਸ਼ਗੂਫ਼ੇ ਨੇ ਫੁੱਟਦੇ,
ਤਿਤਲੀ ਭੰਵਰੇ ਕਿੰਝ ਮੌਜਾਂ ਨੇ ਲੁੱਟਦੇ।

ਚੁਫ਼ੇਰੇ ਮਹਿਕੇਗੀ ਹੁਣ ਖੁਸ਼ਬੋਈ,
ਭੰਵਰੇ ਦੀ ਭੀਂ ਭੀਂ ਬੱਸ ਸ਼ੁਰੂ ਹੋਈ।
ਬੋਲਣੇ ਪੈਲੀਆਂ 'ਚ ਤਿੱਤਰ ਬਟੇਰੇ,
ਬੰਨ੍ਹ ਜਾਲ਼ ਸ਼ਿਕਾਰੀ ਲਾਉਣੇ ਡੇਰੇ।

ਚਿੜੀਆਂ ਚੀਂ ਚੀਂ ਘੁੱਗੀਆਂ ਘੂੰ ਘੂੰ,
ਤੋਤੇ ਦੀ ਟੈਂ ਟੈਂ ਕਬੂਤਰ ਦੀ ਗੁਟਰਗੂੰ।
ਪੰਛੀਆਂ ਦੇ ਸੰਤਾਨ ਵਾਧੇ ਦਾ ਮੌਸਮ,
ਰੰਗਲੇ ਫੁੱਲ ਤੋਂ ਬੀਜ ਬਣਾਂਦੈ ਮੌਸਮ।

ਖੁਸ਼ੀਆਂ ਖੇੜਿਆਂ 'ਚ ਗਾਵੇ ਧਰਤੀ,
ਰਸਭਿੰਨੇ ਫਲ਼ ਰੁੱਤੇ ਉਗਾਵੇ ਧਰਤੀ।
ਸ਼ਹੀਦ ਦੀ ਚਾਹਤ ਦੇ ਰੰਗ ਬਸੰਤੀ,
ਭਗਤ, ਸੁਖ, ਰਾਜ ਦਾ ਅੰਗ ਬਸੰਤੀ।

ਨਿੱਘੀ ਹੋਵੇ ਧੁੱਪ ਪਰ ਰਾਤਾਂ ਠੰਢੀਆਂ,
ਬਸੰਤ ਨੇ ਪਿਆਰ ਸੁਗਾਤਾਂ ਵੰਡੀਆਂ।
ਗੱਭਰੂ ਪਏ ਨੇ ਡੰਡ ਬੈਠਕਾਂ ਕੱਢਦੇ,
ਦੌੜਾਂ ਲਾ ਇੱਕ ਦੂਜੇ ਨੂੰ ਪਿੱਛੇ ਛੱਡਦੇ।

ਸਾਗ, ਗਾਜਰਾਂ, ਗੋਂਗਲੂ ਨਿੱਤ ਖਾਊ
ਘਿਉ, ਦੁੱਧ, ਪਿੰਨੀਆਂ ਸਿਹਤ ਬਣਾਊ।
ਹਰ ਘਰ ਖੁਸ਼ੀਆਂ ਲਿਆਵੇ ਬਸੰਤ,
ਹਰਿੱਕ ਦੇ ਤਨ-ਮਨ ਨੂੰ ਭਾਵੇ ਬਸੰਤ!



ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

## ਮੇਰੇ ਹਮਦਮ ਮੇਰੇ ਦੋਸਤ

ਤੁਰ ਗਏ ਫਕੀਰ ਕਹਿ ਕੇ ਦੁਨੀਆਂ ਵਜਾਈ ਵੱਜਦੀ,
ਦੇਖਦੇ ਹੀ ਦੇਖਦੇ ਬੀਤ ਗਏ ਇੰਝ ਉਮਰਾਂ ਦੇ ਸਾਲ।

ਜ਼ਿੰਦਗੀ ਦੇ ਰਾਹ ਚਲਦਿਆਂ ਮਿਲੇ ਬਹੁਤ ਅਜਨਬੀ,
ਕਾਫ਼ਲੇ ਲੰਘ ਗਏ ਪਰ ਕੌਣ ਖੜ੍ਹਦਾ ਕਿਸੇ ਦੇ ਨਾਲ਼।

ਖੁਸ਼ਕਿਸਮਤੀ ਮੇਰੀ ਹੈ ਕਿ ਸਾਥ ਤੇਰਾ ਮਿਲ ਗਿਆ,
ਖੁਸ਼ੀ ਗਮੀ ਦਾ ਸਾਥ ਚੱਲਦਾ ਹੈ ਜ਼ਿੰਦਗੀ ਦੇ ਨਾਲ।

ਧੰਨਵਾਦ ਤੇਰਾ ਦੋਸਤਾ ਨਿਭ ਰਿਹਾ ਤੂੰ ਸਮੇਂ ਦੇ ਨਾਲ਼,
ਵਰਨਾ ਖੁਦਗਰਜ਼ ਦੁਨੀਆਂ ਨ ਪੁੱਛੇ ਕਿਸੇ ਦਾ ਹਾਲ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

## ਆਓ ਇਕ ਨਵੀਂ ਦੁਨੀਆਂ ਸਿਰਜੀਏ ਦੋਸਤੋ

ਆਓ! ਇਕ ਨਵੀਂ ਦੁਨੀਆਂ ਸਿਰਜੀਏ ਦੋਸਤੋ
ਇਸ ਦੁਨੀਆਂ ਵਿਚੋਂ
ਘ੍ਰਿਣਾ, ਅਹੰਕਾਰ, ਈਰਖਾ, ਭ੍ਰਿਸ਼ਟਾਚਾਰ,
ਖੁਦਗਰਜ਼ੀ ਤੇ ਗਰੀਬੀ ਭਜਾਈਏ ਦੋਸਤੋ
ਚਿਰਾਂ ਤੋਂ ਸੰਸਾਰ ਵਿਚ ਛਾਈ ਹੋਈ
ਸਾਮਰਾਜਵਾਦੀ, ਬੇਇਨਸਾਫੀ, ਧੱਕੇਸ਼ਾਹੀ,
ਪੱਖਪਾਤ ਤੇ ਅਨੈਤਿਕਤਾ ਦੀ
ਸੋਚ ਨੂੰ ਭਜਾਈਏ ਦੋਸਤੋ
ਐਸਾ ਸਮਾਜ ਸਿਰਜੀਏ ਦੋਸਤੋ
ਜਿਸ ਵਿਚ ਬਰਾਬਰਤਾ, ਸੁਤੰਤਰਤਾ,
ਇਨਸਾਫ, ਭਾਈਚਾਰਕ ਸਾਂਝ ਪ੍ਰਾਪਤ ਹੋਵੇ ਦੋਸਤੋ
ਅਜਿਹਾ ਸਮਾਜ ਜਿਸ ਵਿਚ
ਹਰ ਇਕ ਨੂੰ ਕੁੱਲੀ, ਗੁੱਲੀ, ਜੁੱਲੀ ਪ੍ਰਾਪਤ ਹੋਵੇ,
ਦੋਸਤੋ
ਹਰ ਇਕ ਦੀ ਜਾਨ, ਮਾਲ ਤੇ ਇੱਜ਼ਤ
ਸੁਰੱਖਿਅਤ ਹੋਵੇ ਦੋਸਤੋ,
ਮਨੁੱਖਤਾ ਦਾ ਖ਼ੂਨ ਚੂਸਣ ਵਾਲੇ ਅਫਸਰਾਂ
ਤੇ ਭ੍ਰਿਸ਼ਟ ਰਾਜਨੀਤਿਕਾਂ ਨੂੰ ਭਜਾਈਏ ਦੋਸਤੋ
ਇਸ ਦੇ ਲਈ ਸੰਘਰਸ਼ ਛੇੜੋ
ਐ ਨੌਜਵਾਨ ਦੋਸਤੋ
ਕੁਰਬਾਨੀਆਂ ਅਤੇ ਸੰਘਰਸ਼ਾਂ ਤੋਂ ਬਿਨਾਂ
ਕਦੀ ਆਉਂਦੇ ਨਹੀਂ ਇਨਕਲਾਬ
ਇਸ ਗੱਲ ਦਾ ਇਤਿਹਾਸ ਗਵਾਹ ਹੈ
ਜਦੋਂ ਵੀ ਇਨਕਲਾਬ ਆਏ,
ਤਾਂ ਕੁਰਬਾਨੀਆਂ ਅਤੇ ਸੰਘਰਸ਼ਾਂ ਨਾਲ ਹੀ
ਆਏ।



ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955

ਪੰਜਾਬ ਮੇਲ USA

## ਸਕੇ ਭਾਈ

ਕਿਤੇ ਧੁੱਪਾਂ ਕਿਤੇ ਛਾਵਾਂ ਹੁੰਦੀਆਂ।
ਸਕੇ ਭਾਈ ਤਾਂ ਬਾਹਵਾਂ ਹੁੰਦੀਆਂ।

ਘਰ ਉਹ ਭਾਗਾਂ ਵਾਲੇ ਹੁੰਦੇ,
ਜਿਨ੍ਹਾਂ ਘਰਾਂ ਵਿਚ ਮਾਵਾਂ ਹੁੰਦੀਆਂ।

ਸਤ-ਸੰਤੋਖ ਦਾ ਜਿੱਥੇ ਪਹਿਰਾ,
ਉੱਥੇ ਨਾ ਇੱਲ-ਬਲਾਵਾਂ ਹੁੰਦੀਆਂ।

ਜਿੱਥੇ ਜੰਮਣ ਪਵਿੱਤਰ ਰੂਹਾਂ,
ਪੂਜਣਯੋਗ ਉਹ ਥਾਵਾਂ ਹੁੰਦੀਆਂ।

ਬੰਦਾ ਮੁਸ਼ਕਿਲ ਵਿਚ ਫਸ ਜਾਂਦਾ,
ਵੱਡੀਆਂ ਜਦੋਂ ਇੱਛਾਵਾਂ ਹੁੰਦੀਆਂ।

ਵਾਲ਼ ਨਾ ਵਿੰਗਾ ਉਸਦਾ ਹੋਵੇ,
ਜਿਸਦੇ ਲਈ ਦੁਆਵਾਂ ਹੁੰਦੀਆਂ।

ਬਹੁਤੇ ਥਾਵੀਂ 'ਨਾਗਰਾ' ਅੱਜਕੱਲ੍ਹ,
ਤੇਰੀਆਂ ਹੀ ਚਰਚਾਵਾਂ ਹੁੰਦੀਆਂ।



-ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀਆ'
ਯੂਬਾ ਸਿਟੀ, ਕੈਲੀਫੋਰਨੀਆ
(ਅਮਰੀਕਾ)
ਫੋਨ: +1-360-448-1989

ਪੰਜਾਬ ਮੇਲ USA

## ਆਈ ਬਸੰਤ ਪਾਲਾ ਉਡੰਤ

ਆਈ ਬਸੰਤ ਪਾਲਾ ਉਡੰਤ ਕਹਿੰਦੇ ਸੱਚ ਸਿਆਣੇ।
ਨਵਿਆਂ ਦੀ ਰੁੱਤ ਨਵੀਂ ਹੈ ਆਈ ਝੜ ਗਏ ਪੱਤ ਪੁਰਾਣੇ।
ਪੱਤਝੜ ਲੰਘੀ ਧਰਤੀ ਉੱਤੇ ਛਾ ਗਈ ਏ ਹਰਿਆਲੀ
ਪੰਛੀ ਨੇ ਅੱਜ ਚਹਿ-ਚਹਾਉਂਦੇ ਬੈਠ ਰੁੱਖਾਂ ਦੀ ਡਾਲੀ
ਚਿੜੀਆਂ ਘੁੱਗੀਆਂ ਤੋਤਿਆਂ ਦੇ ਨਾਲ ਭਰੇ ਰੁੱਖਾਂ ਦੇ ਡਾਹਣੇ।
ਆਈ ਬਸੰਤ ਪਾਲਾ ਉਡੰਤ --------।

ਭਾਂਤ ਭਾਂਤ ਦੇ ਫੁੱਲਾਂ ਨੇ ਅੱਜ ਮਹਿਕਾਂ ਬਹੁਤ ਖਿੰਡਾਈਆਂ
ਰੰਗ ਬਰੰਗੀਆਂ ਤਿਤਲੀਆਂ ਤਾਹੀਓਂ ਮਹਿਕ ਲੈਣ ਨੇ ਆਈਆਂ
ਭੌਰਿਆਂ ਭੀਂ ਭੀਂ ਕਰਕੇ ਫੁੱਲਾਂ ਉੱਤੇ ਚੱਕਰ ਲਾਣੇ।
ਆਈ ਬਸੰਤ ਪਾਲਾ ਉਡੰਤ -------।

ਖ਼ੇਤਾਂ ਦੇ ਵਿਚ ਅੱਜ ਸਰੋਂ ਨੇ ਫੁੱਲ ਬਸੰਤੀ ਕੱਢੇ
ਬਸੰਤੀ ਰੰਗ ਦੀਆਂ ਪੱਗਾਂ ਬੰਨ੍ਹਕੇ ਜੋੜੇ ਕਿਸਾਨਾਂ ਗੱਡੇ
ਏਸ ਰੁੱਤ ਦਾ ਹਰ ਕੋਈ ਵੇਖੋ ਅਨੰਦ ਪਿਆ ਅੱਜ ਮਾਣੇ।
ਆਈ ਬਸੰਤ ਪਾਲਾ ਉਡੰਤ ---------।

ਘਰ ਦੀਆਂ ਛੱਤਾਂ ਉੱਤੇ ਚੜ੍ਹਕੇ ਬੱਚੇ ਪਤੰਗ ਚੜ੍ਹਾਉਂਦੇ
ਹੱਥ 'ਚੋਂ ਡੋਰਾਂ ਢਿੱਲੀਆਂ ਛੱਡਕੇ ਕਾਟੀ ਵੇਖੋ ਪਾਉਂਦੇ
ਚਾਈਨਾ ਡੋਰ ਦੇ ਨਾਲ ਨਹੀਂ ਕਹਿੰਦੇ ਅਸੀਂ ਪਤੰਗ ਚੜ੍ਹਾਣੇ।
ਆਈ ਬਸੰਤ ਪਾਲਾ ਉਡੰਤ --------।

ਰਾਗੀ ਸਿੰਘ ਵੀ ਗੁਰੂ ਘਰਾਂ ਵਿਚ ਰਾਗ ਬਸੰਤ ਨੇ ਗਾਉਂਦੇ
ਤਬਲਾ ਵਾਦਕ ਤਬਲੇ ਉੱਤੇ ਅੱਜ ਤਿੰਨ ਤਾਲ ਵਜਾਉਂਦੇ
"ਭੱਠਲਾਂ ਪਿੰਡ ਮਲਕੀਤ ਗਿੱਲ" ਨੇ ਲਿਖੇ ਬਸੰਤ ਦੇ ਗਾਣੇ।
ਆਈ ਬਸੰਤ ਪਾਲਾ ਉਡੰਤ ਕਹਿੰਦੇ ਸੱਚ ਸਿਆਣੇ।



-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943

ਪੰਜਾਬ ਮੇਲ USA

## ਚਿੱਟੇ ਦਾ ਸ਼ਿਕਾਰ

ਪਹਿਲਾਂ ਸੋਕਿਆਂ ਨੇ ਝਾੜ ਸੁਕਾਇਆ ਸੀ,
ਤੇ ਹੁਣ ਹੜ੍ਹਾਂ ਨੇ ਵੀ ਕਹਿਰ ਮਚਾਇਆ ਸੀ।
ਜਦੋਂ ਰੱਬ ਨੇ ਹੀ ਫੜੀ ਨਹੀਂਓਂ ਬਾਂਹ, ਕਿ ਮਨਾਂ ਉਤੇ ਭਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਜਾਂਦੀ ਉਮਰ ਸੀ ਨੌਕਰੀ ਦੀ ਲੰਘਦੀ,
ਜ਼ਿੰਮੇਵਾਰੀ ਜਿੰਦ ਸੂਲੀ ਉੱਤੇ ਟੰਗਦੀ।
ਪੜ੍ਹ ਲਿਖ ਕੇ ਵੀ ਦੇਖੋ ਮੁੰਡਾ ਜੱਟਾਂ ਦਾ, ਕਿ ਬੇਰੁਜ਼ਗਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਕਦੇ ਟੁੱਟੀ ਨਹੀਂ ਸੀ ਕਰੀਜ਼, ਚਿੱਟੇ ਕੁੜਤੇ ਪਜਾਮੇ ਦੀ।
ਬੈਂਕ ਵਾਲੇ ਲੈ ਗਏ ਅੱਜ, ਚਾਬੀ ਉਹਦੇ ਯਾਹਮੇ ਦੀ।
ਗਿਆ ਕਰਜ਼ੇ ਦੇ ਭਾਰ ਹੇਠਾਂ ਦੱਬਦਾ, ਕਿ ਜ਼ਿੰਦਗੀ ਤੋਂ ਹਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਇੱਕ ਦਿਨ ਉਹ ਵੀ ਮਾਰ ਗਈ ਉਡਾਰੀ ਸੀ,
ਜੀਹਨੂੰ ਚੜ੍ਹੀ ਰਹਿੰਦੀ ਸਦਾ ਇਸ਼ਕ ਖੁਮਾਰੀ ਸੀ।
ਸ਼ਰੀਕਾਂ ਨੇ ਜੋ ਪਿੱਠ ਪਿੱਛੇ ਕੀਤਾ ਸੀ, ਕਿ ਉੱਪਰੋਂ ਉਹ ਵਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਕੁਆਰੀ ਭੈਣ ਦੇ ਸੀ ਧੌਲੇ ਹੁਣ ਆ ਗਏ,
ਲਿਸਟ ਦਾਜ ਵਾਲੀ ਸਹੁਰੇ ਸੀ ਫੜਾ ਗਏ।
ਬਚੀ ਕਿਰਨ ਉਮੀਦ ਵਾਲੀ ਕੋਈ ਨਾ, ਕਿ ਮੌਤ ਦਾ ਵਪਾਰ ਹੋ ਗਿਆ,
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਨਿੱਤ ਹੋਈ ਜਾਂਦਾ ਆਪਣੇ ਤੋਂ ਦੂਰ ਸੀ,
ਬੁੱਢੇ ਮਾਂ ਬਾਪ ਬੈਠੇ ਮਜਬੂਰ ਸੀ।
ਆਖਿਰ ਚੁੱਕ ਲਿਆ ਸਟੈਪ ਉਹਨੇ ਆਖਰੀ, ਕਿ ਖੁਦ ਕਿੱਸਾਕਾਰ ਹੋ
ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।
ਚਿੱਟੇ ਨਰਮੇ ਦੀ ਖੇਤੀ ਸੀ ਉਹ ਕਰਦਾ, ਕਿ ਚਿੱਟੇ ਦਾ ਸ਼ਿਕਾਰ ਹੋ ਗਿਆ।



-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬ: 98889-40211

ਪੰਜਾਬ ਮੇਲ USA



RE/MAX
RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



**FOR SALE & PURCHASE OF ANY KIND OF PROPERTY**

**ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।**

**Gurjatinder S. Randhawa**

**916-320-9444**

Gurjatinder S. Randhawa
REALTOR CA DRE licence # 01490567

web: www.RealtorRandhawa.com

garysingh123@yahoo.com